# ਮੇਰੇ ਅਪਣੇ

# ਮੇਰੇ ਅਪਣੇ

(ਵਾਰਤਕ)

ਸੁਖਦੇਵ ਸਿੱਧੂ

**ਹੋਰ ਲਿਖਤਾਂ:-**

| | |
|---|---|
| ਸ਼ਹੀਦ ਊਧਮ ਸਿੰਘ (ਦਸਤਾਵੇਜ਼) | 2001 |
| ਸਿੱਖ ਤੇ ਜਾਤਪਾਤ | 1999 |
| ਲੋਕ ਸੱਥ (ਸੰਪਾਦਿਤ ਕਵਿਤਾ) | 1986 |

# Mere Apne

*by*

**Sukhdev Sidhu**
16, Whittingstall Avenue
Kempston, Bedford
England
MK 42 8NJ

ਸਰਵਰਕ: ਸਿਧਾਰਥ

ਅੱਖਰ-ਬੀੜ: ਸੁਖਦੇਵ ਸਿੱਧੂ

ਧਨੀ ਰਾਮ ਚਾਤ੍ਰਿਕ ਫੌਂਟਸ ਸਾਈਜ਼ 12

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the abovementioned publisher of this book.*

**ਮਾਂ-ਬਾਪ**
ਸ੍ਰ ਹਜ਼ਾਰਾ ਸਿੰਘ ਤੇ
ਸ੍ਰੀਮਤੀ ਨਸੀਬ ਕੌਰ
ਨੂੰ

ਸਿਧਾਰਥ ਤੇ ਅਮਰਜੀਤ ਚੰਦਨ ਦਾ ਧੰਨਵਾਦੀ ਹਾਂ

# ਤਤਕਰਾ


1) ਮੇਰਾ ਪਾਕਿਸਤਾਨ

2) ਭਗਤ ਕਾਲ਼ਾ ਕੁੱਤਾ

3) ਭੂਆ ਚੰਨੋ

4) ਤਾਇਆ ਸਰਦਾਰਾ ਸਿੰਘ

5) ਬੁੱਢੇ ਦਰਿਆ ਦਾ ਭੈਅ

6) ਵਾਗੀ

7) ਕਤਲ ਕੇਸ

8) ਸਾਧਾਂ ਦਾ ਭੇੜ

9) ਬਾਬਾ ਰਲ਼ਾ ਸਿੰਘ

10) ਵੱਡਾ ਸਾਧੂ ਸੋਂਹ

11) ਮਾਂ ਬਰਕਤੇ

12) ਰੇੜ੍ਹਵਾਂ ਦੇ ਬਦਮਾਸ਼

13) ਬਾਗੀ ਮੁੰਡੇ

14) ਨਾਨਕਾ ਮੇਲ ਰੇਲ ਗੱਡੀ

15) ਸਵਰਨਾ ਫ਼ੌਜੀ

16) ਮਾਮੇ ਪੁੱਤਰ

17) ਗੁਰਦਾਸ ਰਾਮ ਆਲਮ

# ਇਨਹੀਂ ਕੀ ਕ੍ਰਿਪਾ

'ਮੇਰੇ ਅਪਣੇ' ਤੁਹਾਡੇ ਹੱਥਾਂ ਚ ਦਿੰਦਿਆਂ ਖ਼ੁਸ਼ੀ ਹੋ ਰਹੀ ਹੈ। ਬੜੀ ਦੇਰ ਤੋਂ ਇਹ ਮੇਰੇ ਸਾਹਾਂ ਦੇ ਅੰਗ ਸੰਗ ਰਹੀ ਹੈ – ਸਾਰੀ ਜ਼ਿੰਦਗੀ ਹੀ। ਬੱਸ ਕਾਗ਼ਤ ਤੇ ਹੀ ਹੁਣ ਲੱਥੀ ਹੈ।

ਕੋਈ ਜਿੱਥੇ ਵੀ ਮਰਜ਼ੀ ਰਵ੍ਹੇ, ਜੜ੍ਹ ਨੂੰ ਭੁੱਲਣਾ ਔਖੀ ਗੱਲ ਹੁੰਦੀ ਹੈ। ਬੰਦੇ ਦਾ ਹੋਣਾ ਹੀ ਜੜ੍ਹ ਸਦਕਾ ਹੈ। ਜਿਹਦੀ ਜੜ੍ਹ ਨਹੀਂ, ਉਹਦੀ ਹੋਂਦ ਈ ਨਹੀਂ। ਇਹ ਸਾਡੇ ਨਾਲ਼ ਹੀ ਤੁਰਦੀ ਰਹਿੰਦੀ ਹੈ। ਮੇਰੇ ਲਈ ਇਹਤੋਂ ਦੂਰ ਹੋ ਕੇ ਸਗੋਂ ਇਹਦੀ ਕਦਰ ਹੋਰ ਵਧੀ ਹੈ। ਮੁੜ ਮੁੜ ਚੇਤਾ ਆਉਂਦਾ ਹੈ। ਅੰਗਰੇਜ਼ੀ ਦੀ ਲੋਕ ਕਹਾਵਤ ਹੈ: you can take the girl out of north but can't take the north out of the girl. ਜਦੋਂ ਅਸੀਂ ਪਿਉ-ਪੁੱਤ ਰਲ਼ ਕੇ ਬਹਿੰਦੇ ਹਾਂ, ਤਾਂ ਇਹੋ ਗੱਲਾਂ ਹੁੰਦੀਆਂ ਹਨ। ਸਾਡੇ ਟੱਬਰ ਚੋਂ ਕੋਈ ਵੀ ਹੁਣ ਪਿੰਡ ਨਹੀਂ ਵਸਦਾ। ਚਾਚੇ ਤਾਏ ਵੀ ਨਹੀਂ। ਥਾਂ ਟਿਕਾਣਾ ਵੀ ਵੇਚ ਵੱਟ ਆਏਂ ਹਾਂ। ਪਰ ਕੀ ਕਰੀਏ, ਪਿੰਡ ਤਾਂ ਪਿੰਡ ਹੀ ਰਹਿਣਾ ਹੈ। ਜਦੋਂ ਕਦੇ ਵੀ ਪਿੱਛੇ ਜਾਈਦਾ ਹੈ, ਤਾਂ ਪਿੰਡ ਗਿਆਂ ਬਿਨ ਯਾਤਰਾ ਸਫ਼ਲਾ ਹੁੰਦੀ ਨਹੀਂ ਲੱਗਦੀ। ਮੇਰਾ ਅਚੇਤ ਮਨ ਓਥੇ ਵੀ ਵਸਦਾ ਹੈ। ਪਿੰਡ ਜਾਣ ਨੂੰ ਮਨ ਤਾਂਘਦਾ ਹੈ; ਪਿੰਡ ਜਾਈਦਾ ਵੀ ਹੈ। ਮਿੱਟੀ ਨੂੰ ਨਤਮਸਤਕ ਹੋਣ। ਉੱਥੇ ਗਿਆਂ ਬਹੁਤੀ ਵਾਰ ਮੈਨੂੰ ਕੋਈ ਸਿਆਣਦਾ ਵੀ ਨਹੀਂ। ਗਿਆਂ ਤੋਂ ਲੋਕ ਕੱਠੇ ਹੋ ਜਾਂਦੇ ਹਨ। ਨਿਆਣੇ ਬਿਟਰ ਬਿਟਰ ਝਾਕਦੇ ਹਨ। ਏਦਾਂ ਲੱਗਦਾ ਹੈ ਉਨ੍ਹਾਂ ਦੀ ਘੋਖਵੀਂ ਅੱਖ ਤੱਕਣੀ ਪੁੱਛਦੀ ਹੋਵੇ: ਭਾਈ ਤੁਸੀਂ ਕੌਣ ਹੋ; ਕੀਹਦੇ ਜਾਣਾ ਹੈ। ਇੱਥੇ ਕੀ ਲੈਣ ਆਏ ਹੋ। ਮਨ ਖ਼ਰਾਬ ਹੋ ਜਾਂਦਾ ਹੈ। ਮੁੜ ਕੇ ਨਾ ਜਾਣ ਦਾ ਵਾਅਦਾ ਕਰ ਲੈਂਦਾ ਹਾਂ। ਪਰ ਰਿਹਾ ਨਹੀਂ ਜਾਂਦਾ, ਅਗਲੀ ਵਾਰੀ ਫਿਰ ਚਲੇ ਜਾਂਦਾ ਹਾਂ। ਹਰ ਵਾਰੀ ਹੀ ਏਦਾਂ ਹੁੰਦਾ ਹੈ। ਮੈਨੂੰ ਪਤਾ ਹੈ ਕਿ ਪਿੰਡ ਮੇਰੇ ਚੋਂ ਜੀਂਦੇ ਜੀਅ ਤਾਂ ਨਿਕਲਣਾ ਨਹੀਂ। ਜਦੋਂ ਫੂਕ ਨਿਕਲ਼ ਗਈ, ਫਿਰ ਹੀ ਨਿਕਲ਼ੂਗਾ। ਖੇਡ ਖਤਮ।

ਇਹਦੇ ਵਿਚਲੇ ਸਾਰੇ ਜੀਅ ਮੇਰੇ ਹਨ- ਕੁਝ ਖ਼ਾਸ ਆਵਦੇ। ਆਲਮ ਤਾਂ ਆਲਮ ਹੈ; ਹੋਰ ਕਿਸੇ ਦਾ ਏਡਾ ਰਵੈਤੀ ਰੁਤਬਾ ਜਾਂ ਨਾਮਣਾ ਨਹੀਂ। ਪਰ ਇਹ ਮੇਰੇ ਵੱਡੇ ਹਨ। ਕਈ ਤਾਂ ਧਿਆਉਣ ਜੋਗ ਹਨ। ਮੈਂ ਧਿਆਉਨਾਂ ਵੀ ਹਾਂ। ਆਵਦਿਆਂ ਤੋਂ ਬਿਨਾਂ ਇਹ ਕਿਤਾਬ ਤੁਰਨੀ ਹੀ ਨਹੀਂ ਸੀ, ਸਿਰੇ ਤਾਂ ਕੀ ਲੱਗਣੀ ਸੀ। ਇਹ ਮੇਰੇ ਅੰਗ-ਸੰਗ ਰਹਿਣੇ ਨੇ – ਆਖ਼ਰੀ ਸਾਹ ਤੱਕ। ਇਨ੍ਹਾਂ ਬਿਨ ਮੇਰਾ ਹੋਣਾ ਵੀ ਕੀ ਹੋਣਾ। ਮੈਂ ਇਨ੍ਹਾਂ ਦੇ ਸੁਪਨੇ ਲੈਂਦਾ ਰਿਹਾਂ ਹਾਂ – ਅਜੇ ਵੀ ਲੈ ਲੈਂਦਾ ਹਾਂ। ਜੀਂਦੇ-ਮੋਏ ਇਹ ਮੈਨੂੰ ਨਾਲ਼ ਰੱਖਦੇ ਰਹੇ ਨੇ। ਅਜੇ ਵੀ ਇਹ ਮੇਰੀ ਉਂਗਲੀ ਫੜੀ ਰੱਖਦੇ ਨੇ। ਇਨ੍ਹਾਂ ਮੈਨੂੰ ਉੱਠਣਾ-ਬੈਠਣਾ, ਰਹਿਣਾ-ਸਹਿਣਾ-ਖਹਿਣਾ ਸਿਖਾਇਆ। ਮਨੋ ਮਨੀਂ ਮੈਂ ਇਨ੍ਹਾਂ ਨਾਲ਼ ਗੱਲਾਂ ਕਰਦਾ ਰਹਿੰਦਾ ਹਾਂ – ਚੰਗੀਆਂ ਵੀ, ਮਾੜੀਆਂ ਵੀ। ਕਈ ਵਾਰ ਬੈਠਾ ਬੈਠਾ, ਕਿਸੇ ਗੱਲੋਂ ਮੈਂ ਆਪੇ ਮੁਸਕਰਾ ਪੈਂਦਾ ਹਾਂ। ਘਰਦੇ ਪੁੱਛਦੇ ਹਨ: ਕਿਓਂ, ਹੁਣ ਕੀ ਹੋ ਗਿਆ। ਇਨ੍ਹਾਂ ਨੇ ਮੈਨੂੰ ਕਈ ਵਾਰ ਡੋਲਣ ਤੋਂ ਵੀ ਬਚਾਇਆ। ਬੜਾ ਆਸਰਾ ਹੈ, ਮੈਨੂੰ ਇਨ੍ਹਾਂ ਦਾ। ਮੇਰੇ ਚ ਇਨ੍ਹਾਂ ਦਾ ਬੜਾ ਕੁਝ ਹੈ। ਅਸਲ ਚ ਕਿਸੇ ਹੱਦ ਤੱਕ ਮੈਂ ਇਨ੍ਹਾਂ ਦਾ ਅਗਲਾ ਰੂਪ ਹੀ ਹਾਂ। ਕਦੇ ਇਨ੍ਹਾਂ ਨੂੰ ਯਾਦ ਕਰਕੇ ਅੱਖਾਂ ਚ ਲਿਸ਼ਕ ਆ ਜਾਂਦੀ ਹੈ। ਕਦੇ ਮਨ ਮਚਲਦਾ ਹੈ ਤੇ ਕਦੇ ਕਦੇ ਇਹ ਅੱਖਾਂ ਚ ਨਮੀ ਦਾ ਸਬੱਬ ਬਣ ਜਾਂਦੇ ਨੇ। ਆਵਦਿਆਂ ਨੂੰ ਘੜੀ ਮੁੜੀ ਯਾਦ ਕਰਨਾ ਵੀ ਏਨਾ ਸੌਖਾ ਨਹੀਂ ਹੁੰਦਾ। ਕਈਆਂ ਤੇ ਵੱਡਾ ਮਾਣ ਹੁੰਦਾ ਹੈ – ਹਿੱਕ ਉੱਭਰਦੀ ਹੈ।

ਇਨ੍ਹਾਂ ਚੋਂ ਕਿਸੇ ਵਿਰਲੇ ਨੇ ਹੀ ਇਹ ਕਿਤਾਬ ਪੜ੍ਹ ਸਕਣੀ ਹੈ। ਕਈ ਤਾਂ ਚਿਰੋਕਣੇ ਸੁਆਸ ਵੀ ਛੱਡ ਗਏ ਹਨ। ਕਈ ਪੜ੍ਹਨ ਜੋਗੇ ਹੈ ਵੀ ਨਹੀਂ। ਕਈਆਂ ਦੇ ਫ਼ਿਕਰ ਹੀ ਹੋਰ ਹੋਰ ਨੇ। ਸਾਹਿਤ ਨਾਲ਼ ਇਨ੍ਹਾਂ ਦਾ ਕੋਈ ਲੱਗ-ਲਗਾਅ ਨਹੀਂ।

ਮੈਂ ਆਵਦੇ ਵਡੇਰਿਆਂ ਦਾ ਦੇਣਦਾਰ ਹਾਂ। ਇਨ੍ਹਾਂ ਸਦਕੇ ਮੈਨੂੰ ਹੱਥੀਂ ਕੰਮ ਕਰਨ ਦੀ ਚੂੰਡ ਪੈ ਗਈ। ਬਾਅਦ ਚ ਦਸਾਂ ਨਹੁੰਆਂ ਦੀ ਕਿਰਤ ਦੀ ਵਡਿਆਈ ਦੀ ਸਮਝ ਆਈ ਤੇ ਫਿਰ ਕਿਰਤ-ਕਮਾਈ ਤੇ ਮਾਣ ਕਰਨਾ ਆਇਆ। ਵਲੈਤ ਚ ਆ ਕੇ ਮੈਂ ਆਪ ਅੱਠ ਨੌਂ ਸਾਲ ਹੱਥੀਂ ਕਰੜੀ ਮਿਹਨਤ ਕੀਤੀ –ਮਾਣ ਨਾਲ਼। ਟਰੇਡ ਯੂਨੀਅਨਾਂ ਚ ਕੰਮ ਵੀ ਕੀਤਾ। ਦਸਾਂ ਨਹੁੰਆਂ ਦੀ ਕਿਰਤ ਦੀ ਰਾਖੀ ਖ਼ਾਤਿਰ।

ਅਪਣੇ ਤੇ ਵੱਡੇ ਇਕ ਬਰਾਬਰ। ਇਨ੍ਹਾਂ ਦਾ ਵੱਡਾ ਆਸਰਾ ਹੁੰਦਾ ਹੈ। ਬਾਹਵਾਂ ਵਰਗਾ। ਮਾਣ ਨਾਲ਼ ਸਿਰ ਉੱਠਦਾ ਹੈ ਤੇ ਮੁੱਖ ਤੇ ਖੇੜੇ ਦੀ ਆਮਦ ਹੋ ਜਾਂਦੀ ਹੈ। ਮੇਰੇ ਆਵਦੇ ਬਾਹਲ਼ੇ ਡਾਢੇ ਨੇ। ਇਨ੍ਹਾਂ ਤੋਂ ਪਿਆਰ ਵੀ ਮਿਲਦਾ ਹੈ; ਸਲਾਹ ਵੀ ਤੇ ਕਦੇ ਕਦੇ ਮਿੱਠੀਆਂ ਝਿੜਕਾਂ ਵੀ। ਇਸ ਕਿਤਾਬ ਦਾ ਕਾਗ਼ਤ ਤੇ ਲਹਿਣਾ ਤੇ ਛਪਣਾ ਔਖਾ ਸੀ, ਜੇ ਖ਼ਾਸ ਆਵਦਿਆਂ ਦੀ ਹੱਲਾਸ਼ੇਰੀ ਨਾ ਮਿਲਦੀ। ਫ਼ੋਕੀ ਹੱਲਾਸ਼ੇਰੀ ਨਹੀਂ – ਨਾਲ਼ ਸੁਝਾਅ, ਮਸ਼ਵਰੇ ਹਦੈਤਾਂ ਵੀ, ਸਣੇ ਕਿਤਾਬ ਦੇ ਨਾਮਕਰਣ ਤੇ ਟਾਈਟਲ ਦੇ। ਸੰਕਟ ਇਹ ਆ ਪਿਆ ਕਿ ਜਦੋਂ ਕਿਸੇ ਲਿਖਤ ਦੀ ਸੋਧ ਸੁਧਾਈ ਜਾਂ ਛਪਣ ਤੇ ਮੈਂ **ਆਵਦਿਆਂ** ਦਾ ਧੰਨਵਾਦ ਕਰਦਾ, ਤਾਂ ਅੱਗੋਂ ਮੱਤ ਮਿਲਦੀ: ਧੰਨਵਾਦ ਧੰਨਵੂਦ ਨੂੰ ਛੱਡਿਆ ਕਰ। ਇਹ ਕੁਛ ਨਹੀਂ ਹੁੰਦਾ। ਜੇ ਧੰਨਵਾਦ ਕਰਨਾ ਹੈ, ਤਾਂ ਹੋਰ ਲਿਖ। ਤੇ ਜੇ ਸੱਚਾ ਧੰਨਵਾਦ ਕਰਨਾ ਹੈ ਤਾਂ ਮਿਹਨਤ ਕਰਕੇ ਹੋਰ ਲਿਖ ਕੇ ਦਿਖਾ – ਮਨ ਲਾ ਕੇ। ਬੱਸ ਇਓਂ ਇਹ ਕਿਤਾਬ ਹੋਂਦ ਚ ਆ ਗਈ ਹੈ -ਆਵਦਿਆਂ ਸਦਕਾ। ਹੱਲਾਸ਼ੇਰੀਆਂ ਲਈ ਅਮਰਜੀਤ ਚੰਦਨ, ਅਵਤਾਰ ਉੱਪਲ, ਮੰਗੇ ਸਪਰਾਏ, ਦਰਸ਼ਨ ਬੁਲੰਦਵੀ, ਹਰਜਿੰਦਰ ਮੱਟੂ, ਸੁਰਜੀਤ ਪਾਤਰ ਤੇ ਅਵਤਾਰ ਜੰਡਿਆਲਵੀ ਦਾ ਧੰਨਵਾਦ ਜ਼ਰੂਰੀ ਹੈ। ਹੁਣ ਮੈਂ ਆਵਦੇ ਮੂੰਹੋ ਕੀ ਕਵ੍ਹਾਂ। ਤੁਹਾਡੇ ਸੁਝਾਵਾਂ ਦਾ ਉਡੀਕਵਾਨ ਹਾਂ।

ਸੁਖਦੇਵ ਸਿੱਧੂ
ਅਪਰੈਲ 2010

# ਮੇਰਾ ਪਾਕਿਸਤਾਨ

ਮੇਰਾ ਜਨਮ ਰੌਲ਼ਿਆਂ ਤੋਂ ਨੌਂ ਦਸ ਵਰ੍ਹੇ ਬਾਅਦ ਦਾ ਹੈ। ਮੈਂ ਪਾਕਿਸਤਾਨ ਕਦੇ ਨਹੀਂ ਗਿਆ। ਨਕਸ਼ੇ ਤੇ ਹੀ ਦੇਖਿਆ ਹੈ। ਤਾਂ ਵੀ ਮੈਨੂੰ ਰੌਲ਼ਿਆਂ ਬਾਰੇ ਵਾਹਵਾ ਪਤਾ ਹੈ। ਮੇਰੇ ਲਈ ਇਹ ਕਿਸੇ ਹੱਦ ਤਕ ਅਭਿਮੰਨੂ ਦੇ ਚੱਕਰ-ਵਿਯੂ ਸੁਣਨ ਵਾਂਗੂੰ ਹੈ। ਆਵਦੇ ਪੁਰਖਿਆਂ ਤੋਂ ਪਾਕਿਸਤਾਨ ਬਣਨ ਦਾ ਦੁੱਖ ਸੁਣਦਾ ਸੁਣਦਾ ਮੈਂ ਇਹਦੇ ਬਹੁਤ ਨੇੜੇ ਹੋ ਗਿਆ ਹਾਂ। ਇਹ ਮੇਰੇ ਲਈ ਖ਼ਾਸ ਅਹਿਮੀਅਤ ਵਾਲ਼ਾ ਹੈ। ਵੱਡੀ ਨਿਮੋਸ਼ੀ ਵਾਲ਼ਾ ਹੈ। ਇਹ ਮੇਰੇ ਲਈ ਨਿੱਜ ਹੋਣਾ ਹੈ। ਮੇਰੇ ਵੱਡਿਆਂ ਵਡੇਰਿਆਂ ਨੂੰ ਗ਼ੁਰਬਤ ਦੇ ਬੂਥੇ ਚ ਧੱਕਣ ਵਾਲਾ।

ਮੇਰਾ ਬਾਬਾ -ਰਾਮ ਸਿੰਘ ਤੇ ਪੜਦਾਦਾ ਭੋਲ਼ਾ ਸਿੰਘ ਪਿੰਡ ਛੱਡ ਕੇ ਬਾਰ ਨੂੰ ਗਏ ਸੀ-ਮੁਰੱਬਿਆਂ ਦੇ ਮਾਲਕ ਬਨਣ। ਅੱਠ-ਦਸ ਸਾਲ ਸੱਪਾਂ ਦੀਆਂ ਸਿਰੀਆਂ ਮਿੱਧ ਮਿੱਧ ਕੇ ਦੋ ਮੁਰੱਬਿਆਂ ਦੇ ਵਣਾਂ ਕਰੀਰਾਂ ਨੂੰ ਪੱਟ ਕੇ ਆਬਾਦ ਕੀਤਾ ਸੀ। ਘਰਦੇ ਦਸਦੇ ਸੀ ਕਿ ਇਹ ਜ਼ਮੀਨ ਬੜੀ ਮੋਟੀ ਸੀ। ਪਰ ਇਹ ਮੁਰੱਬੇ ਇਨ੍ਹਾਂ ਦੇ ਨਾਂ ਨਹੀਂ ਚੜ੍ਹੇ – ਪਤਾ ਨਹੀਂ ਲਗਦਾ ਕਿਓਂ। ਵਰ੍ਹਿਆਂ ਦੀ ਕਮਾਈ ਕਿਸੇ ਹੋਰ ਦੇ ਖਾਤੇ ਪੈ ਗਈ ਸੀ। ਇਹ ਓਥੇ ਦੇ ਓਥੇ ਹੀ ਰਹਿ ਗਏ ਸੀ। ਇਹ ਕਹਿੰਦੇ ਆ ਕਿ ਅੰਗਰੇਜ਼ ਅਫਸਰ ਨੂੰ ਕਿਸੇ ਨੇ ਗ਼ਲਤ ਦੱਸ ਦਿੱਤਾ। ਮਾਲਕੀ ਦੇਣ ਆਇਆ ਉਹ ਕਲਮ ਹੋਰ ਪਾਸੇ ਵਾਹ ਗਿਆ ਸੀ। ਪਰ ਇਹ ਜ਼ਮੀਨਾਂ ਹੀ ਵਾਹੁੰਦੇ ਰਹੇ ਸੀ। ਮੇਰਾ ਬਾਪ ਦਸਦਾ ਹੈ ਕਿ "ਪੰਜ ਸੌ ਰੁਪਏ ਨੂੰ ਮੁਰੱਬਾ ਸੀ, ਉਦੋਂ। ਬੜੀ ਤਕੜੀ ਜ਼ਮੀਨ ਸੀ; ਬੰਦਾ ਵੱਡ ਕੇ ਸੁੱਟਿਆ ਉੱਗ ਆਉਂਦਾ ਸੀ। ਫ਼ਸਲਾਂ ਵੀ ਓਦੋਂ ਸੰਨਵੀਆਂ ਹੀ ਕੱਢਦੇ ਹੁੰਦੇ ਸੀ; ਪਾਣੀ ਦੀ ਵੀ ਤੰਗੀ ਸੀ। ਅੱਜਕਲ ਤਾਂ ਧਰਤੀ ਨੂੰ ਯੂਰੀਏ-ਸ਼ੂਰੀਏ ਪਾ ਪਾ ਕੇ ਨਿਚੋੜੀ ਜਾਂਦੇ ਆ, ਇਹ ਵਿਚਾਰੀ ਕੀ ਕਰੇ"।

ਬਾਬੇ ਦਾ ਟੱਬਰ ਵੱਡਾ ਸੀ। ਵਾਹਵਾ ਮਾਲ ਡੰਗਰ ਸੀ। ਚੰਗੀ ਫ਼ਸਲ-ਬਾੜੀ ਹੋ ਜਾਂਦੀ ਸੀ। ਚੰਗੇ ਖਾਂਦੇ ਪੀਂਦੇ ਹੋ ਗਏ ਸੀ। ਬਾਬਾ ਵਰ੍ਹੇ ਛਮਾਹੀ ਇਕ ਦੋ ਧੀਆਂ ਦੇ ਵਿਆਹ ਕਰ ਦਿੰਦਾ। ਸ਼ਰੀਕ ਖਿੱਝਦੇ; ਸੜਦੇ, ਝੁਰਦੇ ਰਹਿੰਦੇ ਫਿਰ ਹੌਲ਼ੀ ਹੌਲ਼ੀ ਖਾਰ ਖਾਣ ਲੱਗ ਪਏ। ਬਾਬਾ, ਉਪਰੋਥਲ਼ੀ ਦੇ ਤੇਰ੍ਹਾਂ ਧੀਆਂ-ਪੁੱਤਾਂ ਦਾ ਬਾਪ ਸੀ। ਮੇਰਾ ਬਾਪ- ਹਜ਼ਾਰਾ ਸਿੰਘ- ਸੱਤਵੇਂ ਥਾਂ ਹੈ। ਉਨ੍ਹਾਂ ਵੇਲ਼ਿਆਂ ਦੀਆਂ ਗੱਲਾਂ ਕਰਦਾ ਕਰਦਾ ਮੇਰਾ ਬਾਪ ਦੁਖੀ ਹੋ ਜਾਇਆ ਕਰਦਾ। ਫਿਰ ਕਹਿੰਦਾ: ਚਲੋ ਜਾਨ ਤਾਂ ਬਚ ਗਈ ਸੀ। ਤੇ ਕਦੇ ਕਦੇ ਕਹਿ ਦਿੰਦਾ ਸੀ, ਇਹੋ ਜਿਹੀ ਭੁੱਖ ਮਰੀ ਦੀ ਵੀ ਕਾਹਦੀ ਜ਼ਿੰਦਗੀ?

ਸਰਦੇ ਦਿਨਾਂ ਦੀ ਗੱਲ ਕਰਦਾ ਮੇਰਾ ਬਾਪ ਦਸਦਾ ਹੈ ਕਿ ਇਕ ਵਾਰੀ ਕੋਈ ਪ੍ਰਾਹੁਣਾ ਮਿਲਣ ਚਲਾ ਗਿਆ ਤਾਂ ਇਨ੍ਹਾਂ ਨੇ ਮੀਜ਼ਬਾਨੀ ਹਿਤ ਮੰਜਾ ਬਿਸਤਰਾ ਕਰਕੇ ਸਿਰ੍ਹਾਣਾ ਦੇ ਦਿੱਤਾ। ਪ੍ਰਾਹੁਣੇ ਨੇ ਜਦੋਂ ਢੋਅ ਲਾਈ ਤਾਂ ਬੋਲਿਆ: ਸਿਰ੍ਹਾਣੇ ਲਈ ਰੂੰਅ ਥੁੜ ਗਿਆ ਸੀ, ਜੋ ਕਾਗਤ ਵਿਚ ਪਾ ਤੇ। ਦਾਦੀ ਨੂੰ ਪਤਾ ਲੱਗਾ ਤਾਂ ਇਹਨੇ ਨੋਟਾਂ ਨਾਲ ਭਰਿਆ ਸਿਰਹਾਣਾ ਛੇਤੀ ਬਦਲ ਦਿੱਤਾ। ਬਾਪ ਕਹਿੰਦਾ ਹੈ: ਓਦੋਂ ਅਸੀਂ ਕਿਹੜਾ ਕਿਸੇ ਨੇ ਬੈਂਕਾਂ ਦੇਖੀਆਂ ਸੀ। ਨਾ ਹੀ ਪਤਾ ਸੀ ਬਈ ਬੈਂਕਾਂ ਕੀ ਹੁੰਦੀਆਂ। ਬੱਸ ਏਦਾਂ ਹੀ ਪੈਸੇ ਸਾਂਭ ਸੂੰਭ ਲਈਦੇ ਸੀ। ਡਰ ਡੁੱਕਰ ਘੱਟ ਸੀ। ਚੋਰੀਆਂ ਡਾਕੇ ਨਹੀਂ ਸੀ ਹੁੰਦੇ ਉਦੋਂ। ਭਲੇ ਵੇਲੇ ਸੀ।

ਬਾਪ ਹੋਰ ਦਸਦਾ ਹੈ ਇਕ ਵਾਰ ਨਰਮੇ ਦੀ ਫ਼ਸਲ ਵੇਚ ਕੇ ਬਾਬੇ ਨੇ ਇਕ ਸੌ ਅੱਸੀ ਰੁਪਏ ਪੜਦਾਦੀ ਨੂੰ ਫੜਾਏ। ਕਹਿੰਦਾ: ਲੈ ਮਾਂ, ਆਹ ਸਾਂਭ ਕੇ ਰੱਖ ਲਈਂ। ਜਦੋਂ ਦੇਸ ਜਾਣਾ ਹੋਇਆ, ਓਦੋਂ ਚਾਹੀਦੇ ਆ। ਇਹ ਪਿੰਡ ਨੂੰ ਦੇਸ ਕਹਿੰਦੇ ਹੁੰਦੇ ਸੀ। ਕੰਧ ਓਹਲੇ ਪ੍ਰਦੇਸ ਵਾਲੀ ਗੱਲ। ਮਾਈ ਨੂੰ ਪਤਾ ਨਾ ਲੱਗੇ, ਬਈ ਏਨਿਆਂ ਪੈਸਿਆਂ ਨੂੰ ਕਿੱਥੇ ਸਾਂਭੇ ਤਾਂ ਕਿੱਥੇ ਸਾਂਭੇ। ਆਖ਼ਰ ਉਹਨੇ ਦਾਤੀ ਦੀ ਚੁੰਝ ਨਾਲ਼ ਕੰਧ ਚ ਮੋਰੀ ਕੀਤੀ। ਪੈਸੇ ਰੂੰਅ ਚ ਲਪੇਟੇ ਤੇ ਮੋਰੀ ਚ ਰੱਖ ਦਿੱਤੇ; ਉੱਤੋਂ ਫਿਰ ਲਿੱਪ ਦਿੱਤਾ। ਜਦੋਂ ਅਰਸੇ ਬਾਅਦ ਲੋੜ ਪਈ ਤਾਂ ਬਾਬੇ ਨੇ ਮਾਈ ਨੂੰ ਪੈਸੇ ਪੁੱਛੇ। ਪਰ ਮਾਈ ਨੂੰ ਪਤਾ ਨਾ ਲੱਗੇ ਕਿ ਪੈਸੇ ਕਿੱਥੇ ਰੱਖੇ ਸੀ। ਥਹੁ ਭੁੱਲ ਗਿਆ ਸੀ। ਪੈਸੇ ਲੱਭਣ ਨਾ। ਮਾਈ ਅੱਕੀਂ ਪਲ਼ਾਹੀਂ ਹੱਥ ਮਾਰਦੀ ਫਿਰੇ। ਆਖ਼ਰ ਦਾਤੀ ਦੀ ਚੁੰਝ ਨਾਲ ਹੀ ਟੋਹ ਟੋਹ ਕੇ ਜਿੱਥੇ ਦੱਬੇ ਸੀ, ਮੋਰੀ ਲੱਭ ਪਈ। ਸੁੱਖ ਦਾ ਸਾਹ ਆਇਆ। ਪਰ ਜਦੋਂ ਪੱਟ ਕੇ ਦੇਖਿਆਂ ਤਾਂ ਅੱਧਿਓਂ ਵੱਧ ਨੋਟ ਤਾਂ ਸਿਓਂਕ ਨੇ ਖਾ ਲਏ ਸੀ। ਵੱਡਾ ਨੁਕਸਾਨ ਹੋ ਗਿਆ ਸੀ। ਮਾਈ ਹੌਕਾ ਕਰ ਗਈ। ਬੀਮਾਰ ਹੋ ਗਈ। ਖ਼ੂਨ ਦੇ ਜਲਾਬ ਲੱਗ ਗਏ। ਫਿਰ ਕਿਸੇ ਹਕੀਮ ਤੋਂ ਉਹਦਾ ਇਲਾਜ ਕਰਾਇਆ। ਹਕੀਮ ਨੇ ਸਲਾਹ ਦਿੱਤੀ: ਇਹਦਾ ਹੌਂਸਲਾ ਵਧਾਓ। ਕੋਈ ਗ਼ਮ ਮਨ ਨੂੰ ਲਾ ਬੈਠੀ ਹੈ। ਹਕੀਮ ਨੇ ਦੱਸਿਆ ਕਿ ਕਤੀਰਾ ਗੂੰਦ ਰਾਤ ਨੂੰ ਗੋਕੇ ਦੁੱਧ ਚ ਭੇਂਅ ਕੇ ਰੱਖਣੀ ਤੇ ਸਵੇਰੇ ਨੂੰ ਬੱਕਰੀ ਦੇ ਤਾਜ਼ੇ ਦੁੱਧ ਚ ਦੇਣੀ। ਹੌਲ਼ੀ ਹੌਲ਼ੀ ਠੀਕ ਹੋ ਜਾਊਗੀ। ਪਰ ਇਹਦਾ ਮਨ ਕਿਤੇ ਹੋਰ ਪਾਓ।

ਇਹ ਬਾਰ ਨੂੰ ਜਾਣ ਵੇਲ਼ੇ ਲੋਹੀਆਂ ਤੋਂ ਰੇਲ ਗੱਡੀ ਫੜਦੇ ਸੀ ਤੇ ਫਿਰੋਜ਼ਪੁਰ, ਹੁਸੈਨੀਵਾਲ਼, ਕਸੂਰ, ਸੱਖਰਰੋੜੀ ਦੇ ਪੁਲ਼ ਥਾਣੀਂ ਖੁੱਡੀਆਂ, ਚੂਨ੍ਹੀਆਂ, ਰਾਏਵਿੰਡ ਤੋਂ 'ਗਾਂਹ ਪੱਤੋਕੀ, ਓਕਾੜਾ, ਸ਼ਾਹੀਵਾਲ਼ ਜ਼ਿਲੇ ਵਿਚਦੀ ਹੜੱਪਾ, ਮੁਰਦਾਰ-ਕਾਫੀ ਤੋਂ ਚੀਚਾਵਤਨੀ ਤਸੀਲ ਥਾਣੀਂ ਹੋ ਕੇ ਜਿੰਦਾਰਾਮ ਕੋਟਲੇ ਦੇ ਲਾਗੇ ਚੱਕ ਨੰਬਰ 67 ਪਹੁੰਚ ਜਾਂਦੇ। ਇਹੋ ਗੱਡੀ 'ਗਾਂਹ ਮੀਏਂ ਚੰਨੂੰ ਰਾਂਹੀ ਮੁਲਤਾਨ ਨੂੰ ਚਲੇ ਜਾਂਦੀ ਸੀ।

ਇਹ ਅਜੇ ਵੀ ਸ਼ਾਹੀਵਾਲ ਹੀ ਕਹਿੰਦੇ ਹਨ। ਗੋਰਿਆਂ ਨੇ ਇਹਦਾ ਨਾਂ ਮਿੰਟਗੁਮਰੀ ਧਰ ਦਿੱਤਾ ਸੀ। ਤੇ ਜਾਂ ਫਿਰ ਅੰਬਰਸਰ, ਅਟਾਰੀ ਥਾਂਣੀ ਲਾਹੌਰ ਤੇ ਫਿਰ ਅੱਗੇ ਰਾਏਵਿੰਡ ਵਾਲ਼ੇ ਰੂਟ ਰਾਹੀਂ ਘਰ ਪੁੱਜਦੇ। ਕਈ ਵਾਰ ਤਾਂ ਰੋਟੀ ਵੀ ਘਰੇ ਆ ਕੇ ਹੀ ਖਾਂਦੇ। ਪਹਿਲੀ ਵਾਰ ਇਹ ਤੁਰ ਕੇ ਗਏ ਸੀ। ਪੂਰੇ ਪੰਦਰ੍ਹੀਂ ਦਿਨੀਂ ਪੁਹੰਚੇ ਸੀ। ਜਿੱਥੇ ਨੇਰ੍ਹਾ ਹੋ ਜਾਣਾ, ਗੁਰਦੁਆਰੇ ਰਹਿ ਲੈਣਾ ਜਾਂ ਲੰਬੜਦਾਰ ਨੂੰ ਕਹਿਣਾ ਬਈ ਫਲਾਨੇ ਪਿੰਡੋਂ ਆਏ ਆਂ ਤੇ ਬਾਰ ਨੂੰ ਚੱਲੇ ਆਂ। ਉਹਨੇ ਸੱਭ ਬੰਦੋਬਸਤ ਕਰ ਦੇਣਾ। ਪਸ਼ੂਆਂ ਲਈ ਪੱਠਿਆਂ ਦਾ ਪ੍ਰਬੰਧ ਵੀ। ਇਹ ਰੂਟ ਮੈਨੂੰ ਦੂਣੀ ਦੇ ਪਹਾੜੇ ਵਾਂਗ ਯਾਦ ਹਨ। ਮੈਂ ਆਪਣੀ ਦਾਦੀ ਤੇ ਬਾਪ ਤੋਂ ਬਾਰ ਬਾਰ ਸੁਣੇ ਹੋਏ ਆ। ਇਨ੍ਹਾਂ ਦੀਆਂ ਚੰਗੀਆਂ ਯਾਦਾਂ ਵੀ ਹਨ – ਇਨਸਾਨੀਅਤ ਦੀਆਂ ਮਿਸਾਲਾਂ ਹਨ। ਆਪਸੀ ਸਾਂਝ ਦੀਆਂ, ਦੁੱਖ ਸੁੱਖ ਦੀਆਂ, ਔਖੇ-ਭੀੜੇ ਵੇਲੇ ਇਕ ਦੂਜੇ ਦੇ ਕੰਮ ਆਉਣ ਦੀਆਂ ਗੱਲਾਂ ਹਨ- ਜਾਣੀ ਭਲੇ ਵੇਲ਼ਿਆਂ ਦੀਆਂ ਭਲੀਆ ਗੱਲਾਂ।

ਜਦੋਂ ਮੈਨੂੰ ਇੰਡੱਸ ਵੈਲੀ ਸੱਭਿਅਤਾ ਦੀ ਵਡਿਆਈ ਦਾ ਪਤਾ ਲੱਗਾ ਤਾਂ ਮੈਂ ਅਪਣੇ ਬਾਪ ਨਾਲ ਮਹਿੰਜੋਦਾੜੋ ਤੇ ਹੜੱਪਾ ਬਾਰੇ ਗੱਲ ਕੀਤੀ ਤਾਂ ਉਹ ਮੋੜ ਕੇ ਝੱਟ ਬੋਲਿਆ, “ਹੜੱਪਾ ਨਹੀਂ, ਅੜੂੱਪਾ ਸੀ, ਅੜੂੱਪਾ। ਬੱਲੇ ਬੱਲੇ, ਓਹ ਤਾਂ ਥੇਹ ਸੀ। ਬਹੁਤ ਵੱਡਾ ਤੇ ਮਸ਼ਹੂਰ ਸੀ। ਕਈਆਂ ਪਿੰਡਾਂ ਜਿੱਡਾ ਸੀ ਇਹ। ਇਹ ਗ਼ਰਕ ਗਿਆ ਸੀ। ਇਹਦਾ ਟੇਸ਼ਣ ਸ਼ਾਹੀਵਾਲ਼ ਤੇ ਚੀਚਾਵਤਨੀ ਦੇ ਵਿਚਾਲ਼ੇ ਪੈਂਦਾ ਆ। ਲੋਕ ਏਥੇ ਡਰਦੇ ਜਾਂਦੇ ਨਹੀਂ ਸੀ ਹੁੰਦੇ। ਗਰਕੀ ਹੋਈ ਥਾਂ ਤੋਂ ਲੋਕ ਡਰਦੇ ਆ।” ਮੈਨੂੰ ਅਪਣੇ ਹਲਕੇ ਫੁਲਕੇ ਕਿਤਾਬੀ ਗਿਆਨ ਤੇ ਨਿਮੋਸ਼ੀ ਹੋਈ।

ਚੱਕ ਨੰਬਰ 67 (167G) ਵਿਚ ਮੇਰੇ ਬਾਪ ਦਾ ਗੱਭਰੂ ਹੋਣਾ ਤੇ ਸ਼ਾਦੀ-ਸ਼ੁਦਾ ਹੋਣਾ ਰਹਿ ਗਿਆ ਹੈ। ਅਸਲ ਚ ਏਸ ਪਿੰਡ ਦਾ ਨਾਂ ਚੱਕ ਨੰਬਰ ਇਕ ਸੌ ਸਤਾਠ ਜੀ ਸੀ। ਪਰ ਇਹ, ਸਤਾਠ ਚੱਕ ਹੀ ਕਹਿੰਦੇ। ਸਾਰੇ ਚੱਕਾਂ ਦੇ ਨਾਂ ਇਨ੍ਹਾਂ ਛੋਟੇ ਕੀਤੇ ਹੋਏ ਸੀ। ਮੇਰੀ ਮਾਂ ਨੂੰ ਮੇਰਾ ਨਾਨਾ ਕੁਛ ਮਹੀਨੇ ਰੌਲਿਆਂ ਤੋਂ ਪਹਿਲਾਂ ਦੇਸ ਲੈ ਆਇਆ ਸੀ। ਓਦੂੰ ਕੁਛ ਮਹੀਨੇ ਪਹਿਲਾਂ ਬਾਬਾ ਮੇਰੀ ਤਾਈ ਨੂੰ ਵੀ ਪਿੰਡ ਛੱਡ ਗਿਆ ਸੀ। ਮੈਂ ਅਪਣੇ ਬਾਪ ਨੂੰ ਕਈ ਵਾਰ ਕਹਿੰਦਾਂ ਹਾਂ: ਤੁਸੀਂ ਪਾਕਿਸਤਾਨ ਜਾ ਆਓ। ਦੇਖ ਆਓ। ਉਹ ਚੁੱਪ ਹੋ ਜਾਂਦਾ ਹੈ। ਮੂੰਹ ਦੂਸਰੇ ਪਾਸੇ ਕਰ ਲੈਂਦਾ ਹੈ, ਜਿਵੇਂ ਓਸ ਅੱਗ ਦੇ ਸੇਕ ਤੋਂ ਅਜੇ ਵੀ ਡਰਦਾ ਹੋਵੇ। ਕਈ ਵਾਰ ਆਖੇਗਾ, ਓਥੇ ਕੋਈ ਹੁਣ ਤਾਂ ਪਛਾਣੂੰ ਵੀ ਨਾ। ਕੀ ਪਤਾ ਕੋਈ ਬਚਿਆ ਵੀ ਹੈਗਾ ਕਿ ਨਹੀਂ। ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਮੇਰਾ ਬਾਪ ਕਦੇ ਕਦੇ ਰੋਣਹਾਕਾ ਹੋ ਜਾਂਦਾ ਹੈ। ਕੀ ਲੈਣਾ ਓਥੇ ਜਾ ਕੇ – ਮਸੀਂ ਤਾਂ ਜਾਨ ਬਚਾ ਕੇ ਨਿਕਲ਼ੇ ਸੀ। ਜਦੋਂ ਖਾਧੀ-ਪੀਤੀ ਹੋਵੇ ਤਾਂ ਕਹੇਗਾ: ਕਿਹੜੇ ਵੇਲੇ ਯਾਦ ਕਰਾਤੇ। ਸਾਰੇ ਖਾਧੇ-ਪੀਤੇ ਦਾ ਸੁਆਦ ਜਾਂਦਾ ਕਰਤਾ। ਜਦੋਂ ਕਿਤੇ ਸੋਫ਼ੀ ਹੋਵੇ ਤਾਂ ਦੋਵੇਂ ਹੱਥ ਪਹਿਲਾਂ ਧਰਤੀ ਨੂੰ ਲਾਏਗਾ ਤੇ ਮਗਰੋਂ ਕੰਨਾਂ ਨੂੰ ਲਾਕੇ ਕਹਿੰਦਾ ਹੈ: “ਹੇ ਸੱਚਿਆ ਪਾਤਸ਼ਾਹ, ਓਹੋ ਜਿਹੇ ਦਿਨ ਤਾਂ ਕਿਸੇ ਵੈਰੀ ਦੁਸ਼ਮਣ ਤੇ ਵੀ ਨਾ ਲਿਆਂਵੀਂ। ਇਨਸਾਨ ਹੈਵਾਨ ਬਣ ਗਏ ਸੀ। ਚੰਗੇ ਭਲੇ ਖੁਸ਼ੀ-ਖੁਸ਼ਹਾਲੀ ਵਸਦੇ ਰਸਦੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਸੀ”। ਇਹ ਵਾਰਤਾ ਮੈਂ ਵਰ੍ਹਿਆਂ ਤੋਂ ਇੰਨ-ਬਿੰਨ ਦੇਖਦਾ-ਸੁਣਦਾ ਵੱਡਾ ਹੋਇਆਂ ਹਾਂ। ਮੇਰੀ ਦਾਦੀ ਵੀ ਏਦਾਂ ਹੀ ਕਰਦੀ ਹੁੰਦੀ ਸੀ। ਹੂ ਬ ਹੂ। ਪਹਿਲਾਂ ਧਰਤੀ ਨੂੰ ਦੋਵੇਂ ਹੱਥ ਲਾਉਂਦੀ ਤੇ ਫਿਰ ਕੰਨਾਂ ਨੂੰ ਲਾਕੇ ਬਿਆਨ-ਵਾਰਤਾ ਸ਼ੁਰੂ ਕਰਿਆ ਕਰਦੀ ਹੁੰਦੀ ਸੀ। ਬਿਲਕੁਲ ਹਮੇਸ਼ਾਂ ਵਾਂਗ। ਮੈਨੂੰ ਪੂਰਾ ਪਤਾ ਹੈ, ਕਿੱਥੇ ਇਨ੍ਹਾਂ ਨੇ ਹਉਕਾ ਭਰਨਾ ਹੈ। ਕਿੱਥੇ ਸਾਹ ਲੈਣਾ ਹੈ ਤੇ ਕਿੱਥੇ ਜਾ ਕੇ ਰੁਕਣਾ। ਇਹ ਸਮੇਂ ਇਨ੍ਹਾਂ ਦੇ ਮਨਾਂ ਚ ਉੱਕਰੇ ਹੋਏ ਹਨ।

ਜਦੋਂ ਪ੍ਰਸੰਗ ਏਥੇ ਆਉਂਦਾ ਤਾਂ ਮੈਂ ਅਪਣੇ ਬਾਪ ਜਾਂ ਦਾਦੀ ਤੋਂ ਪੁੱਛਦਾ ਕਿ ਉਹੋ ਬੰਦੇ ਪਹਿਲਾਂ ਰਲ਼-ਮਿਲ਼ ਕੇ ਰਹਿੰਦੇ ਸੀ। ਫਿਰ ਇਕ ਦਮ ਕੀ ਹੋ ਗਿਆ। ਏਡੀ ਛੇਤੀ ਕਿੱਦਾਂ ਬਦਲ ਗਏ, ਇਹ। ਬਹੁਤੀ ਧਾਰਮਿਕ ਬਿਰਤੀ ਵਾਲ਼ੀ ਮੇਰੀ ਦਾਦੀ ਦੱਸਦੀ ਹੁੰਦੀ ਸੀ ਕਿ ਇਨ੍ਹਾਂ ਤੋਂ ਕੋਈ ਭੁੱਲ ਹੋ ਗਈ ਸੀ। ਪਿਛਲੇ ਜਨਮਾਂ ਦਾ ਕੋਈ ਲੈਣ-ਦੇਣ ਹੀ ਹੋਊ, ਜੋ ਅਪਣੇ ਭੈਣਾਂ-ਭਰਾਵਾਂ (ਹਮਸਾਇਆਂ) ਦੇ ਹੀ ਤੂੰਬੇ ਉਡੌਣ ਤੁਰ ਪਏ ਸੀ। ਪਹਿਲਾਂ ਜਿਹੜੇ ਇਕ ਦੂਜੇ ਦੀਆਂ ਇੱਜ਼ਤਾਂ ਦੇ ਸਾਂਝੀ ਸੀ, ਓਹੀ ਹੁਣ ਉਨ੍ਹਾਂ ਹੀ ਇਜ਼ਤਾਂ ਦੀ ਖਿੱਲੀ ਉਡੌਂਦੇ। ਔਰਤਾਂ ਦੀ ਬੇਪਤੀ ਕਰਕੇ ਖ਼ੁਸ਼ ਹੁੰਦੇ। ਚਾਂਗਰਾਂ ਮਾਰਦੇ। ਚੜਗਿੱਲੀਆਂ ਮਚਾਉਂਦੇ। ਵੱਢ ਵਢਾਂਗਾ ਕਰਦੇ। ਲਲਕਾਰੇ ਮਾਰਦੇ। ਉੱਪਰੋਂ ਅੱਲਾ ਹੂ ਅਕਬਰ, ਹਰ ਹਰ ਮਹਾਂਦੇਵ ਤੇ ਵਾਹਿਗੁਰੂ ਜੀ ਕਾ ਖਾਲਸਾ ਦੇ ਜੈਕਾਰੇ ਛੱਡਦੇ।

ਦਾਦੀ ਫਿਰ ਕਹਿੰਦੀ ਕਿ ਪਹਿਲੋਂ ਸਾਡੇ ਬੰਦਿਆਂ ਨੇ ਹੀ ਮੁਸਲਮਾਨਾਂ ਦੀਆਂ ਧੀਆਂ-ਭੈਣਾਂ ਦੀ ਬਿੱਜਤੀ ਕੀਤੀ ਸੀ। ਮੈਂ ਸੁਆਲਾਂ ਦੇ ਢੇਰ ਲਾ ਦਿੰਦਾ, ਪਰ ਏਦੂੰ ਅੱਗੇ ਮੇਰੀ ਦਾਦੀ ਕੁਛ ਨਾ ਬੋਲਦੀ। ਚੁੱਪ ਕਰ ਜਾਂਦੀ। ਕਈ ਵਾਰੀ ਤਾਂ ਸਾਰਾ ਸਾਰਾ ਦਿਨ ਹੀ ਚੁੱਪ-ਗੜੁੱਪ ਹੋਈ ਰਹਿੰਦੀ। ਕਈ ਵਾਰ ਦੋ ਦੋ ਦਿਨ ਵੀ। ਜਦੋਂ ਉਹ ਖ਼ੁਸ਼ ਹੁੰਦੀ ਤਾਂ ਓਥੇ ਦੇ ਆਂਢ-ਗੁਆਂਢ ਬਾਰੇ ਗੱਲਾਂ ਕਰਦੀ। ਦਸਦੀ ਕਿ ਇਨ੍ਹਾਂ ਦੇ ਲਾਗੇ ਕੋਈ ਮੱਦੂ ਨਾਂ ਦਾ ਜਾਂਗਲੀ ਰਹਿੰਦਾ ਸੀ। ਪਤਾ ਨਹੀਂ ਹੁਣ ਸ਼ੈਤ ਪੂਰਾ ਈ ਹੋ ਗਿਆ ਹੋਊ। ਉਹਦੇ ਨਾਲ ਇਨ੍ਹਾਂ ਦਾ ਬੜਾ ਭਰੱਪਾ ਸੀ। ਉਹ ਇਨ੍ਹਾਂ ਦੇ ਪਸ਼ੂ ਵੀ ਚਾਰ ਲਿਆਉਂਦਾ ਤੇ ਹਲ਼ ਦਾ ਜੋਤਾ ਵੀ ਲੁਆ ਦਿਆ ਕਰਦਾ ਸੀ। ਹੋਰ ਵੀ ਵੇਲੇ ਕੁਵੇਲੇ ਮਦਦ ਕਰ ਦਿੰਦਾ ਸੀ।

ਮੇਰਾ ਬਾਪ, ਅਪਣੇ ਮਾਮੇ ਦੇ ਭਲਵਾਨ ਪੁੱਤ ਦੀਆਂ ਗੱਲਾਂ ਕਰਦਾ ਕਹਿੰਦਾ: ਉਹਦਾ ਨਾਂ ਬੱਗਾ ਸੀ, ਬੜਾ ਤਕੜਾ ਸੀ। ਰੰਗ ਵੀ ਉਹਦਾ ਗੋਰਾ ਨਿਸ਼ੋਹ ਸੀ, ਅੰਗਰੇਜਾਂ ਵਰਗਾ। ਇਹ ਪਿੱਛੇ ਹੀ ਰਹਿ ਗਏ ਸੀ। ਪਤਾ ਨਹੀਂ ਹੁਣ ਹੈ ਵੀ ਕਿ ਨਹੀਂ। ਇਹ ਮੇਰੇ ਬਾਪ ਤੋਂ ਵੱਡਾ ਸੀ, ਮੇਰੇ ਤਾਏ ਦਾ ਹਾਣੀ। ਜਦੋਂ ਇਹਦਾ ਵਿਆਹ ਹੋਇਆ ਤਾਂ ਠੱਠੇ ਮਖ਼ੌਲ ਚ ਇਹਦੀਆਂ ਸਾਲ਼ੀਆਂ ਨੇ ਮਾਰ ਮਾਰ ਕੇ ਇਹਨੂੰ ਰੋਣ ਹਾਕਾ ਕਰ ਦਿੱਤਾ ਸੀ। ਮੇਰਾ ਬਾਪ ਖ਼ੁਸ਼ ਹੁੰਦਾ ਦੱਸ ਦਿੰਦਾ ਹੈ ਕਿ ਜਦੋਂ ਉਹ ਇਹਨੂੰ ਤੰਗ ਕਰਦਾ ਤਾਂ ਇਹ ਉਹਨੂੰ ਇਹ ਕਹਿ ਕੇ ਚੁੱਪ ਕਰਾ ਦਿਆ ਕਰਦਾ ਸੀ ਕਿ "ਜਾਹ ਪਰ੍ਹੇ, ਵੱਡਾ ਭਲਵਾਨ ਬਣਿਆਂ ਫਿਰਦਾ, ਤੈਨੂੰ ਤਾਂ ਬੁੜ੍ਹੀਆਂ ਨੇ ਰੁਆ ਦਿੱਤਾ ਸੀ"।

ਮੁਸਲਮਾਨ ਦੰਗੇਕਾਰ ਅੜਿੱਕੇ ਆਏ ਹਿੰਦੂਆਂ-ਸਿੱਖਾਂ ਨੂੰ ਬੜੀ ਜੁਗਤ ਨਾਲ ਮਾਰਦੇ ਸੀ। ਇੱਕ ਨੇ ਢਿੱਡ ਚ ਜਾਂ ਵੱਖੀ ਚ ਬਰਛਾ ਮਾਰਨਾ। ਜਦੋਂ ਅਗਲੇ ਨੇ ਦਰਦ ਨਾਲ਼ ਰਤਾ ਕੁ ਮੋਹਰ ਨੂੰ ਕੋਡਾ ਹੋਣਾ, ਦੂਸਰੇ ਨੇ ਗਾਟਾ ਲਾਹ ਕੇ ਔਹ ਮਾਰਨਾ, ਜਿਵੇਂ ਬੱਕਰਾ ਝਟਕਾਈਦਾ

ਹੈ। ਜੇ ਕਿਸੇ ਨੇ ਤੜਫਦੇ ਧੜ ਜਾਂ ਸਿਰ ਤੇ ਨਿਵਣਾ ਤਾਂ ਉਹਦਾ ਵੀ ਇਹੋ ਹਾਲ ਕਰਨਾ। ਨਾਲ਼ ਹੀ ਕਈ ਹੋਰ ਮੱਲੋ ਜ਼ੋਰੀ ਫੜੇ ਹੋਣੇ। ਉਨ੍ਹਾਂ ਨੂੰ ਕਹਿਣਾ ਇਨ੍ਹਾਂ ਲਾਸ਼ਾਂ ਨੂੰ ਗੱਡੇ ਤੇ ਲੱਦੀ ਆਉ। ਜੇ ਕਿਸੇ ਨੇ ਨਾਂਹ ਨੁਕਰ ਕਰਨੀ ਤਾਂ ਉਹਦਾ ਹਾਲ ਵੀ ਇਹੋ ਕਰਨਾ। ਬੰਦਿਆਂ ਚ ਪਸ਼ੂਆਂ ਦੀਆਂ ਰੂਹਾਂ ਆ ਵੜੀਆਂ ਸੀ। ਪਰ ਆ ਕਿੱਥੋਂ ਵੜਨੀਆਂ ਸੀ। ਵਿੱਚੇ ਹੀ ਸੀਗੀਆਂ। ਬੱਸ ਮੌਕਾ ਦੇਖ ਕੇ ਉਦੋਂ ਬਾਹਰ ਨਿਕਲ਼ ਆਈਆਂ ਸੀ।

ਉਠਾਲ਼ੇ ਦਾ ਸਮਾਂ ਇਨ੍ਹਾਂ ਦੀ ਦੁਖਦੀ ਰਗ਼ ਹੈ। ਸਰਦੇ ਪੁੱਜਦੇ ਜ਼ਿਮੀਂਦਾਰ ਤਾਂ ਆਨੇ-ਬਹਾਨੇ ਉੱਥੋਂ ਬੋਰੀਆ-ਬਿਸਤਰਾ ਗੋਲ਼ ਕਰ ਲਿਆਏ ਸੀ। ਉਨ੍ਹਾਂ ਨੂੰ ਖ਼ਬਰ ਹੋਣੀ ਆਂ ਕਿ ਦੋ ਮੁਲਕ ਬਣ ਜਾਣੇ ਆਂ ਤੇ ਏਥੋਂ ਉੱਠਣਾ ਹੀ ਪੈਣਾ। ਪਰ ਹਮਾਤੜਾਂ ਨੂੰ ਸਲਾਹ ਦਿੰਦੇ ਸੀ ਕਿ ਰਿਆਸਤਾਂ ਹੀ ਬਦਲਦੀਆਂ ਹੁੰਦੀਆਂ, ਪਰਜਾ ਨਹੀਂ। ਏਸ ਕਰਕੇ ਜੇ ਮੁਲਕ ਬਦਲਿਆ ਵੀ ਤਾਂ ਆਪਾਂ ਨੂੰ ਕੋਈ ਫਰਕ ਨਹੀਂ ਪੈਣਾ। ਤੁਸੀਂ ਏਥੇ ਹੀ ਟਿਕੇ ਰਹੋ। ਬਾਬਾ ਏਦਾਂ ਹੀ ਮੰਨ ਗਿਆ। ਐਨਾ ਸਾਰਾ ਮਾਲ਼ ਡੰਗਰ, ਵਸਦਾ ਰਸਦਾ ਘਰ ਬਾਰ, ਫ਼ਸਲ ਬਾੜੀ ਛੱਡ ਕੇ ਜਾਣ ਨੂੰ ਦਿਲ ਵੀ ਕਿਹਦਾ ਕਰਦਾ ਹੋਣਾ।

ਤੇ ਫਿਰ ਜਦੋਂ ਰੌਲ਼ਾ ਪੈ ਹੀ ਗਿਆ, ਘਰਦਿਆਂ ਨੇ ਬਾਬੇ ਸਾਹਮਣੇ ਫਿਰ ਗੱਲ ਕੀਤੀ ਤਾਂ ਬਾਬੇ ਨੇ ਮੋੜ੍ਹਿਓਂ ਸੱਭ ਨੂੰ ਡਾਂਟਿਆ ਕਿ ਉਹ ਐਵੇਂ ਹਰ ਵੇਲੇ ਇੱਕੋ ਰਟ ਲਾਈ ਰਖਦੇ ਆ। ਤੇ ਫਿਰ ਸਿਰ ਤੇ ਹੀ ਆ ਪਈ। ਬਾਬੇ ਨੇ ਹੁਣ ਕੀ ਕਹਿਣਾ-ਕਰਨਾ ਸੀ। ਬਾਪ ਦਸਦਾ ਹੈ ਕਿ ਇਨ੍ਹਾਂ ਕੋਲ਼ ਛਿੰਗੇ ਵੈਹੜਿਆਂ ਦੀਆਂ ਤਿੰਨ ਜੋਗਾਂ ਸੀ। ਬੜੇ ਚਾਅ ਨਾਲ਼ ਘਰ ਦੇ ਪਾਲ਼ੇ ਹੋਏ। ਸਰੀਰ ਤੇ ਮੱਖੀ ਬੈਠੀ ਤਿਲਕਦੀ ਸੀ। ਕੁਝ ਮਹੀਨੇ ਪਹਿਲਾਂ ਇਨ੍ਹਾਂ ਨੂੰ ਉਨ੍ਹਾਂ ਦਾ ਤਿੰਨ ਤਿੰਨ ਸੌ ਰੁਪਈਆ ਮਿਲਦਾ ਸੀ; ਬਾਬੇ ਨੇ ਕਿਸੇ ਨੂੰ ਲਾਗੇ ਨਹੀਂ ਸੀ ਲੱਗਣ ਦਿੱਤਾ। ਹੁਣ ਅਗਲੇ ਇਨ੍ਹਾਂ ਦੀਆਂ ਅੱਖਾਂ ਸਾਹਮਣੇ ਰੱਸੇ ਖੋਲ੍ਹ ਕੇ ਲੈ ਗਏ। ਮੱਝਾਂ ਵੀ ਲੈ ਗਏ। ਬੱਕਰੀਆਂ ਵੀ। ਇਨ੍ਹਾਂ ਤੋਂ ਕਿਸੇ ਨੂੰ ਦੁਰ ਫਿੱਟੇ ਕਹਿਣ ਵੀ ਹਿੰਮਤ ਨਾ ਪਈ। ਜਦੋਂ ਸਿਰ ਲੁਕੌਣ ਨੂੰ ਮੱਦੂ ਜਾਂਗਲੀ ਇਨ੍ਹਾਂ ਨੂੰ ਅਪਣੇ ਘਰ ਲੈ ਗਿਆ ਤਾਂ ਦੰਗੇਕਾਰ ਮੁਸਲਮਾਨ, ਉਹਨੂੰ ਵੀ ਮਾਰਨ ਪੈ ਗਏ। ਅਖੇ ਤੂੰ ਸਿੱਖਾਂ ਨੂੰ ਅਪਣੇ ਘਰ ਚ ਲੁਕੋਇਆ ਹੈ; ਤੂੰ ਸਾਡੇ ਦੁਸ਼ਮਣਾ ਨੂੰ ਪਨਾਹ ਦਿੰਨਾਂ। ਉਦੋਂ ਤਾਂ ਉਹਨੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਟਰਕਾ ਦਿੱਤਾ। ਅਖ਼ੀਰ ਉਸ ਭਲੇ ਬੰਦੇ ਨੇ ਬਾਬੇ ਨੂੰ ਹੱਥ ਜੋੜ ਕੇ ਕਿਹਾ: ਦੇਖ ਰਾਮ ਸਿਆਂ, ਮੈਂ ਤੁਹਾਡਾ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਦੇਖ ਸਕਦਾ। ਹੁਣ ਮੇਰੇ ਵੱਸੋਂ ਬਾਹਰ ਦੀ ਗੱਲ ਹੋ ਗਈ ਆ। ਇਨ੍ਹਾਂ ਕਾਫ਼ਰਾਂ ਦਾ ਕੋਈ ਪਤਾ ਨਹੀਂ, ਕੀ ਕੀ ਕਰ ਦੇਣ। ਹੁਣ ਤੁਸੀਂ ਆਪਣੀ ਜਾਨ ਬਚਾ ਲਵੋ, ਜਿਵੇਂ ਵੀ ਬਚਦੀ ਆ। ਏਥੋਂ ਚਲੇ ਹੀ ਜਾਓ। ਇਹ ਗੱਲ ਮੱਦੂ ਨੇ ਕਿੰਨੇ ਜੇਰੇ ਨਾਲ਼ ਕਹੀ ਹੋਊ।

ਮੇਰਾ ਬਾਪ ਤੇ ਤਾਇਆ ਹੋਰ ਰਿਸ਼ਤੇਦਾਰਾਂ ਕੋਲ਼ ਰੌਲ਼ੇ ਦੀ ਖ਼ਬਰ ਲੈਣ ਗਏ ਘੇਰੇ ਗਏ ਸੀ। ਡਰਦਿਆਂ ਉਨ੍ਹਾਂ ਨੇ, ਓਥੇ ਹੀ ਇਨ੍ਹਾਂ ਦੇ ਕੇਸ ਲਾਹ ਦਿੱਤੇ ਸੀ। ਬਾਬੇ ਦੀ ਜਾਨ ਮੁੱਠ ਚ ਆਈ ਹੋਈ ਸੀ। ਇਹਦੇ ਦੋ ਜੁਆਨ ਪੁੱਤਾਂ ਦਾ ਕੋਈ ਪਤਾ ਥਹੁ ਨਹੀਂ ਸੀ ਲੱਭਦਾ। ਧੀਆਂ ਨੂੰ 'ਕੱਲੀਆਂ ਛੱਡ ਕੇ ਆਪ ਲੱਭਣ ਜਾਣੋਂ ਰਿਹਾ। ਜੁਆਨ-ਜਹਾਨ ਪੁੱਤਾਂ ਬਿਨਾਂ ਮੈਂ ਧੀਆਂ ਨੂੰ ਕੀ ਕਰਨਾ, ਉਹ ਕਹਿੰਦਾ। ਸਾਰਿਆਂ ਤੋਂ ਛੋਟਾ ਤਾਂ ਸਾਲ ਡੇੜ ਸਾਲ ਦਾ ਹੀ ਸੀ, ਓਦੋਂ। ਲੁਕਦੇ ਲੁਕਾਉਂਦੇ ਬਿਨਾਂ ਕੇਸਾਂ ਤੋਂ ਘਰ ਆਏ ਬਾਪ ਤੇ ਤਾਏ ਵੱਲ ਬਾਬਾ ਔਂਗ੍ਹਾ ਔਂਗ੍ਹਾ ਦੇਖੇ, ਪਰ ਕਿਹਾ ਕੁਝ ਨਾ। ਖ਼ੁਸ਼ ਹੀ ਹੋਣਾ ਬਈ ਘਰ ਤਾਂ ਗਏ। ਕੇਸ ਤਾਂ ਫਿਰ ਰੱਖੇ ਜਾਣਗੇ।

ਜਦੋਂ ਇਹ ਉੱਜੜੇ ਤਾਂ ਸਾਰਾ ਸਮਾਨ ਵਿਹੜੇ ਵਿਚਲ਼ੀ ਖੂਹੀ ਚ ਸੁੱਟ 'ਤਾ। ਇਨ੍ਹਾਂ ਨੂੰ ਅਜੇ ਵੀ ਆਸ ਸੀ ਕਿ ਠੰਢ ਹੋਈ ਤੋਂ ਸ਼ਾਇਦ ਫਿਰ ਮੁੜ ਕੇ ਆ ਜਾਣਾ ਹੈ। ਰਾਹ ਵਿਚ ਦਾਦੀ ਪੜਦੇ ਨਾਲ਼ ਅਪਣੇ ਡੇੜ੍ਹ ਸਾਲ ਦੇ ਪੁੱਤ ਨੂੰ ਵਾਹਣ ਚ ਢੀਮਾਂ ਦੇ ਢੇਰ ਕੋਲ ਬਿਠਾ ਆਈ। ਜਦੋਂ ਭੂਆ ਚੰਨੋ ਨੂੰ ਪਤਾ ਲੱਗਾ ਤਾਂ ਉਹ 'ਕੱਲੀ ਦੋ-ਤਿੰਨ ਮੀਲ ਪਿਛੇ ਜਾਕੇ ਛੋਟੇ ਵੀਰ ਚੁੱਕ ਲਿਆਈ। ਉਹ ਕਹਿੰਦੀ: ਜੇ ਮਰਾਂਗੇ ਤਾਂ ਸਾਰੇ ਇਕੱਠੇ ਹੀ ਮਰਾਂਗੇ; ਇਹਨੂੰ 'ਕੱਲੀ ਜਾਨ ਨੂੰ ਕਿਓਂ ਛੱਡ ਕੇ ਜਾਈਏ। ਮੇਰੀ ਇਹ ਭੂਆ ਰੋਜ਼ਾਨਾ ਦੋ ਵੇਲੇ ਪਾਠ ਕਰਦੀ ਸੀ ਤੇ ਵਾਹਿਗੁਰੂ ਤੇ ਵੱਡਾ ਭਰੋਸਾ ਸੀ ਇਹਨੂੰ। ਉਹਦਾ ਕਹਿਣਾ ਸੀ ਕਿ ਸਾਡਾ ਵਾਲ ਵਿੰਗਾ ਨਹੀਂ ਹੋਣਾ। ਦੇਖ ਲਿਓ, ਕਿਸੇ ਨੇ ਅੱਖ ਚੱਕ ਕੇ ਨਹੀਂ ਦੇਖਣਾ, ਸਾਡੇ ਵੱਲ। ਸਾਡਾ ਵਾਹਿਗੁਰੂ ਹੱਥ ਦੇ ਕੇ ਰੱਖਿਆ ਕਰੂਗਾ, ਸਾਡੀ।

ਉਦੋਂ ਝੱਖੜ ਵੀ ਬੜਾ ਵੱਡਾ ਆਇਆ ਸੀ। ਰੁੱਖ ਨਹਿਰਾਂ ਚ ਜਾ ਪਏ ਸੀ; ਉਨ੍ਹਾਂ ਚ ਫਸੀਆਂ, ਕੱਟੀਆਂ-ਵੱਢੀਆਂ ਲਾਸ਼ਾਂ ਸੀ। ਜਾਂ ਲੱਤਾਂ, ਬਾਹਾਂ, ਸਿਰ ਤੇ ਧੜ। ਜੁਆਨ ਕੁੜੀਆਂ ਦੀਆਂ ਛਾਤੀਆਂ ਵੱਢੀਆਂ ਹੋਈਆਂ ਹੁੰਦੀਆਂ ਜਾਂ ਨੱਕ ਵੱਢੇ ਹੁੰਦੇ। ਲਾਸ਼ਾਂ ਡਾਡ ਮਾਰਦੀਆਂ। ਮਰੇ ਪਸ਼ੂਆਂ ਦੀ ਬੋਅ ਆਉਂਦੀ। ਬਾਪ ਦਸਦਾ ਹੈ ਕਿ ਉਦੋਂ ਦੋਹੀਂ ਪਾਸੀਂ ਹੱਈਆ (ਹੈਜ਼ਾ) ਪੈ ਗਿਆ ਸੀ। ਇਹ ਗੱਲਾਂ ਕਰਦਾ ਮੇਰਾ ਬਾਪ ਫਿਰ ਪਹਿਲਾਂ ਧਰਤੀ ਨੂੰ ਲਾ ਕੇ ਫਿਰ ਕੰਨਾਂ ਨੂੰ ਲਾਕੇ ਕਹਿੰਦਾ ਹੈ "ਤੋਬਾ ਤੋਬਾ, ਹੇ ਸੱਚਿਆ ਪਾਤਸ਼ਾਹ ਓਹੋ ਜਿਹੇ ਦਿਨ ਤਾਂ............। ਜੇ ਮੈਂ ਮੁੜ ਕੇ ਕੋਈ ਗੱਲ ਪੁੱਛ ਬੈਠਾਂ, ਤਾਂ ਕਹਿੰਦਾ ਹੈ "ਲੈ..., ਤੈਨੂੰ ਦੱਸਿਆ ਤਾਂ ਹੈ"। ਅਸਲ ਚ ਉਹ ਇਹ ਗੱਲ ਛੇੜ ਕੇ ਖੁਸ਼ ਨਹੀਂ ਹੁੰਦਾ। ਅਜੇ ਵੀ ਕਦੇ ਟੈਲੀਵਿਯਨ ਤੇ ਮਨੁੱਖੀ-ਘਾਣ ਦੇਖ ਲਏ ਤਾਂ ਤਣ ਜਾਂਦਾ ਹੈ। ਹੋਰ ਨੇੜੇ ਹੋ ਕੇ ਦੇਖਣ ਲਗ ਪੈਂਦਾ ਹੈ। ਬੱਚਿਆਂ ਨੂੰ ਦਬਕ ਕੇ ਚੁੱਪ ਕਰਾ ਦਿੰਦਾ ਹੈ। ਹੋਰ ਧਿਆਨ ਨਾਲ਼ ਦੇਖਦਾ-ਸੁਣਦਾਹੈ। ਓਅ ਹੋ ਹੋ ਹੋ, ਇਹ ਕਹਿਰ ਦਾ ਭਾਣਾ ਕਿੱਥੇ ਵਰਤ ਗਿਆ, ਪੁੱਛਦਾ ਹੈ?

ਜਦੋਂ ਉੱਜੜੇ ਤਾਂ ਚੀਚਾਵਤਨੀ ਤੋਂ ਆ ਕੇ ਮਿੰਟਗੁਮਰੀ ਟੇਸ਼ਣ ਤੇ ਤਿੰਨ ਦਿਨ ਬੈਠ ਰਹੇ, ਲਾਹੌਰ ਜਾਣ ਲਈ। ਸੱਭ ਡਰੇ ਹੋਏ ਸੀ। ਜਾਨ ਦਾ ਸੰਸਾ ਸੀ। ਅੰਮ੍ਰਿਤਧਾਰੀ ਬਾਬੇ ਦੀ ਕੇਸ ਨਾ ਕਟਾਉਣ ਦੀ ਜ਼ਿੱਦ ਇਹਦੀਆਂ ਵੱਡੀਆਂ ਧੀਆਂ ਤੇ ਭੈਣ ਨੇ ਭੰਨੀ। ਭੈਣ ਨੇ ਤਰਲ਼ਾ ਮਾਰਿਆ: ਧੀਆਂ ਦੀ ਧਾੜ੍ਹ ਤੇਰੇ ਨਾਲ਼ ਹੈ। ਤੇਰਾ ਕਰਕੇ ਇਨ੍ਹਾਂ ਨਾਲ਼ ਕੋਈ ਧੱਕਾ ਹੋ ਜਊ। ਬਾਬੇ ਨੂੰ ਮੰਨਣਾ ਪੈ ਗਿਆ।

ਅੱਗੇ ਜਿਹੜੀ ਗੱਡੀ ਤਿੰਨਾਂ ਘੰਟਿਆਂ ਵਿਚ ਲਾਹੌਰ ਲੱਗ ਜਾਂਦੀ ਸੀ, ਓਦਨ ਪੂਰੇ 24 ਘੰਟਿਆਂ ਚ ਪਹੁੰਚੀ। ਸਾਰੀ ਵਾਟ ਸਵਾਰੀਆਂ ਦੇ ਸਾਹ ਸੂਤੇ ਰਹੇ। ਚਿਹਰੇ ਪੀਲ਼ੇ ਭੂਕ ਹੋਏ ਹੋਏ ਸੀ। ਏਦੂੰ ਪਹਿਲੀ ਗੱਡੀ ਪੂਰੇ ਦੀ ਪੂਰੀ ਹੀ ਵੱਢ ਦਿੱਤੀ ਸੀ। ਕੋਈ ਨਹੀਂ ਸੀ ਬਚਿਆ। ਜਿਥੇ ਗੱਡੀ ਖੜ੍ਹੀ ਹੋ ਜਾਂਦੀ, ਦੋ-ਦੋ ਤਿੰਨ-ਤਿੰਨ ਘੰਟੇ ਰੁਕੀ ਰਹਿੰਦੀ। ਲਾਹੌਰ ਪਹੁੰਚ ਕੇ ਤਿੰਨ ਦਿਨ ਵੱਡੇ ਸਾਰੇ ਕੈਂਪ ਚ ਬੈਠੇ ਰਹੇ। ਇਹ ਕਿਸੇ

ਕਾਲਜ ਦੀ ਗਰਾਊਂਡ ਸੀ। ਏਥੇ ਏਨਾ ਮੁਲਕ 'ਕੱਠਾ ਹੋਇਆ ਸੀ ਕਿ ਰਹੇ ਰੱਬ ਦਾ ਨਾਂ। ਲੱਗੇ ਸਾਰੀ ਦੁਨੀਆਂ ਏਥੇ ਹੀ ਆ ਗਈ ਹੈ। ਜੰਗਲ ਪਾਣੀ ਦੀ ਵੀ ਬੜੀ ਔਖ ਸੀ। ਉੱਤੋਂ ਹਮਲੇ ਜਾਂ ਮਾਰੇ ਜਾਣ ਦਾ ਡਰ। ਭੁੱਖੇ ਨਿਆਣੇ ਕੁਰਬਲ ਕੁਰਬਲ ਕਰਦੇ। ਬੀਮਾਰ ਅੜ੍ਹਾਟ ਪਾਉਂਦੇ। ਬੀਬੀਆਂ, ਮਰਿਆਂ ਦੇ ਕੀਰਨੇ ਪਾਉਂਦੀਆਂ। ਸੁੱਤੇ ਉੱਭੜ ਉੱਭੜ ਕੇ ਉੱਠਦੇ। ਲਾਹੌਰੋਂ, ਮਿਲਟਰੀ ਦੇ ਟਰੱਕ ਅਟਾਰੀ ਥਾਣੀਂ ਅੰਮ੍ਰਿਤਸਰ ਵਿਚਦੀ ਹੋ ਕੇ ਜਲੰਧਰ ਛੱਡ ਜਾਂਦੇ। ਵਿਰਲੇ ਹੀ ਪੂਰੇ ਟੱਬਰਾਂ ਨਾਲ ਆਏ ਸੀ। ਦੇਖੋ ਕੁਦਰਤ ਦੇ ਰੰਗ, ਇਹ ਸਾਰਾ ਕਹਿਰ ਬੁੱਧ ਤੇ ਨਾਨਕ ਦੀਆਂ ਜੰਮਣ-ਭੋਆਂ ਤੇ ਹੀ ਹੋਇਆ ਹੈ।

ਜਦੋਂ ਇਨ੍ਹਾਂ ਨੂੰ ਟਰੱਕਾਂ ਚੋਂ ਜਲੰਧਰ ਦੇ ਕੰਪਨੀ ਬਾਗ਼ ਚੌਕ ਚ ਲਾਹਿਆ ਉਦੋਂ ਰਾਤ ਦੇ ਦਸ-ਗਿਆਰਾਂ ਵੱਜ ਗਏ ਸੀ। ਛੋਟੇ ਨਿਆਣੇ ਪਾਣੀ ਮੰਗਣ ਲੱਗੇ। ਬਾਬੇ ਨੇ ਪਰ੍ਹੇ ਹੋ ਕੇ ਚੌਂਕ ਚ ਦੂਸਰੇ ਪਾਸੇ ਮੂੰਹ ਕਰੀ ਖੜੇ ਪਹਿਰੇਦਾਰ ਨੂੰ ਕਿਹਾ, ਖਾਲਸਾ ਜੀ ਨਿਆਣੇ ਤਿਆਹੇ ਆ। ਪਾਣੀ ਦੀ ਸੇਵਾ ਕਰ ਦਿਓ। ਉਹਨੇ ਪਿੱਛੇ ਮੁੜ ਕੇ ਪੁੱਛਿਆ: ਓ ਤੂੰ ਰਾਮ ਸਿਓਂ ਆ? ਕੇਸਾਂ-ਦਾਹੜੀ ਤੋਂ ਬਿਨਾਂ ਉਹਨੇ ਬਾਬੇ ਨੂੰ ਪਛਾਣਿਆਂ ਹੀ ਨਾ। ਆਵਾਜ਼ ਪਛਾਣ ਲਈ ਸੀ। ਦੋਹਾਂ ਨੇ ਧਾਹ ਗਲਵਕੜੀ ਪਾਈ। ਫਿਰ ਕਿੰਨਾ ਚਿਰ ਦੋਵੇਂ ਰੋਂਦੇ ਰਹੇ। ਇਹ ਪਿੰਡ ਦਾ ਭਰੱਪੇ ਵਾਲਾ ਖੇਲਿਆਂ ਦਾ ਸੰਤਾ ਸਿਓਂ ਸੀ। ਇਹਨੇ ਬਾਬੇ ਨੂੰ ਦੱਸਿਆ ਕਿ ਜਦੋਂ ਵੀ ਕੋਈ ਟਰੱਕ ਆਉਂਦਾ ਤਾਂ ਇਹ ਦੇਖਦਾ, ਕਿ ਸਾਡੇ ਬੰਦੇ ਕਦੋਂ ਆਉਣਗੇ। ਪਰ ਦਿਲ ਡਰ ਵੀ ਜਾਂਦਾ ਕਿਤੇ ਕੋਈ ਮਾੜੀ ਚੰਗੀ ਹੀ ਨਾ ਹੋ ਗਈ ਹੋਵੇ। ਉਹ ਸਾਰੇ ਟੱਬਰ ਨੂੰ ਅਪਣੇ ਇੱਕੋ ਕਮਰੇ ਦੇ ਕੁਆਟਰ ਚ ਛੱਡ ਆਇਆ। ਰਾਸ਼ਨ ਪਾਣੀ ਦੇ ਕੇ ਕਹਿੰਦਾ: 'ਰਾਮ ਕਰੋ। ਖਾਓ ਪੀਓ। ਵਾਹਿਗੁਰੂ ਨੇ ਭਲੀ ਕੀਤੀ ਹੈ, ਸੁਖ-ਸੁਖੀਲ਼ੀ ਨਾਲ਼ ਆ ਗਏ। ਹੁਣ ਕਿਸੇ ਦਾ ਡਰ ਨਹੀਂ। ਜਿੰਨਾ ਚਿਰ ਰਹਿਣਾ ਹੈ ਰਹੋ। ਆਪ ਫਿਰ ਡਿਊਟੀ ਤੇ ਚਲਾ ਗਿਆ।

ਸਵੇਰੇ ਜਲੰਧਰੋਂ ਨਕੋਦਰ ਨੂੰ ਬੱਸ ਫੜੀ ਤੇ ਅੱਗੇ ਪਿੰਡ ਨੂੰ ਪੈਰੀਂ ਤੁਰ ਪਏ – ਸਿੱਧਾ ਮਹੇੜੂ, ਢਾਹੇ-ਮੰਢਿਆਲ਼ੇ ਥਾਣੀਂ। ਸਾਰੀ ਵਾਟ ਸੜਕ ਦੇ ਕੰਢ ਕੰਢੇ ਮੁਸਲਮਾਨਾਂ ਦੇ ਕਾਫ਼ਲੇ ਬੈਠੇ ਸੀ, ਘਰੋਂ ਉੱਜੜਨ ਲਈ- ਘਰ ਨੂੰ ਜਾਣ ਲਈ। ਜਿਨ੍ਹਾਂ ਦਾ ਓਧਰ ਜਾਨੀ ਨੁਕਸਾਨ ਹੋਇਆ ਸੀ, ਉਹ ਕਾਫ਼ਲੇ ਵਾਲਿਆਂ ਨੂੰ ਬੁਰਾ-ਭਲਾ ਬੋਲਦੇ। ਇਹ ਤਾਂ ਆਪ ਵਿਚਾਰੇ ਸੀ। ਸਹਿਮੇ ਹੋਏ ਸੀ। ਕਿਹੜਾ ਮਰਜ਼ੀ ਨਾਲ਼ ਚੱਲੇ ਸੀ। ਵਿਚਾਰੇ ਚੁੱਪ ਕਰਕੇ ਨੀਵੀਂਆਂ ਪਾ ਲੈਂਦੇ। ਕੁਝ ਫਿਸ ਪੈਂਦੇ। ਕੁਝ ਡੌਰ-ਭੌਰ ਝਾਕੀ ਹੀ ਜਾਂਦੇ।

ਖੌਪੀਏ ਘਰ ਆਏ ਤਾਂ ਰੌਲ਼ਾ ਪੈ ਗਿਆ, ਰਾਮ ਸਿਓਂ ਕੇ ਆ ਗਏ, ਰਾਮ ਸਿਓਂ ਕੇ ਆ ਗਏ। ਲੋਕਾਂ ਨੇ ਮਰ ਮੁੱਕ ਗਏ ਸਮਝ ਕੇ ਕੋਠਿਆਂ ਤੇ ਕਬਜ਼ੇ ਕਰਨੇ ਸ਼ੁਰੂ ਕਰਤੇ ਸੀ।

ਇਹ ਬਾਤ ਪਾਉਂਦਿਆਂ ਮੇਰੇ ਦਿਲ ਨੂੰ ਡੋਬੂ ਪੈਣ ਲਗ ਪੈਂਦੇ ਹਨ। ਮੈਂ ਸੋਚਦਾ ਹਾਂ ਜਿਨ੍ਹਾਂ ਇਹ ਸਾਰਾ ਕਹਿਰ ਸਿਰ ਤੇ ਝੱਲਿਆ ਹੈ, ਅੱਖੀਂ ਦੇਖਿਆ ਹੈ, ਉਨ੍ਹਾਂ ਦੇ ਦਿਲ ਤੇ ਕੀ ਗੁਜ਼ਰਦੀ ਹੈ। •

# ਭਗਤ ਕਾਲ਼ਾ ਕੁੱਤਾ

ਪਾਕਿਸਤਾਨੋਂ ਉੱਜੜ ਕੇ ਮੇਰੇ ਘਰ ਦੇ ਅਜੇ ਤਿੰਨ-ਚਾਰ ਮਹੀਨੇ ਹੀ ਪਿੰਡ ਬੈਠੇ ਸੀ। ਹੋਰ ਰਾਹ ਖੁੱਲ੍ਹ ਗਿਆ ਸੀ। ਦਾਦੀ ਦਸਦੀ ਹੁੰਦੀ ਸੀ ਕਿ ਉਹ ਦਿਨ ਬਾਹਲ਼ੇ ਔਖੇ ਸੀ। ਉਜਾੜੇ ਦਾ ਦੁੱਖ ਬਹੁਤਾ ਸੀ। ਝੱਟ ਚ ਲੱਖੋਂ ਕੱਖ ਦੇ ਹੋ ਗਏ ਸੀ। ਦਿਨਾਂ ਵਿਚ ਹੀ। ਦਿਨਾਂ ਦਾ ਗੇੜ, ਮੁਹਾਵਰਾ ਏਸ ਕਰਕੇ ਬਣਿਆ ਹੈ। ਤੇ ਦਿਨ ਬਦਲਦਿਆਂ ਨੂੰ ਵੀ ਅੱਖ ਦਾ ਫੋਰ ਲਗਦਾ ਹੈ।

ਫਿਰ ਸਬੱਬ ਬਣ ਗਿਆ ਸੀ। ਜਾਣੂੰ ਜੇਹਲਮੀਂਆਂ ਨੂੰ ਪਤਾ ਲੱਗ ਗਿਆ, ਕਿ ਰਾਮ ਸਿਓਂ ਖ਼ਾਲਮ-ਖ਼ਾਲੀ ਹੋ ਕੇ ਬਾਰ ਚੋਂ ਆਇਆ ਹੈ। ਲੁੱਟ-ਪੁੱਟ ਹੋ ਕੇ। ਉਹ ਇਨ੍ਹਾਂ ਨੂੰ ਲੈਣ ਆ ਗਏ। ਕਹਿੰਦੇ: ਰਾਮ ਸਿਆਂ, ਸਾਡੇ ਨਾਲ਼ ਚੱਲ। ਓਥੇ ਆ ਕੇ ਜ਼ਮੀਨ ਸਾਂਭ ਲੈ। ਮੁੜ ਵਾਹੀ ਖੇਤੀ ਕਰ ਲੈ। ਭਾਬੇ ਦੇ ਮਨ ਨੂੰ ਇਹ ਗੱਲ ਭਾਅ ਗਈ। ਇਹ ਟੱਬਰ ਨੂੰ ਲੈ ਕੇ ਸਿੰਘਪੁਰ ਚਲੇ ਗਿਆ। ਹੋਰ ਪਿੰਡ। ਸਤਲੁਜ ਦਰਿਆ ਦੇ ਕੰਢੇ। ਬੇਟ ਚ। ਪਿੰਡੋਂ ਤਿੰਨ-ਚਾਰ ਮੀਲ, ਦੱਖਣ ਵੱਲ ਨੂੰ।

ਮੁਸਲਮਾਨ ਵੀ ਵਿਚਾਰੇ ਏਧਰੋਂ ਏਦਾਂ ਹੀ ਉੱਠ ਕੇ ਗਏ ਸੀ। ਵਸਦੇ-ਰਸਦੇ। ਨੰਗ-ਮਲੰਗ ਹੋ ਕੇ। 'ਅਪਣੇ' ਮੁਲਕ ਚੋਂ 'ਅਪਣੇ' ਮੁਲਕ ਨੂੰ। ਆਵਦੀ ਮਨ ਮਰਜ਼ੀ ਦੇ ਖ਼ਿਲਾਫ਼। ਸਭ ਕੁਝ ਪਿੱਛੇ ਛੱਡ ਗਏ ਸੀ। ਓਦਾਂ ਹੀ ਜਿੰਦਾਂ ਮੇਰਾ ਬਾਬਾ ਛੱਡ ਆਇਆ ਸੀ। ਉਨ੍ਹਾਂ ਦਾ ਮਾਲ ਡੰਗਰ ਪਿੰਡ ਦੇ ਬਦਮਾਸ਼ਾਂ ਜਾਂ ਤਕੜਿਆਂ ਨੇ ਸਾਂਭ ਲਿਆ ਸੀ। ਸੁਆਰਥੀਆਂ ਨੇ ਲੁੱਟ ਵੀ ਕੀਤੀ ਸੀ। ਕਈ ਮੁਸਲਮਾਨਾਂ ਦੇ ਬੈਠਿਆਂ ਤੇ ਹੀ ਵਧੀਕੀਆਂ ਕਰਨ ਲਗ ਪਏ ਸੀ। ਮਾਲ ਢਾਂਡਾ ਖੋਲ੍ਹਣਾ ਸ਼ੁਰੂ ਕਰ ਦਿੱਤਾ ਸੀ। ਅੱਖਾਂ ਪਰ੍ਹੇ ਕਰਦਿਆਂ ਸਮਾਨ ਲੁੱਟ ਲਿਆ ਸੀ। ਕਈ ਥੁੜ੍ਹਿਆਂ ਨੇ ਘਰ ਵਸਾਉਣ ਲਈ ਮੁਸਲਮਾਨਾਂ ਦੀਆਂ ਧੀਆਂ ਭੈਣਾਂ 'ਤੇ ਅੱਖਾਂ ਰੱਖ ਲਈਆਂ ਸੀ। ਕੁੱਝ ਕੇ ਨੇ ਜੋਰ ਨਾਲ਼ ਚੱਕ ਵੀ ਲਿਆਂਦੀਆ ਸੀ।

ਸਿੰਘਪੁਰੇ ਬਾਬਾ ਆ ਕੇ ਜਿਸ ਮਕਾਨ ਚ ਬੈਠਾ, ਉਹ ਵੀ ਮੁਸਲਮਾਨ ਛੱਡ ਕੇ ਗਏ ਸੀ। ਸਰਦੇ-ਪੁਜਦੇ ਲਗਦੇ ਸੀ। ਵਿੱਚੇ ਚੱਕੀ ਲੱਗੀ ਹੋਈ ਸੀ। ਓਦਾਂ ਹੀ ਛੱਡ ਗਏ ਸੀ। ਲੁੱਟ ਵਾਲ਼ੇ ਇਹਦਾ ਸਮਾਨ ਲਾਹ ਕੇ ਲੈ ਗਏ ਸੀ।

ਸਾਰੇ ਜੀਆਂ ਰਲ਼ਕੇ ਪੋਹਰਿਆ ਪੋਹਰਿਆ ਕਰਕੇ ਮਿਹਨਤ ਕੀਤੀ ਤੇ ਬਾਬੇ ਦੀ ਵਾਹੀ ਫਿਰ ਚੱਲ ਪਈ। ਪਿੰਡ ਵਾਲ਼ੇ ਸੜਦੇ ਸੀ। ਬਾਬੇ ਨੇ ਕਾਲ਼ਾ ਕਤੂਰਾ ਲੈ ਆਂਦਾ। ਨਜ਼ਰਵੱਟੂ। ਨਿੱਕੀ-ਜਿਹੀ ਮਲੂਕੜੀ ਜਿੰਦ। ਬੜੇ ਚਾਅ ਨਾਲ਼ ਪਾਲ਼ਿਆ ਇਨ੍ਹਾਂ ਨੇ। ਪਹਿਲਾਂ ਰੂੰਅ ਦੀਆਂ ਬੱਤੀਆਂ ਬਣਾਉਣੀਆਂ, ਫਿਰ ਦੁੱਧ ਚ ਭਿਉਂਣੀਆਂ। ਫਿਰ ਚੁੰਘਾਉਂਣੀਆਂ। ਹੌਲ਼ੀ-ਹੌਲ਼ੀ ਕਤੂਰੇ ਨੇ ਅੱਖਾਂ ਖੋਲ੍ਹ ਲਈਆਂ। ਰਤਾ ਕੁ ਸੁਰਤ ਫੜੀ, ਤਾਂ ਇਹ ਵਿਹੜੇ ਚ ਖੇਲ੍ਹਣ-ਮੱਲ੍ਹਣ ਭੱਜਣ-ਨੱਠਣ ਲੱਗਾ - ਨਿਆਣਿਆਂ ਹਾਰ। ਇਕ ਦਿਨ ਕੋਈ ਕੁੱਤੀ ਆਈ। ਆਵਾਰਾ। ਕਤੂਰਾ ਮਮਤਾ ਵੱਸ ਕੁੱਤੀ ਵੱਲ ਨੂੰ ਹੋਇਆ। ਤੇਹੁ ਕਰਨ ਨੂੰ। ਕੁੱਤੀ ਨੇ ਐਸਾ ਝਪਟਾ ਮਾਰਿਆ ਕਿ ਕਤੂਰੇ ਦੀ ਅੱਖ ਕੱਢ ਦਿੱਤੀ। ਵਿਚਾਰਾ ਬੜਾ ਕੁਰਲਾਇਆ; ਬਾਲ ਉਮਰੇ ਹੀ ਅੱਖ ਗਵਾ ਬੈਠਾ। ਬਾਅਦ ਚ ਘਰ ਵਾਲ਼ੇ ਇਹਨੂੰ ਕਾਲ਼ਾ ਕੁੱਤਾ ਆਖਦੇ ਰਹੇ। ਪਿੰਡ ਵਾਲ਼ੇ ਕਾਣਾ ਕੁੱਤਾ ਕਹਿੰਦੇ। ਦਾਦੀ ਇਹਨੂੰ ਭਗਤ ਕਿਹਾ ਕਰਦੀ ਸੀ।

ਘਰਦਿਆਂ ਇਹਦੀ ਬੜੀ ਸੇਵਾ ਕੀਤੀ। ਘੱਟ ਇਹਨੇ ਵੀ ਨਹੀਂ ਕੀਤੀ, ਪੂਰਾ ਮੋੜ ਮੋੜਿਆ। ਦਰਿਆ ਕੰਢੇ ਹੋਣ ਕਰਕੇ ਫ਼ਸਲਾਂ ਨੂੰ ਗਿੱਦੜ, ਗੋਂਦਾਂ ਤੇ ਜੰਗਲੀ ਸੂਰ ਮਾਰ ਕਰਦੇ ਸੀ। ਕਮਾਦ ਤੇ ਮੱਕੀ ਨੂੰ। ਮੇਰੇ ਬਾਪ ਨੇ ਰਾਤ ਨੂੰ ਕਾਲ਼ੇ ਕੁੱਤੇ ਨੂੰ ਫ਼ਸਲ ਦੇ ਵਿਚਾਲ਼ੇ ਕਰਕੇ ਬੰਨ੍ਹ ਆਉਣਾ। ਜਦੋਂ ਸੂਰਾਂ, ਗੋਂਦਾਂ ਜਾਂ ਗਿੱਦੜਾਂ ਫ਼ਸਲ ਵੱਲ ਆਉਣਾ, ਕਾਲ਼ੇ ਕੁੱਤੇ ਨੇ ਜ਼ੋਰ ਜ਼ੋਰ ਨਾਲ਼ ਭੌਂਕਣਾ। ਜੰਗਲੀ ਜਾਨਵਰਾਂ ਡਰਦਿਆਂ ਭੱਜ ਜਾਣਾ। ਸੈਆਂ ਦੀ ਫ਼ਸਲ ਦਾ ਬਚਾਅ ਹੋ ਜਾਣਾ। ਇਨ੍ਹਾਂ ਨੇ ਸਵੇਰ ਨੂੰ ਕੁੱਤੇ ਨੂੰ ਖੋਲ੍ਹ ਕੇ ਲੈ ਆਉਣਾ। ਘਰ ਦਾ ਖੁੱਲਾ ਦੁੱਧ ਸੀ; ਦਾਦੀ ਨੇ ਦੁੱਧ ਪਿਆਉਣਾ; ਰੋਟੀ ਪਾਉਣੀ।

ਦਾਦੀ ਨੇ ਜਾਂ ਮਾਂ ਨੇ ਖੂਹ 'ਤੇ ਰੋਟੀ ਲੈ ਕੇ ਜਾਣੀ। ਇਹਨੇ ਵੀ ਨਾਲ ਤੁਰ ਪੈਣਾ। ਆਪੇ ਹੀ। ਪੋਲੇ ਪੋਲੇ ਪੈਰੀਂ। ਹੌਲ਼ੀ ਹੌਲ਼ੀ। ਮਗ਼ਰੇ ਮਗ਼ਰ। ਛਾਹ ਵੇਲੇ ਵੀ। ਦੁਪਿਹਰੀ ਵੇਲੇ ਵੀ ਤੇ ਲੌਢੇ ਵੇਲੇ ਵੀ। ਜਿੰਦਾਂ ਜਾਣਾ ਓਦਾਂ ਹੀ ਨਾਲ਼ ਮੁੜ ਆਉਣਾ। ਰਾਤ ਨੂੰ ਘਰ ਦੀ ਰਾਖੀ ਕਰਨੀ ਜਾਂ ਫ਼ਸਲਾਂ ਦੀ। ਕਾਲ਼ਾ ਕੁੱਤਾ ਘਰ ਦਾ ਜੀਅ ਸੀ।

ਜਿੰਦਾਂ ਦਾ ਪਾਕਿਸਤਾਨ ਚ ਛੱਡ ਆ ਕੇ ਆਏ ਸੀ, ਬਾਬੇ ਦਾ ਕੰਮ ਸਿੰਘਪੁਰੇ ਆ ਕੇ ਮੁੜ ਓਦਾਂ ਦਾ ਹੀ ਹੋ ਗਿਆ। ਬਾਪ ਦਸਦਾ ਹੈ ਕਿ ਲੋਹੜੇ ਦੀ ਫ਼ਸਲ ਹੋਣੀ। ਬੋਹਲ਼ਾਂ ਦੇ ਬੋਹਲ਼ ਲੱਗ ਜਾਣੇ। ਫ਼ਸਲ ਰੱਖਣ ਨੂੰ ਥਾਂ ਥੁੜ ਜਾਣਾ। ਲੋਕਾਂ ਸੜਨਾ। ਕਾਲ਼ੇ ਕੁੱਤੇ ਨੇ ਬੋਹਲ਼ਾਂ ਮੁੱਢ ਬੈਠੇ ਰਹਿਣਾ। ਖ਼ਬਰਦਾਰੀ ਰੱਖਣੀ – ਪੂਰੀ ਰਾਖੀ ਕਰਨੀ। ਮਜ਼ਾਲ ਆ ਕਿਤੇ ਚਿੜੀ ਵੀ ਫੜਕਣ ਦੇਣੀ।

ਫਿਰ ਅਚਾਨਕ ਚੰਗੇ ਭਲੇ ਵਗਣ ਵਾਲੇ ਪਸ਼ੂ ਮਰਨ ਲੱਗ ਪਏ। ਇਕ ਇਕ ਕਰਕੇ ਘਰ ਦੇ ਜੀਅ ਮਰਨ ਲਗ ਪਏ। ਮੈਥੋਂ ਵੱਡੀਆਂ ਦੋ ਭੈਣਾਂ ਬਾਲ ਉਮਰੇ ਤੁਰ ਗਈਆਂ। ਮੈਥੋਂ ਵੱਡਾ ਵੀ ਤੁਰ ਗਿਆ। ਬਾਬਾ ਆਪ ਵੀ ਤੁਰ ਗਿਆ। ਬਾਪ ਦਾ ਦਿਲ ਟੁੱਟ ਗਿਆ। ਉੱਤੋਂ ਕਿਸੇ ਨੇ ਭਰਮ ਪਾ ਦਿੱਤਾ: ਜੇ ਏਥੇ ਰਹੋਗੇ, ਤਾਂ ਨੁਕਸਾਨ ਹੋਈ ਹੀ ਜਾਣਾ। ਜੀਆਂ ਦੇ ਬਚਾਅ ਲਈ ਥਾਂ ਬਦਲੋ। ਦਾਦੀ ਨੇ ਬਾਪ ਨੂੰ ਕਿਹਾ। ਦੇਖ ਪੁੱਤ,

ਇਕੋ ਇਕ ਟਿੰਡ ਬਚੀ ਆ, ਇਹਨੂੰ ਪਿੰਡ ਲੈ ਚੱਲ। ਜੀਅ ਰਾਜ਼ੀ ਖ਼ੁਸ਼ੀ ਰਹਿਣ, ਕੰਮ ਆਪੇ ਚੰਗੇ ਮਾੜੇ ਚਲਦੇ ਰਹਿੰਦੇ ਹੁੰਦੇ ਆ। ਬਾਪ ਨੇ ਖਾਂਦਾ-ਪੀਂਦਾ ਘਰ ਛੱਡ ਕੇ ਮੁੜ ਪਿੰਡ ਆਉਣ ਦਾ ਮਨ ਬਣਾ ਲਿਆ। ਛੇ ਮਹੀਨੇ ਸਿੰਘਪੁਰਿਓਂ ਸਾਮਾਨ ਢੋਂਦੇ ਰਹੇ। ਲੋਕਾਂ ਸੁੱਤੇ ਹੋਣਾ। ਮਾਂ ਬਾਪ ਨੇ ਰਾਤ ਨੂੰ ਦੋ ਗੇੜੇ ਲਾਉਣੇ। ਕਾਲ਼ੇ ਕੁੱਤੇ ਨੇ ਵੀ ਨਾਲ਼ ਹੀ ਹੋਣਾ। ਇਨ੍ਹਾਂ ਦੇ ਮਗਰੇ ਮਗਰ। ਜਦੋਂ ਪਿੰਡ ਆ ਵਸੇ, ਤਾਂ ਕਾਲ਼ਾ ਕੁੱਤਾ ਨਾਲ਼ ਤਾਂ ਆ ਗਿਆ। ਪਰ ਫਿਰ ਮੁੜ ਗਿਆ। ਇਕ ਦੋ ਵਾਰ ਫਿਰ ਲਿਆਂਦਾ। ਇਹਨੇ ਫਿਰ ਮੁੜ ਜਾਣਾ।

ਹਰ ਸਾਲ ਦਾਦੀ ਨਾਲ ਮੈਂ ਸਿੰਘਪੁਰੇ ਮੇਲੇ ’ਤੇ ਜਾਣਾ। ਕੁੱਤੇ ਨੇ ਸਾਡੇ ਕੋਲ਼ ਆ ਕੇ ਬਹਿ ਜਾਣਾ। ਹੌਲ਼ੀ ਹੌਲ਼ੀ ਨੇੜੇ ਹੋ ਕੇ ਆਵਦੀ ਬੂਥੀ ਦਾਦੀ ਦੇ ਪੈਰਾਂ ਨੂੰ ਲਾ ਦੇਣੀ। ਜਿਵੇਂ ਪੈਰੀਂ ਪੈਣਾ ਕਰਦਾ ਹੋਵੇ। ਦਾਦੀ ਨੇ ਇਹਦੇ ਸਿਰ ’ਤੇ ਹੱਥ ਫੇਰਨਾ। ਪਿਆਰ ਦੇਣਾ। ਇਹਨੇ ਲੋਟਣੀਆਂ ਖਾਣ ਲੱਗ ਜਾਣਾ। ਚਾਂਬਲ਼ ਜਾਣਾ। ਜਿੰਨਾ ਚਿਰ ਅਸੀਂ ਓਥੇ ਰਹਿਣਾ। ਕੁੱਤੇ ਨੇ ਸਾਡੇ ਕੋਲ਼ ਹੀ ਬੈਠੇ ਰਹਿਣਾ – ਭੋਰਾ ਵਿਸਾਹ ਨਾ ਕਰਨਾ। ਜੇ ਅਸੀਂ ਉੱਠ ਕੇ ਕਿਤੇ ਹੋਰ ਵੀ ਜਾਣਾ ਤਾਂ ਦੱਬਵੇਂ ਪੈਰੀਂ ਇਹਨੇ ਵੀ ਨਾਲ਼ ਹੀ ਹੋ ਤੁਰਨਾ। ਸਾਡਾ ਵਿਸਾਹ ਨਾ ਕਰਨਾ।

ਜਦੋਂ ਅਸੀਂ ਸਿੰਘਪੁਰਿਓਂ ਘਰ ਨੂੰ ਵਾਪਸ ਮੁੜਨਾ, ਤਾਂ ਇਹਨੇ ਵੀ ਨਾਲ਼ ਹੀ ਤੁਰ ਪੈਣਾ। ਸਹਿਜੇ ਸਹਿਜੇ, ਸਾਡੇ ਪਿੱਛੇ-ਪਿੱਛੇ। ਪੈੜ ਚ ਪੈੜ ਰੱਖੀ ਆਉਣੀ। ਅਖ਼ੀਰ ਤੇ ਜਦੋਂ ਬਾਲੋਕੀ ਲਾਗੇ ਆਉਣਾ, ਤਾਂ ਦਾਦੀ ਨੇ ਕਹਿਣਾ: ਭਗਤਾ, ਚਲ ਹੁਣ ਮੁੜ ਜਾਹ। ਇਹਨੇ ਪਹਿਲਾਂ ਓਥੇ ਖੜੋ ਜਾਣਾ। ਫਿਰ ਬਹਿ ਜਾਣਾ। ਜਿੰਨਾ ਚਿਰ ਅਸੀਂ ਅੱਖਾਂ ਤੋਂ ਓਹਲੇ ਨਾ ਹੋ ਜਾਣਾ, ਇਹਨੇ ਬੈਠਾ ਰਹਿਣਾ। ਫਿਰ ਮੋੜਾ ਪਾ ਲੈਣਾ। ਸਾਲੋ-ਸਾਲੀ ਇਹੀ ਵਰਤਾਰਾ ਚਲਦਾ ਰਿਹਾ ਸੀ।

ਫਿਰ ਇਕ ਵਾਰੀ ਮੇਲੇ ’ਤੇ ਗਏ, ਤਾਂ ਕਾਲ਼ਾ ਕੁੱਤਾ ਸਾਡੇ ਕੋਲ਼ ਨਾ ਆਇਆ। ਨਾ ਹੋਰ ਕਿਤੇ ਈ ਦਿਸਿਆ। ਮੇਲੇ ਤੋਂ ਵਿਹਲੀ ਹੋ ਕੇ ਦਾਦੀ ਨੇ ਪੁੱਛਿਆ, ਤਾਂ ਪਤਾ ਲੱਗਾ ਕਿ ਉਹ ਤਾਂ ਤਿੰਨ ਕੁ ਮਹੀਨੇ ਹੋਏ ਤੁਰ ਗਿਆ ਸੀ। ਮਸੋਸੀ ਹੋਈ ਦਾਦੀ ਕਹਿੰਦੀ: ਭਗਤ ਆਵਦੀ ਪੂਰੀ ਨਿਭਾਅ ਗਿਆ।

ਸਿੰਘਪੁਰ ਮੁੜ ਕੇ ਉਹ ਨਹੀਂ ਸੀ ਰਿਹਾ। ਪਹਿਲਾਂ ਜਾਣਾ ਘਟ ਗਿਆ; ਫਿਰ ਉੱਕਾ ਹੀ ਛੁੱਟ ਗਿਆ। ਹੌਲ਼ੀ ਹੌਲ਼ੀ ਸਿੰਘਪੁਰਾ ਭੁੱਲਦਾ ਭੁੱਲਦਾ ਭੁੱਲ ਹੀ ਗਿਆ। ਪਰ ਘਰ ਦਿਆਂ ਨੂੰ ਅਪਣਾ ਜੀਅ ਕਾਲ਼ਾ ਕੁੱਤਾ ਹਾਲੇ ਵੀ ਯਾਦ ਹੈ। ◆

# ਭੂਆ ਚੰਨੋ

ਮੇਰੀਆਂ ਦੋ ਦਾਦੀਆਂ ਸੀ। ਵੱਡੀ ਦਾ ਨਾਂ ਮਹਾਂ ਕੌਰ ਸੀ। ਪਿੰਡ ਵਾਲ਼ੇ ਇਹਨੂੰ ਮਾਹੋਂ ਕਹਿੰਦੇ ਸੀ। ਇਹਤੋਂ ਬਾਬੇ ਦੀਆਂ ਤਿੰਨ ਧੀਆਂ ਤੇ ਇਕ ਪੁੱਤ ਸੀ। ਈਸਰੀ ਤੇ ਧੰਨੋ ਵੱਡੀਆਂ ਤੇ ਭੂਆ ਚੰਨੋ ਤੀਜੇ ਥਾਂ ਸੀ; ਦੋਂਹ ਭੈਣਾਂ ਤੋਂ ਛੋਟੀ ਤੇ ਤਾਏ ਤੋਂ ਵੱਡੀ। ਬੀਬੀ ਰਾਣੀ। ਅਕਲਾਂ ਵਾਲ਼ੀ।

ਬਾਬੇ ਦੀ ਕੋਈ ਫ਼ੋਟੋ ਨਿਸ਼ਾਨੀ ਮੈਨੂੰ ਨਹੀਂ ਲਭਦੀ। ਦਸਦੇ ਹਨ ਕਿ ਇਹ ਬਰਕਤ ਵਾਲਾ ਜੀਅ ਸੀ। ਜਿਹੜੇ ਕੰਮ ਨੂੰ ਹੱਥ ਪਾਉਂਦਾ, ਸਰ ਹੋ ਜਾਂਦਾ। ਜਿੰਨਾ ਚਿਰ ਬਾਬਾ ਰਿਹਾ, ਘਰ ਚ ਚਹਿਲ-ਪਹਿਲ ਹੀ ਰਹੀ। ਇਹ ਵੱਡੇ ਰੌਲ਼ਿਆਂ ਵੇਲ਼ੇ ਵਸਦੇ-ਰਸਦੇ ਖਾਂਦੇ-ਪੀਂਦੇ ਪਾਕਿਸਤਾਨੋਂ ਤੇੜ ਦੇ ਕਪੜਿਆਂ ਨਾਲ ਹੀ ਨਿਕਲ਼ੇ ਸੀ। ਬਾਬੇ ਦੀ ਹਿੰਮਤ ਨਾਲ਼ ਟੱਬਰ ਫਿਰ ਚੰਗੀ ਰੋਟੀ ਖਾਂਦਾ ਹੋ ਗਿਆ ਸੀ। ਦਸਾਂ ਨੌਹਾਂ ਦੀ ਕਿਰਤ ਨਾਲ਼ ਨਕੋਦਰ ਪਲਾਟ ਵੀ ਖ਼ਰੀਦੇ ਸੀ – ਇਹ ਗੱਲਾਂ 1951-52 ਕੁ ਦੇ ਗੇੜ ਦੀਆਂ ਹੋਣਗੀਆਂ। ਮੇਰੇ ਜੰਮਣੋ ਕਿਤੇ ਪਹਿਲਾਂ ਦੀਆਂ। 1948 ਦੇ ਹੜ੍ਹਾਂ ਚ ਬਾਬੇ ਦੀਆਂ ਦਿੱਤੀਆਂ ਜ਼ਾਮਨੀਆਂ ਦੀਆਂ ਤਕਾਵੀਆਂ ਸਾਨੂੰ 1977 ਚ ਭਰਨੀਆਂ ਪੈ ਗਈਆਂ ਸੀ। ਘਰ ਦੇ ਦਸਦੇ ਹਨ ਕਿ ਠੰਡੇ ਸੁਭਾਅ ਦਾ ਰੰਗ ਦਾ ਗੋਰਾ ਬਾਬਾ ਕੱਦੋਂ ਰਤਾ ਮਧਰਾ ਸੀ। ਭੂਆ ਜੁਆਨ ਨਿਕਲ਼ੀ। ਲੰਮ ਸੁਲੰਮਾ ਕੱਦ-ਪੰਜ ਫੁੱਟ ਸੱਤ ਅੱਠ ਇੰਚ ਤਾਂ ਜ਼ਰੂਰ ਹੋਊ। ਗੋਰਾ ਰੰਗ ਤੇ ਮੱਥਾ ਚੌੜਾ। ਤਿੱਖਾ ਨੱਕ। ਦਗ਼-ਦਗ਼ ਕਰਦੇ ਚਿਹਰੇ 'ਤੇ ਕੋਈ ਨੂਰੀ ਆਭਾ ਹਰ ਵੇਲ਼ੇ ਸੋਭ੍ਰਵਾਨ ਰਹਿੰਦੀ। ਸਖ਼ੀ, ਸਿਦਕਵਾਨ, ਸ਼ਾਂਤੀ ਦੀ ਮੂਰਤ, ਭੂਆ ਹਲੀਮੀ ਨਾਲ਼ ਨੀਵਾਂ ਬੋਲਦੀ। ਮਿੱਠਾ ਮਿੱਠਾ। ਹਰ ਵੇਲੇ ਰੱਬ ਦਾ ਨਾਂ ਲੈਣ ਵਾਲ਼ੀ ਸੀ। ਸਾਦੀ ਸੂਰਤ। ਕਿਸੇ ਗੱਲ ਦਾ ਕੋਈ ਲੋਭ ਨਹੀਂ। ਗਹਿਣੇ-ਗੱਟੇ ਦਾ ਕੋਈ ਮੋਹ ਨਹੀਂ। ਬੱਸ ਦਸਾਂ ਨਹੁੰਆਂ ਦੀ ਕਿਰਤ ਤੇ ਰੱਬ ਦੇ ਨਾਂ ਤੇ ਜ਼ੋਰ।

ਬਾਬੇ ਨੇ ਪਹਿਲਾਂ ਵੱਡੀ ਧੀ ਵਿਆਹ ਦਿੱਤੀ ਸੀ; ਤੇ ਤਿੰਨੀਂ ਚੌਂਹ ਸਾਲੀਂ ਭੂਆ ਚੰਨੋ ਦਾ ਤੇ ਇਹਤੋਂ ਵੱਡੀ ਧੰਨੋ ਦਾ 'ਕੱਠੀਆਂ ਦਾ ਵਿਆਹ ਕਰ ਦਿੱਤਾ। ਵੱਡੀ ਦੇ ਸਹੁਰੇ ਕੀਨੀਆਂ ਤੋਂ ਆਏ ਸੀ। ਇਲਡੋਰੈਟ ਤੋਂ। ਪਿੱਛਿਓਂ ਉਹ ਜਮਸ਼ੇਰ ਦੇ ਸੀ। ਬਾਹਰ ਦੀ ਖੱਟੀ ਕਮਾਈ ਸੀ। ਨਾਂ ਵੀ ਵੱਡਾ ਈ ਹੋਣਾ ਸੀ। ਇਹ ਗੱਲਾਂ ਵੀ ਮੇਰੇ ਜੰਮਣ ਤੋਂ ਕਿਤੇ ਪਹਿਲਾਂ ਦੀਆਂ ਨੇ। ਜਮਸ਼ੇਰ ਵਾਲ਼ੀ ਭੂਆ ਦੀ ਵੱਡੀ ਧੀ ਦਾ ਜਨਮ 1935 ਦਾ ਹੈ। ਕੀਨੀਆ ਦਾ।

ਭੂਆ ਚੰਨੋ ਦਾ ਰਿਸ਼ਤਾ ਪਲੇਠੀ ਭੂਆ ਅਪਣੇ ਦਿਓਰ ਨੂੰ ਲੈ ਗਈ। ਬਾਬੇ ਨੇ ਸੁਨੇਹਾ ਘੱਲ ਕੇ ਜੇਠੀ ਧੀ ਤੇ ਜੁਆਈ ਨੂੰ ਸਮਝੌਤੀ ਕੀਤੀ: ਦੇਖੋ ਭਾਈ ਤੁਸੀਂ ਆਵਦਾ ਪੱਲਾ ਦੇਖਿਓ। ਜਮਸ਼ੇਰੀਆਂ ਦੀ ਰੀਸ ਕਰਨ ਦੀ ਕੋਈ ਲੋੜ ਨਹੀਂ। ਬਾਬੇ ਨੂੰ ਵੱਡੀ ਧੀ ਦੇ ਘਰ ਦੀ ਖ਼ਬਰ ਹੀ ਸੀ। ਘਰੀਂ ਜੰਮਿਆਂ ਦੇ ਦੰਦ ਨਹੀਂ ਗਿਣੀਂਦੇ। ਭੂਆ ਨੂੰ ਤਾਂ ਆਵਦੇ ਘਰ ਦੀ ਖ਼ਬਰ ਸੀਗੀ ਹੀ। ਵੱਡਾ ਫੁੱਫੜ ਐਂਵੇ ਫ਼ੋਕੀ ਹੈਂਕੜ ਚ ਆ ਗਿਆ। ਉਹ ਮੋਹਰਿਓਂ ਤਾਅ ਚ ਆ ਕੇ ਕਹਿੰਦਾ: ਲੈ, ਅਸੀਂ ਕਿਹਦੀ ਧੀ ਭੈਣ ਨਾਲ਼ੋਂ ਘੱਟ ਆਂ। ਉਹਨੇ ਬਾਬੇ ਦੀ ਸਲਾਹ ਤਾਂ ਕੀ ਮੰਨਣੀ ਸੀ ਉਲਟਾ ਫੜ-ਫੜਾ ਕੇ ਵਿਤੋਂ ਵੱਧ ਖ਼ਰਚਾ ਕਰ ਲਿਆ। ਗਹਿਣੇ ਵੀ ਮੰਗਵੇਂ ਲੈ ਕੇ ਪਾ ਦਿੱਤੇ। ਜਮਸ਼ੇਰੀਆਂ ਦੀ ਬਰਾਬਰੀ ਕਰਨ ਲਈ।

ਭੂਆ ਦਾ ਬਾਲ ਵਿਆਹ ਹੋਇਆ ਸੀ। ਉਦੋਂ ਏਦਾਂ ਹੀ ਹੁੰਦੇ ਹੋਣੇ ਆ। ਵਸਣ ਤੋਂ ਪਹਿਲਾਂ ਮੁਕਲਾਵਾ ਪੰਜੀਂ ਸਾਲੀਂ ਤੋਰਨਾ ਸੀ। ਫਿਰ ਤਰੌਜਾ। ਵਿਆਹ ਤੋਂ ਬਾਅਦ ਗਹਿਣੇ ਭੂਆ ਨਾਲ਼ ਲੈ ਆਈ ਸੀ। ਸਾਲ ਨਿਕਲ਼ਿਆ, ਦੋ ਸਾਲ ਨਿਕਲ ਗਏ। ਗਹਿਣੇ ਮੁੜ ਕੇ ਉਦੋਂ ਹੀ ਜਾਣੇ ਸੀ, ਜਦੋਂ ਭੂਆ ਸਹੁਰੇ ਜਾਂਦੀ। ਉਹ ਜ਼ੋਰ ਪਾਉਣ ਲੱਗੇ। ਬਾਬਾ ਮੰਨੇ ਨਾ। ਕਹੇ: ਅਜੇ ਨਹੀਂ, ਅਜੇ ਮੇਰੀ ਧੀ ਨਿਆਣੀ ਆਂ। ਥੋੜ੍ਹਾ ਚਿਰ ਘੈਂਸ-ਘੈਂਸ ਹੁੰਦੀ ਰਹੀ। ਅਖ਼ੀਰ ਮੁਕਲਾਵੇ ਦੇ ਦਿਨ ਰੱਖ ਦਿੱਤੇ। ਓਧਰੋਂ ਭੂਆ ਬੀਮਾਰ ਪੈ ਗਈ। ਦਿਨ ਮਿਥੇ ਹੋਏ ਸੀ। ਬਾਬੇ ਨੇ ਬੀਮਾਰ ਧੀ ਦਾ ਈ ਮੁਕਲਾਵਾ ਤੋਰ ਦਿੱਤਾ। ਭੂਆ ਸਹੁਰੀਂ ਮੁਕਲਾਵੇ ਚਲੇ ਤਾਂ ਗਈ, ਪਰ ਗਈ ਮੰਜੇ 'ਤੇ ਪੈ ਕੇ। ਬਸ, ਸਹੁਰੇ ਘਰ ਫੇਰਾ ਪੁਆਇਆ ਤੇ ਉਨ੍ਹੀਂ ਪੈਰੀਂ ਵਾਪਸ ਲੈ ਆਏ। ਦਿਨ ਪਾ ਕੇ ਭੂਆ ਠੀਕ ਹੋ ਗਈ। ਤਿੰਨੀਂ ਚੌਂਹ ਸਾਲੀਂ ਬਾਬਾ ਕਹੇ: ਹੁਣ ਤਰੌਜਾ ਲੈ ਜਾਓ। ਫਿਰ ਉਹ ਪੈਰ ਘੜੀਸਣ। ਵਿਆਹ ਵੇਲੇ ਗਹਿਣੇ ਤਾਂ ਫੜ-ਫੜਾ ਕੇ ਲਿਆਏ ਸੀ। ਹੁਣ ਮੁੜ ਕੇ ਕਿੱਥੋਂ ਲੈ ਕੇ ਆਉਣ। ਵੱਡਾ ਫੁੱਫੜ ਆਪ ਵੀ ਫੇਰੇ ਤੋਰੇ ਵਾਲ਼ਾ ਸੀ। ਨਿਰਾ ਗੱਲਾਂ ਦਾ ਖੱਟਿਆ ਖਾਣ ਵਾਲ਼ਾ। ਸਿਰੇ ਦਾ ਕੰਮਚੋਰ।

ਹੀਣਤ ਦਾ ਮਾਰਿਆ ਛੋਟਾ ਫੁੱਫੜ ਬਾਰ ਨੂੰ ਚਲਾ ਗਿਆ। ਕਮਾਈ ਕਰਨ। ਥੋੜ੍ਹੀ ਦੇਰ ਓਥੇ ਰਿਹਾ। ਉਹਨੇ ਸੁਨੇਹੇ ਭੇਜੇ ਕਿ ਭੂਆ ਨੂੰ ਭੇਜ ਦਿਓ। ਬਾਬਾ ਕਹਿੰਦਾ: ਬੰਦਿਆ ਆਂਗੂੰ ਆਓ, ਤੇ ਲੈ ਕੇ ਜਾਓ। ਤੇ ਝੱਟ ਮਗਰੋਂ ਭਾਣਾ ਈ ਵਰਤ ਗਿਆ। ਫੁੱਫੜ ਰਤਾ ਕੁ ਢਿੱਲਾ ਹੋਇਆ। ਸਵਾਸ ਛੱਡ ਗਿਆ। ਪਲਾਂ ਚ ਖੇਡ ਖ਼ਤਮ ਹੋ ਗਈ। ਦਸਣ ਵਾਲ਼ੇ ਦਸਦੇ ਹਨ ਕਿ ਇਹ ਫੁੱਫੜ ਮੂੰਹ ਮੱਥੇ ਲੱਗਦਾ ਸੀ। ਤਿੱਖੇ ਨੈਣ ਨਕਸ਼ਾਂ

ਵਾਲ਼ਾ। ਜੁਆਨ। ਸੁਹਣਾ ਸੁਨੱਖਾ। ਯੂਰਪੀਨਾਂ ਵਰਗਾ ਦਿਸਦਾ ਸੀ। ਏਸ ਗੱਲੋਂ ਵੱਡੀ ਦਾਦੀ ਨੇ ਬਾਬੇ ਨੂੰ ਕਦੀ ਮੁਆਫ਼ ਨਾ ਕੀਤਾ। ਇਹਦੀ ਧੀ ਵਸਣ ਤੋਂ ਬਿਨਾਂ ਹੀ ਬੇਵਾ ਹੋ ਗਈ ਸੀ। ਭੂਆ ਨੇ ਵੀ ਬਾਬੇ ਨੂੰ ਕਹਿ ਦਿੱਤਾ: ਹੁਣ ਮੇਰਾ ਹੋਰ ਕਿਤੇ ਵਿਆਹ ਨਾ ਕਰਦਾ ਫਿਰੀਂ। ਜੋ ਮੇਰੀ ਕਿਸਮਤ ਚ ਸੀ, ਮਿਲ਼ ਗਿਆ। ਬਾਬੇ ਨੂੰ ਧੀ ਦੇ ਹਠ ਅੱਗੇ ਨਿਵਣਾ ਪਿਆ। ਥੋੜ੍ਹੀ ਦੇਰ ਬਾਅਦ ਜੇਠੀ ਭੂਆ ਵੀ ਤੁਰ ਗਈ। ਨਿਕ-ਨਿਕੇ ਮਾਂ ਮਛੋਹਰ ਦੋ ਪੁੱਤ ਛੱਡ ਗਈ – ਮਲਕੀਤ ਤੇ ਜੀਤ। ਵੱਡੇ ਫੁੱਫੜ ਨੇ ਕਿਹਾ: ਚੰਨੋ ਇਕ ਪੁੱਤ ਤੂੰ ਲੈ ਲਾ। ਇਨ੍ਹਾਂ ਨੂੰ ਮਾਂ ਮਿਲ ਜੂ। ਭੂਆ ਨਾ ਮੰਨੀਂ – ਸਿਰ ਫੇਰ ਦਿੱਤਾ। ਬਾਬਾ ਏਸ ਫੁੱਫੜ ਤੋਂ ਬਹੁਤਾ ਖ਼ੁਸ਼ ਨਹੀਂ ਸੀ। ਬਾਬੇ ਨੂੰ ਹੱਥੀਂ ਕਿਰਤ ਕਰਨ ਵਾਲੇ ਭਾਉਂਦੇ ਸੀ। ਵੱਡਾ ਫੁੱਫੜ, ਭੂਆ ਦਾ ਵਿਚੋਲਾ ਵੀ ਸੀ। ਜੇਠ ਵੀ ਸੀ ਤੇ ਭਣਵੱਈਆ ਵੀ।

ਮੇਰੇ ਬਾਪ ਨੇ ਮੇਰੇ ਤੋਂ ਵੱਡਾ, ਸੁਰਜੀਤ, ਭੂਆ ਨੂੰ ਦੇ ਦਿੱਤਾ। ਕਹਿੰਦੇ ਲੈ ਬੀਬੀ: ਇਹ ਤੇਰਾ ਹੋਇਆ। ਤੂੰ ਹੀ ਸਾਂਭ। ਵੱਡਾ ਹੋ ਕੇ ਤੇਰਾ ਆਸਰਾ ਬਣੂੰਗਾ। ਕੁਦਰਤ ਦਾ ਖੇਲ੍ਹ, ਉਹ ਮਸੀਂ ਸੱਤਾਂ-ਅੱਠਾਂ ਨੂੰ ਈ ਪਹੁੰਚਿਆ। ਅਚਾਨਕ ਬੀਮਾਰ ਹੋਇਆ। ਬੱਸ ਐਵੇਂ ਦੋ ਕੁ ਦਿਨ। ਬਥੇਰੀ ਭਜ ਨੱਠ ਕੀਤੀ। ਓੜ੍ਹ ਪੋੜ੍ਹ ਵੀ ਕੀਤਾ। ਉਹਦੀ ਜਾਨ ਨਾ ਬਚੀ। ਭੂਆ ਨੇ ਸਬਰ ਕੀਤਾ। ਬਾਕੀ ਸਾਰੇ ਟੱਬਰ ਨੂੰ ਵੀ ਤਸੱਲੀਆਂ ਦਿੱਤੀਆਂ: ਵਾਹਿਗੁਰੂ ਦਾ ਇਹੋ ਭਾਣਾ ਸੀ। ਉਹਨੇ ਹੀ ਦਿੱਤਾ ਸੀ, ਓਹ ਲੈ ਗਿਆ। ਅਪਣਾ ਕੀ ਜ਼ੋਰ। ਉਹਦੀ ਚੀਜ ਸੀ। ਉਹ ਡਾਢਾ ਸਾਹਿਬ ਹੈ, ਮੇਰਾ। ਬਸ ਉਹਦਾ ਭਾਣਾ ਮੰਨੋ।' ਇਹਨੇ ਸਭਨਾਂ ਨੂੰ ਹੌਂਸਲਾ ਦਿੱਤਾ। ਪਰਿਵਾਰ ਨੂੰ ਸਬਰ ਦੇਣ ਲਈ ਅਰਦਾਸਾਂ-ਅਰਜ਼ੋਈਆਂ ਕੀਤੀਆਂ। ਅੰਦਰੋਂ ਭੂਆ ਦੇ ਮਨ ਚ ਕੀ ਗੁਜ਼ਰਦੀ ਸੀ – ਕਿਸੇ ਨੂੰ ਕੋਈ ਪਤਾ ਨਹੀਂ। ਭੂਆ ਹੀ ਜਾਣਦੀ ਸੀ।

ਵੱਡੇ ਰੌਲ਼ਿਆਂ ਵੇਲੇ ਮੇਰੀ ਦਾਦੀ ਸਾਲ ਡੇਢ੍ਹ ਸਾਲ ਦੇ ਮੇਰੇ ਚਾਚੇ ਨੂੰ ਪੜਦੇ ਨਾਲ਼ ਪਿੱਛੇ ਛੱਡ ਆਈ ਸੀ। ਵਾਹਣ ਦੀਆਂ ਢੀਮਾਂ ਚ ਲੁਕੋ ਕੇ। ਜਦੋਂ ਪਤਾ ਲੱਗਾ, ਇਹੋ ਭੂਆ ਦੋ ਤਿੰਨ ਮੀਲ 'ਕੱਲੀ ਜਾ ਕੇ ਚੁੱਕ ਲਿਆਈ ਸੀ। ਸਾਰਿਆਂ ਦੇ ਡੱਕਣ ਦੇ ਬਾਵਜੂਦ। ਭੂਆ ਓਦੋਂ ਭਰ ਜੁਆਨ ਸੀ। ਕਹਿੰਦੀ: ਜੇ ਮਰਾਂਗੇ, ਤਾਂ ਸਾਰੇ ਮਰਾਂਗੇ। ਇਹਨੂੰ ਨਿੱਕੀ ਜਾਨ ਨੂੰ ਕਿਉਂ ਛੱਡ ਜਾਈਏ। ਭੂਆ ਨੂੰ ਵਾਹਿਗੁਰੂ 'ਤੇ ਪੂਰਾ ਭਰੋਸਾ ਸੀ। ਕਹਿੰਦੀ: ਤੁਸੀਂ ਦੇਖ ਲਿਓ, ਸਾਡਾ ਵਾਲ਼ ਵੀ ਵਿੰਗਾ ਨਹੀਂ ਹੋਣ ਦੇਣਾ, ਸਾਡੇ ਵਾਹਿਗੁਰੂ ਨੇ। ਮੇਰਾ ਸੱਚਾ ਪਾਤਸ਼ਾਹ ਬੜਾ ਜ਼ੋਰਾਵਰ ਹੈ। ਭੂਆ ਦੀ ਗੱਲ ਸੱਚੀ ਨਿਕਲ਼ੀ। ਜਦ ਆਲ਼ੇ ਦੁਆਲ਼ੇ ਵੱਢ-ਵਢਾਂਗ ਹੋਈ ਜਾਂਦਾ ਸੀ, ਤਾਂ ਇਹ ਅੱਗ ਦੇ ਭਾਂਬੜਾਂ ਚੋਂ ਬਿਨਾਂ ਕਿਸੇ ਜਾਨੀ ਨੁਕਸਾਨ ਦੇ ਸਾਰੇ ਜੀਅ ਬਚ ਕੇ ਏਧਰ ਆ ਗਏ ਸੀ। ਸਮੇਂ ਦਾ ਗੇੜ ਦੇਖੋ: ਮੌਕਾ ਮੇਲ਼ ਇਹ ਬਣਿਆ ਕਿ ਤਾਇਆ ਪਹਿਲਾਂ ਤੁਰ ਗਿਆ, ਮਾਂ ਬਾਪ ਮੇਰੇ ਕੋਲ਼ ਵਲੈਤ ਆ ਗਏ। ਏਸੇ ਚਾਚੇ ਨੇ ਭੂਆ ਨੂੰ ਆਖ਼ਰੀ ਦਿਨਾਂ ਤਾਈਂ ਸਾਂਭਿਆ।

ਘਰ ਚੋਂ ਭੂਆ ਸਭ ਤੋਂ ਵਧ ਧਾਰਮਿਕ ਬਿਰਤੀ ਦੀ ਹੋਈ। ਅੰਮ੍ਰਿਤਧਾਰੀ ਬਾਬੇ ਨਾਲ਼ੋਂ ਵੀ ਵੱਧ। ਦੋ ਵੇਲੇ ਪਾਠ ਕਰਦੀ। ਸ਼ਾਂਤ ਮਨ। ਪੂਰੀ ਸੁੱਚਮ ਵਰਤਦੀ। ਚੁੱਲਾ ਚੌਂਕਾ ਸਾਫ਼ ਰੱਖਦੀ। ਕੱਚੇ ਕੋਠਿਆਂ ਨੂੰ ਈ ਬਣਾ ਸੰਵਾਰ ਕੇ ਲਿੱਪੀ ਪੋਚੀ ਰੱਖਦੀ। ਮੂੰਹ ਨੇਰ੍ਹੇ ਉੱਠਦੀ। ਪਹਿਲਾਂ ਇਸ਼ਨਾਨ ਕਰਦੀ। ਫਿਰ ਗੁਟਕੇ ਖੋਲ੍ਹਦੀ। ਵਾਕ ਲੈਂਦੀ। ਸਵੇਰੇ ਜਪੁ ਜੀ ਸਾਹਬ ਦਾ ਪਾਠ। ਸ਼ਾਮੀ ਰਹਿਰਾਸ ਜੀ ਦਾ। ਅੱਖੀਆਂ ਮੁੰਦ ਲੈਂਦੀ। ਅੰਤਰ ਧਿਆਨ ਹੋ ਜਾਂਦੀ। ਦੀਨ ਦੁਨੀਆ ਤੋਂ ਬੇਖ਼ਬਰ। ਲਿਵ ਲਾ ਲੈਂਦੀ। ਲੀਨ ਹੋ ਜਾਂਦੀ। ਅਰਦਾਸ ਕਰਦੀ। ਫਿਰ ਭੋਜਨ ਪਾਣੀ ਕਰਦੀ। ਫਿਰ ਦਸਾਂ ਨਹੁੰਆਂ ਦੀ ਕਿਰਤ। ਰੋਜ਼ ਦਿਹਾੜੀ, ਇਹੋ ਨਿੱਤਨੇਮ।

ਭੂਆ ਸਾਰਾ ਦਿਨ ਹੌਲ਼ੀ-ਹੌਲ਼ੀ, ਮਿੱਠੇ-ਮਿੱਠੇ ਸ਼ਬਦ ਪੜ੍ਹਦੀ ਰਹਿੰਦੀ। ਮੂੰਹ ਜ਼ੁਬਾਨੀ। ਭੂਆ ਦੀ ਸੰਗਤ ਦਾ ਮੈਨੂੰ ਲੋਭ ਹੁੰਦਾ ਸੀ। ਮੈਂ ਵੀ ਕੋਲ਼ ਬਹਿ ਕੇ ਅੱਖਾਂ ਬੰਦ ਕਰਨ ਦਾ ਅਭਿਆਸ ਕਰਨਾ। ਚੌਂਕੜੀ ਮਾਰ ਕੇ। ਮੇਰੀਆਂ ਅੱਖਾਂ ਮੁੰਦੀਆਂ ਨਾ ਰਹਿੰਦੀਆਂ। ਮੈਂ ਚੋਰ ਅੱਖੇ ਦੇਖਦਾ ਰਹਿਣਾ, ਕਿ ਕਦੋਂ ਭੂਆ ਦਾ ਪਾਠ ਮੁੱਕੇ। ਮੇਰਾ ਤਾਂ ਮਨਸ਼ਾ ਹੀ ਹੋਰ ਹੁੰਦਾ ਸੀ। ਅਰਦਾਸ ਕਰਕੇ ਭੂਆ ਮੈਨੂੰ ਖਾਣ ਨੂੰ ਕੋਈ ਚੀਜ਼ ਦਿੰਦੀ। ਪ੍ਰਸਾਦਿ ਵਜੋਂ। ਕੰਮ ਕਰਦੀ ਵੀ ਭੂਆ ਸਹਿਜੇ-ਸਹਿਜੇ ਸ਼ਬਦ ਪੜ੍ਹਦੀ ਰਹਿੰਦੀ:

ਸਤਿਗੁਰ ਕੇ ਚਰਨ ਧੋਇ ਧੋਇ ਪੀਵਾ
ਗੁਰ ਨਾਨਕ ਜਪਿ ਜਪਿ ਸਦ ਜੀਵਾ

ਜਾਂ

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਅਵਰ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤ ਭਜੁ ਕੇਵਲ ਨਾਮ॥

ਸਰੰਜਾਮਿ ਲਾਗੁ ਭਾਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥

ਜਾਂ

ਬਿਨ ਗੋਬਿੰਦ ਨ ਦੀਸੈ ਕੋਈ॥
ਕਰਨ ਕਰਾਵਤ ਕਰਤਾ ਸੋਈ॥

ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ॥
ਸੋ ਜਨੁ ਇਤ ਉਤ ਕਤਹਿ ਨ ਡੋਲੈ॥

ਜਾ ਕੈ ਹਰਿ ਧਨੇ ਸੋ ਸਚੁ ਸਾਹੁ॥
ਗੁਰਿ ਪੂਰੈ ਕਰ ਦੀਨੋ ਵਿਸਾਹੁ

ਜਾਂ ਕਦੇ-ਕਦੇ ਗੁਟਕੇ ਪੜ੍ਹਦੀ:

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।

ਬੇਵਾ ਹੋਣ ਤੋਂ ਬਾਅਦ ਭੂਆ ਨੇ ਦੱਬ ਕੇ ਕਪੜੇ ਸਿਲਾਈ ਕੀਤੇ। ਪਿੰਡ ਚ ਵਿਆਹ ਕਿਸੇ ਦੇ ਵੀ ਹੋਵੇ, ਕਪੜੇ ਭੂਆ ਨੇ ਈ ਸੀਣੇ। ਲੋਕਾਂ ਨੇ ਪਹਿਲਾਂ ਹੀ ਆ ਕਹਿਣਾ: ਬੀਬੀ, ਅਪਣੇ ਕਾਕੇ ਦਾ ਵਿਆਹ ਆ, ਹਗਾਮੇ ਦੇ ਕਪੜੇ ਤੂੰ ਈ ਸੀਣੇ ਆਂ। ਕਿਸੇ ਹੋਰ ਤੋਂ ਅਸੀਂ ਨਹੀਂ ਸੁਆਉਣੇ। ਉਨ੍ਹਾਂ ਭੂਆ ਦੀ ਮਸ਼ੀਨ ਚੁੱਕ ਕੇ ਘਰ ਲੈ ਜਾਣੀ ਤੇ ਵਿਆਹ ਤੋਂ ਇਕ ਦੋ ਦਿਨ ਪਹਿਲਾਂ ਛੱਡ ਜਾਣੀ। ਭੂਆ ਨੇ ਰੋਜ਼ ਦਾ ਨਿੱਤਨੇਮ ਕਰਕੇ ਵਿਆਹ ਵਾਲ਼ੇ ਘਰ ਚਲੇ ਜਾਣਾ ਤੇ ਸ਼ਾਮ ਨੂੰ ਘਰ ਮੁੜ ਆਉਣਾ। ਵਿਆਹ ਵਾਸਤੇ ਭੂਆ ਨੇ ਤਾਣੀਆਂ ਵੀ ਦੇ ਦੇਣੀਆਂ ਤੇ ਕੋਰੇ ਵੀ। ਉਨ੍ਹਾਂ ਭੂਆ ਦਾ ਵਿੱਤ ਮੁਜ਼ਬ ਧੰਨਬਾਦ ਕਰ ਜਾਣਾ।

ਘਰੇ ਕਪੜੇ ਸੀਂਦੀ ਭੂਆ ਨੇ ਗਰਮੀ ਤੋਂ ਬਚਣ ਲਈ ਸ਼ਤੀਰੀਆਂ ਨੂੰ ਵੱਡਾ ਸਾਰਾ ਕਪੜੇ ਦਾ ਪੱਖਾ ਬੱਧਾ ਹੁੰਦਾ ਸੀ। ਪੱਖੇ ਨੂੰ ਏਸ ਹਿਸਾਬ ਨਾਲ ਬੰਨ੍ਹਿਆ ਹੋਣਾ ਕਿ ਪੈਰ ਦੇ 'ਗੂਠੇ ਨਾਲ ਇਹਦੀ ਡੋਰ ਖਿੱਚੀ ਜਾਣੀ ਤੇ ਮਸ਼ੀਨ ਵਾਹੀ ਜਾਣੀ। ਇਹੋ ਵਸੀਲਾ ਸੀ ਗਰਮੀ ਤੋਂ ਬਚਣ ਦਾ। ਸਾਡੇ ਪਿੰਡਾਂ ਵੱਲ ਤਾਂ ਉਦੋਂ ਬਿਜਲੀ ਦਾ ਕਿਸੇ ਨੂੰ ਪਤਾ ਵੀ ਨਹੀਂ ਸੀ ਹੁੰਦਾ। ਪਿੰਡ ਦੀਆਂ ਜੱਟੀਆਂ, ਤਰਖਾਣੀਆਂ, ਮਜ਼ਬ੍ਹਣਾਂ-ਬਾਲਮੀਕਣਾਂ ਸਭ ਭੂਆ ਕੋਲ਼ ਕਪੜੇ ਸੀਉਣੇ ਛੱਡ ਜਾਂਦੀਆਂ। ਨਿਆਣਿਆਂ ਦੀਆਂ ਵਰਦੀਆਂ ਦੇ ਢੇਰ ਲੱਗੇ ਰਹਿਣੇ। ਤੇ ਮਿਹਨਤ ਕੀ ਹੋਣੀ, ਬੱਸ ਹਾੜੀ ਸਾਉਣੀ ਕਣਕ, ਮੱਕੀ, ਗੁੜ। ਭੂਆ ਨੇ ਇਹੀ ਮੱਕੀ ਲੋਕਾਂ ਨੂੰ ਉਧਾਰੀ ਦੇ ਦੇਣੀ ਤੇ ਛੇਈਂ ਮਹੀਨੀਂ ਵੱਟੇ ਤੇ ਓਨੀ ਹੀ ਕਣਕ ਲੈ ਲੈਣੀ। ਸੌਦਾ ਸੱਭ ਧਿਰਾਂ ਦੇ ਫ਼ਾਇਦੇ ਦਾ ਸੀ। ਲੈਣ ਵਾਲਿਆਂ ਦਾ ਮੌਕਾ ਸਰ ਜਾਂਦਾ ਸੀ; ਚੁੱਲ੍ਹਾ ਮਘਦਾ ਰਹਿੰਦਾ ਸੀ। ਭੂਆ ਨੂੰ ਮੱਕੀ ਵੱਟੇ ਕਣਕ ਮਿਲ਼ ਜਾਣੀ। ਨਾਲੇ ਰੱਬ ਰਾਜ਼ੀ, ਨਾਲੇ ਜੱਗ। ਭੂਆ ਨੇ ਬੜਾ ਜਸ ਖੱਟਿਆ।

ਭੂਆ ਦਾ ਖ਼ਰਚਾ ਵੀ ਕੋਈ ਨਹੀਂ ਸੀ। ਸਾਦਾ ਭੋਜਨ ਪਾਣੀ ਹੀ ਜਾਨ ਦੀ ਲੋੜ ਸੀ। ਕਿਰਸ ਨਾਲ਼ ਜੋੜੇ ਪੈਸੇ ਲੋਕ ਭੂਆ ਤੋਂ ਉਧਾਰੇ ਲੈ ਜਾਂਦੇ ਸੀ। ਇਹਨੇ ਮਲਕੜੇ ਜਿਹੇ ਕਹਿਣਾ: ਵੀਰਾ ਮੇਰੇ ਕੋਲ਼ ਤਾਂ ਹੈ ਨਈਂ, ਕੱਲ ਪਰਸੋਂ ਨੂੰ ਬਾਈ ਕੋਲ਼ ਜਾਊਗੀਂ, ਓਥੋਂ ਪੁੱਛ ਕੇ ਲਿਆ ਦਊਗੀਂ। ਬਾਬਾ ਅੱਧੇ ਟੱਬਰ ਨਾਲ਼ ਸਿੰਘਪੁਰੇ ਵਾਹੀ ਕਰਦਾ ਸੀ। ਬਾਬੇ ਦੇ ਸਭ ਧੀਆਂ ਪੁੱਤ ਇਹਨੂੰ ਬਾਈ ਕਹਿੰਦੇ ਸੀ। ਪੈਸੇ ਤਾਂ ਭੂਆ ਦੇ ਕੋਲ਼ ਵੀ ਹੁੰਦੇ ਸੀ। ਉਧਾਰੇ ਪੈਸੇ ਦਿੰਦਿਆਂ ਇਹਨੇ ਕਹਿਣਾ: ਮੇਰਾ ਸੋਹਣਾ ਵੀਰ, ਜਿੱਦਾਂ ਪੜਦੇ ਨਾਲ ਲਏ ਆ, ਏਦਾਂ ਈ ਮੋੜਦੇ ਕਰ ਦਈਂ। ਦੇਖੀਂ ਕਿਤੇ ਝੂਠੀ ਨਾ ਕਰਾਈਂ ਮੈਨੂੰ। ਵਾਹਿਗੁਰੂ ਤੇਰਾ ਭਲਾ ਕਰੂ। ਜੀਂਦਾ ਵਸਦਾ ਰਹੁ, ਮੇਰਾ ਸੋਹਣਾ ਵੀਰ।

ਜਮਸ਼ੇਰ ਵਾਲੀਆਂ ਭਾਣਜੀਆਂ ਦੇ ਵਿਆਹਾਂ ਦੇ ਆਨੰਦ ਕਾਰਜਾਂ ਚ ਭੂਆ ਹਾਜ਼ਿਰ ਸੀ। ਓਧਰੋਂ ਤਾਏ ਨੂੰ ਡਾਕੇ-ਕਤਲ ਚ ਜੇਲ੍ਹ ਬੋਲਣ ਦੀ ਖ਼ਬਰ ਆਉਣ ਵਾਲ਼ੀ ਸੀ। ਭੂਆ ਨੇ ਸ਼ਬਦ ਗਾਏ। ਸਿੱਖਿਆ ਪੜ੍ਹੀ। ਚਿਹਰੇ 'ਤੇ ਜਲੌਅ। ਕੋਈ ਅਜਬ ਨੂਰ। ਮੌਕੇ 'ਤੇ ਹਾਜ਼ਿਰ ਜੀਅ ਦਸਦੇ ਹਨ: ਭੂਆ ਨੇ ਸੂਫ਼ਿਆਨੇ ਰੰਗ ਦਾ ਨਵਾਂ ਸੂਟ ਪਹਿਨਿਆ ਹੋਇਆ ਸੀ। ਆਪੇ ਸੀਤਾ ਹੋਇਆ। ਅੱਖਾਂ ਤੇ ਗੋਲ਼ ਸ਼ੀਸ਼ਿਆਂ ਵਾਲ਼ੀਆਂ ਐਨਕਾਂ ਸਜਣ। ਗਾਂਧੀ ਮਾਰਕਾ। ਕੰਨਾਂ 'ਤੇ ਮੋੜਵੀਂ ਘੁੰਡੀ ਵਾਲੀਆਂ। ਲੋਕ ਦੇਖਣ। ਕਿੱਡੀ ਸੋਹਣੀ ਬੀਬੀ। ਦਾਨੀਬੀਨੀ।

ਵਿਆਹਾਂ ਤੋਂ ਬਾਅਦ ਤਾਏ ਨੂੰ ਕਤਲ-ਡਾਕੇ ਚ ਜੇਹਲ ਬੋਲ ਗਈ, ਤਾਂ ਭੂਆ ਦਾ ਮਨ ਦੁਖਿਆ। ਇਹਨੇ ਅਖੰਡ ਪਾਠ ਸੁੱਖੇ। ਸੱਭ ਗੁਰੂਆਂ ਪੀਰਾਂ ਦੇ ਮੰਨਤਾਂ ਮੰਨੀਆਂ। ਵਾਹਿਗੁਰੂ ਅੱਗੇ ਅਰਦਾਸਾਂ ਬੇਨਤੀਆਂ ਕੀਤੀਆਂ: ਕਿ ਵੀਰ ਛੇਤੀ ਛੇਤੀ ਘਰ ਮੁੜ ਆਵੇ। ਆਵਦੇ ਸਰਫ਼ੇ ਦੇ ਟੱਬਰ ਚ। ਤਾਏ ਦੀ ਇੱਕੋ ਧੀ ਸੀ – ਭਜਨੋ। ਡਾਕੇ ਤੇ ਕਤਲ ਦਾ ਕੇਸ ਸੀ। ਤਾਇਆ ਸੱਤਾਂ ਸਾਲਾਂ ਦੀ ਜੇਲ ਕੱਟ ਕੇ ਈ ਘਰ ਮੁੜਿਆ।

ਭੈਣ ਭਜਨੋ ਦਾ ਵਿਆਹ 1961-62 ਦੇ ਏੜ ਗੇੜ ਚ ਹੋਇਆ। ਪੱਕੀ ਤਰੀਕ ਦਾ ਪਤਾ ਨਹੀਂ। ਓਦੂੰ ਬਾਅਦ ਤਾਂ ਭੂਆ ਦੀ ਸਿਹਤ ਖ਼ਰਾਬ ਹੀ ਹੁੰਦੀ ਗਈ। ਜ਼ਿਹਨ ਦਾ ਤਵਾਜ਼ਨ ਵਿਗੜਦਾ ਹੀ ਗਿਆ। ਭੂਆ ਨੂੰ ਅਪਣੇ ਆਪ ਦੀ ਸੁਰਤ ਨਾ ਰਹੀ। ਇਕ ਘਰੋਂ ਦੂਜੇ ਨੂੰ ਜਾਂਦੀ ਤਾਂ

ਰਾਹ ਚੋਂ ਪੰਜ-ਪੰਜ ਸੱਤ-ਸੱਤ ਵਾਰੀ ਮੁੜ ਆਉਂਦੀ। ਕਈ ਵਾਰ ਬੂਹੇ ਨੂੰ ਹੱਥ ਲਾ ਕੇ ਮੁੜ ਜਾਂਦੀ; ਰਾਹ ਚੋਂ ਫਿਰ ਮੁੜ ਆਉਂਦੀ। ਏਦਾਂ ਪੰਜ-ਪੰਜ ਸਤ-ਸਤ ਵਾਰ ਕਰੀ ਜਾਂਦੀ। ਬੱਸ ਬਿਨ੍ਹਾਂ ਮਤਲਬੋਂ ਗੇੜੇ ਕੱਢੀ ਜਾਂਦੀ। ਕਦੇ ਹੋਰ ਦੀ ਹੋਰ ਪਾਸੇ ਚਲੀ ਜਾਂਦੀ। ਉਪਰ ਦੀ ਗੇੜਾ ਕੱਢ ਕੇ ਘਰ ਆਉਂਦੀ। ਸਾਰੇ ਹੈਰਾਨ ਪ੍ਰੇਸ਼ਾਨ ਹੁੰਦੇ। ਤਾਇਆ ਖਿਝਦਾ, ਬੋਲਦਾ, ਝਿੜਕਦਾ। ਮੇਰੀ ਦਾਦੀ ਕਹਿੰਦੀ: ਨਾ ਵੇ ਪੁੱਤੋ, ਨਾ ਦਬਕੋ ਇਹਨੂੰ। ਇਹ ਤਾਂ ਰੱਬ ਦੀ ਭਗਤਣੀ ਸੀ। ਰੱਬ ਦਾ ਈ ਰੂਪ ਸੀ। ਇਹਦੇ ਵੱਸ ਦੀ ਗੱਲ ਨਹੀਂ ਰਹੀ। ਕੋਈ ਪਿਛਲੇ ਜਰਮਾਂ ਦਾ ਕਰਮ ਕੀਤਾ ਹੋਣਾ, ਜਿਹਦੀ ਸਜ਼ਾ ਇਹਨੂੰ ਮਿਲ਼ ਗਈ। ਐਸ ਜਨਮ ਚ ਤਾਂ ਇਹਨੇ ਭਲੇ ਈ ਕੀਤੇ ਆ, ਜਾਂ ਰੱਬ ਦੀ ਭਗਤੀ ਕੀਤੀ ਆ।

ਭੂਆ ਨੇ ਇਕ ਇਕ ਕਰਕੇ ਸਿਰ ਦੇ ਸਾਰੇ ਵਾਲ਼ ਪੱਟ ਲਏ। ਫਿਰ ਜਿਹੜਾ ਵਾਲ਼ ਨਿਕਲਣਾ, ਇਹਨੇ ਖਿੱਚੀ ਜਾਣਾ। ਜੇ ਰੋਕਣਾ ਤਾਂ ਇਹਨੇ ਕਹਿਣਾ: ਮੈਂ ਕਦੋਂ ਪੱਟਦੀ ਆਂ, ਇਨ੍ਹਾਂ ਨੂੰ ਕੋਈ ਕਸਰ ਹੋ ਗਈ ਆ। ਐਵੇਂ ਹੱਥ ਲਾਈਏ ਤਾਂ ਨਿਕਲਦੇ ਆਉਂਦੇ ਆ। ਏਦੂੰ ਬਾਅਦ ਭੂਆ ਦੇ ਸਿਰ ਤੇ ਕੋਈ ਵਾਲ਼ ਨਹੀਂ ਸੀ ਰਿਹਾ। ਬੱਸ ਇਹ ਸਿਰ ਚੁੰਨੀ ਨਾਲ਼ ਢਕੀ ਰੱਖਦੀ ਸੀ।

ਭੂਆ ਨੇ ਕਦੇ-ਕਦੇ ਐਵੇਂ ਸਾਰਾ ਰਾਹ ਗਲ਼ੀਆਂ ਹੀ ਸੁੰਬਰ ਦੇਣੀਆਂ ਤੇ ਕੂੜਾ ਘਰ ਲਿਆ ਸੁੱਟਣਾ। ਕਦੇ ਕਿਸੇ ਹੋਰ ਦੇ ਘਰ ਸੁੱਟ ਦੇਣਾ। ਲੋਕਾਂ ਉਲ੍ਹਾਮੇ ਦੇਣੇ। ਇਹਨੇ ਐਵੇਂ ਨਾਲ਼ੀਆਂ ਸਾਫ਼ ਕਰ ਦੇਣੀਆਂ। ਢੇਰ ਲਾ ਦੇਣੇ। ਕਪੜੇ ਗੰਦੇ ਕਰ ਲੈਣੇ। ਜਦੋਂ ਸਾਫ਼ ਕਪੜੇ ਬਦਲਾਉਣੇ ਤਾਂ ਇਹਨੇ ਝੱਟ ਫਿਰ ਉਹੀ ਹਾਲ ਕਰ ਲੈਣਾ। ਖਾਣ-ਪੀਣ ਦਾ ਕੋਈ ਹਿਸਾਬ ਨਹੀਂ ਸੀ ਰਿਹਾ। ਰਾਹ ਚ ਸੁੱਟੀਆ ਚੀਜ਼ਾਂ ਚੁੱਕ ਕੇ ਖਾ ਲੈਣੀਆਂ। ਗੁਆਂਢੀਆਂ ਦੇ ਪਸ਼ੂਆਂ ਦਾ ਗੋਹਾ ਚੁੱਕ ਲੈ ਆਉਣਾ। ਘਰ ਦੀਆਂ ਪਕਾਈਆਂ ਰੋਟੀਆਂ ਬਾਹਰ ਸੁੱਟ ਦੇਣੀਆਂ। ਜੇ ਕਿਸੇ ਨੇ ਟੋਕਣਾ, ਤਾਂ ਉੱਚੀ-ਉੱਚੀ ਬੋਲਣਾ। ਘਰ ਦਿਆਂ ਤੇ ਇਹ ਦਿਨ ਡਾਢੇ ਔਖ ਵਾਲ਼ੇ ਸੀ। ਭੂਆ ਲਈ ਕਿਹੜੇ ਚੰਗੇ ਸੀ। ਕਿੱਥੇ ਤਾਂ ਪਿੰਡ ਸਲਾਹਾਂ ਲੈਂਦਾ ਸੀ ਤੇ ਹੁਣ ਇਹਨੂੰ ਅਪਣੀ ਸੁਰਤ ਵੀ ਨਹੀਂ ਸੀ ਰਹੀ। ਕਈ ਵਾਰੀ ਇਹਨੂੰ ਭਮਕ ਉੱਠਣਾ। ਸਾਰੇ ਜੀਆਂ ਚ ਬੈਠੀ ਨੇ ਵੀ ਮੂੰਹ ਦੂਜੇ ਪਾਸੇ ਕਰਕੇ ਹੌਲ਼ੀ ਹੌਲ਼ੀ ਆਪੇ ਬੋਲੀ ਜਾਣਾ। ਬੱਸ ਬੁਲਾਰਾ ਕਰੀ ਜਾਣਾ।

ਤਾਇਆ ਤੇ ਮੇਰਾ ਬਾਪ ਭੂਆ ਨੂੰ ਅੰਬਰਸਰ ਵੀ ਲੈ ਕੇ ਗਏ। ਬਿਜਲੀ ਲੁਆਉਣ। ਨਾਲ਼ ਮੇਰੀ ਮਾਂ ਗਈ। ਭੂਆ ਦੀ ਸਾਂਭ ਸੰਭਾਲ਼ ਲਈ। ਏਡੀ ਜੁਆਨ ਨੂੰ ਸੰਭਾਲਣਾ ਕਿਹੜਾ ਸੌਖਾ ਸੀ। ਬਿਜਲੀ ਲੱਗਣ ਤੋਂ ਬਾਅਦ ਮਰੀਜ਼ ਦੀ ਹਾਲਤ ਬੜੀ ਭੈੜੀ ਹੋ ਜਾਂਦੀ ਸੀ। ਜੀਭ ਬਾਹਰ ਨਿਕਲ਼ ਆਉਂਦੀ ਆ। ਅੱਖਾਂ 'ਤਾਂਹ ਚੜ੍ਹ ਜਾਂਦੀਆਂ। ਟੱਟੀ ਪਿਸ਼ਾਬ ਨਿਕਲ਼ ਜਾਂਦਾ। ਜਾਣੀ ਬੇਸੁਰਤ ਹੋਇਆ ਬੰਦਾ, ਮਰਿਆ ਹਾਰ ਹੀ ਹੋ ਜਾਂਦਾ। ਚਾਰ ਪੰਜ ਦਿਨ ਓਥੇ ਰਹੇ। ਡਾਕਟਰਾਂ ਨੇ ਵੱਡੀ ਆਸ ਬੰਨ੍ਹਾਈ। ਲਗਦਾ ਸੀ ਕਿ ਭੂਆ ਹੁਣ ਠੀਕ ਹੋ ਜਾਊ। ਮੁੜ ਉਹੀ ਸੁਰਤੀ ਹੋ ਜਾਊ – ਪਹਿਲਾਂ ਵਰਗੀ। ਪਰ ਕੋਈ ਫ਼ਰਕ ਨਾ ਪਿਆ। ਫਿਰ ਉਹੀ ਹਾਲ।

ਭੂਆ ਨੇ ਸਵੇਰੇ ਸ਼ਾਮ ਰੋਣ ਬਹਿ ਜਾਣਾ। ਵੈਣ ਪਾਉਣੇ; ਕਦੇ ਭਾਬੀ ਦੇ; ਕਦੇ ਵੱਡੀ ਮਾਂ ਦੇ। ਕਦੇ ਬਾਬੇ ਦੇ। ਕਦੇ ਮੇਰੇ ਤੋਂ ਵੱਡੇ ਦੇ। ਕਦੇ ਵੱਡੀਆਂ ਭੈਣਾਂ ਦੇ। ਫਿਰ ਚੁੱਪ ਹੀ ਨਾ ਕਰਨਾ। ਬੱਸ ਦਿਹਾੜੀ ਦਿਹਾੜੀ, ਦੋ ਦੋ ਦਿਹਾੜੀਆਂ ਵਿਰਲਾਪ ਕਰੀ ਜਾਣੇ। ਕਿਸੇ ਵੇਲੇ ਤਾਏ ਤੋਂ ਡਰਦੀ ਨੇ ਕਿਤੇ ਚੁੱਪ ਵੀ ਕਰ ਜਾਣਾ, ਤਾਂ ਉਹਦੇ ਅੱਖਾਂ ਤੋਂ ਪਰ੍ਹੇ ਹੁੰਦਿਆਂ ਸਾਰ ਈ ਫਿਰ ਉਹੀ ਕੀਰਨੇ ਪਾਉਣ ਦਾ ਕੰਮ।

ਤਾਇਆ ਭੂਆ ਨੂੰ ਖੰਭ ਵਾਲ਼ੇ ਬਾਬੇ ਕੋਲ਼ ਵੀ ਲੈ ਕੇ ਗਿਆ। 1973-74 ਚ ਰੌਲ਼ਾ ਪਿਆ ਸੀ ਕਿ ਕੋਈ ਚੌਂਹ ਪੰਜਾਂ ਸਾਲਾਂ ਦਾ ਬਾਲ ਬਾਬਾ ਹਰ ਮਰਜ਼ ਨੂੰ ਖੰਭ ਲਾ ਕੇ ਠੀਕ ਕਰ ਦੇਂਦਾ ਸੀ। ਲੋਕ ਕਹਿੰਦੇ ਸੀ ਕਿ ਇਹ 'ਕਰਾਮਾਤ' ਇਹਨੇ ਤੇਜ਼ ਆਉਂਦੀ ਰੇਲ ਗੱਡੀ ਨੂੰ ਅਪਣੀ "ਸ਼ਕਤੀ" ਨਾਲ਼ ਰੋਕ ਕੇ ਕੀਤੀ ਸੀ। ਲੋਕਾਂ ਨੇ ਖੰਭਾਂ ਦੀਆਂ ਡਾਰਾਂ ਬਣਾ ਲਈਆਂ ਸੀ। ਕੋਈ ਕਹਿੰਦਾ: ਬਈ ਜਿੰਨੇ ਐਨਕਾਂ ਵਾਲੇ ਓਥੇ ਜਾਂਦੇ ਆਂ, ਬਾਬਾ ਉਨ੍ਹਾਂ ਦੀ ਨਿਗ੍ਹਾ ਨੌਂ-ਬਰ-ਨੌਂ ਕਰ ਦਿੰਦਾ। ਐਨਕਾਂ ਲਾਹ ਕੇ ਪਰ੍ਹੇ ਸੁੱਟ ਦਿੰਦਾ। ਕੋਈ ਹੋਰ ਬੋਲਦਾ: ਲੋਕ ਫਹੁੜੀਆਂ ਨਾਲ਼ ਚੱਲ ਕੇ ਬਾਬੇ ਕੋਲ਼ ਜਾਂਦੇ ਆ, ਤੇ ਬਿਨ ਫਹੁੜੀਓਂ ਘਰਾਂ ਨੂੰ ਮੁੜਦੇ ਆ। ਉਹ ਉਨ੍ਹਾਂ ਦੀਆਂ ਸੋਟੀਆਂ ਛੁਡਵਾ ਦਿੰਦਾ। ਮੈਂ ਆਪ ਤਾਂ ਇਹ ਗੱਲਾਂ ਮੰਨਦਾ ਨਹੀਂ ਸੀ, ਪਰ ਤਾਏ ਨੂੰ ਰੋਕ ਨਹੀਂ ਸੀ ਸਕਦਾ। ਜਦੋਂ ਭੂਆ ਏਥੋਂ ਵੀ ਠੀਕ ਨਾ ਈ ਹੋਈ ਤਾਂ ਮੇਰਾ ਬਾਪ ਤੇ ਤਾਇਆ, ਭੂਆ ਦੇ ਗੁਟਕੇ ਤੇ ਪੰਜ ਗ੍ਰੰਥੀ ਜਲ ਪ੍ਰਵਾਹ ਕਰ ਆਏ। ਕਹਿੰਦੇ: ਜਦ ਇਨ੍ਹਾਂ ਦੀ ਸੇਵਾ ਸਾਂਭ ਨਹੀਂ ਹੁੰਦੀ ਤਾਂ ਘਰ ਰੱਖਣ ਦਾ ਕੀ ਫ਼ਾਇਦਾ। ਐਵੇਂ ਹੋਰ ਭਾਰ ਪਊਗਾ ਇਨ੍ਹਾਂ ਦਾ।

ਭੂਆ ਨੇ ਕਦੇ ਤਾਂ ਵਿਤੋਂ ਵੱਧ ਖਾ ਲੈਣਾ ਤੇ ਕਦੇ ਦੋ ਦੋ ਦਿਨ ਖਾਣਾ ਈ ਨਾ ਕੁਝ ਨਾ। ਕਦੇ ਪ੍ਰਾਹੁਣਿਆਂ ਦਾ ਲਿਆਂਦਾ ਸਾਰਾ ਫਲ ਫਰੂਟ ਇੱਕੋ ਵਾਰੀ ਖਾ ਲੈਣਾ। ਲੱਡੂ ਖਾ ਲੈਣੇ। ਉਲ਼ਟੀਆਂ ਕਰਨੀਆਂ। ਫਿਰ ਦੋ ਦੋ ਦਿਨ ਕੁਝ ਨਾ ਖਾਣਾ। ਮੰਜੇ 'ਤੇ ਪਈ ਨੇ ਰੋਈ ਜਾਣਾ। ਹੂੰਗੇ ਮਾਰੀ ਜਾਣੇ। ਪਿਛਲਿਆਂ ਨੂੰ ਯਾਦ ਕਰ ਕਰ। ਜਾਂ ਕਹਿਣਾ: ਭਜੋ ਨੂੰ ਲੈ ਆਓ, ਭਜੋ ਨੂੰ ਲੈ ਆਓ। ਤਾਏ ਦੀ ਧੀ ਭੈਣ ਨੂੰ ਲਾਡ ਨਾਲ਼ ਭੂਆ, ਭਜੋ ਕਹਿੰਦੀ ਸੀ। ਇਹਨੂੰ ਕੀ ਪਤਾ ਸੀ ਕਿ ਭਜੋ ਤਾਂ ਦੇਰ ਪਹਿਲਾਂ ਤੁਰ ਗਈ ਸੀ। ਭੈਣ ਮਰੀ ਦਾ ਭੂਆ ਨੂੰ ਦੱਸਿਆ ਈ ਨਾ ਸੀ। ਨਾ ਹੀ ਇਹਨੇ ਤਾੜਿਆ ਸੀ।

ਜਦੋਂ ਕਿਤਿਓਂ ਵੀ ਆਰਾਮ ਨਾ ਆਇਆ, ਤਾਂ ਤਾਏ ਨੂੰ ਕਿਸੇ ਸਲਾਹੂ ਨੇ ਕਿਹਾ: ਦੇਖ ਸਰਦਾਰ ਨਾਲ਼ੇ ਤਾਂ ਤੁਸੀਂ ਪ੍ਰੇਸ਼ਾਨ ਹੁੰਦੇ ਓ, ਨਾਲ਼ੇ ਇਹਦੀ ਖੱਟੀ ਹੋਈ ਭੱਲ ਖ਼ਰਾਬ ਹੁੰਦੀ ਆ। ਤੁਸੀਂ ਆਵਦੀ ਵਾਹ ਬਥੇਰੀ ਲਾ ਲਈ ਆ। ਜਦ ਇਹਦੇ ਕਰਮਾਂ ਚ ਠੀਕ ਹੋਣਾ ਨਹੀਂ, ਤਾਂ ਤੁਸੀਂ ਇਹਦੀ ਜਾਨ ਦਾ ਛੁਟਕਾਰਾ ਕਰਵਾ ਦਿਓ। ਪੱਥਰ ਦਿਲ ਤਾਇਆ ਇਹ ਸੁਣ ਕੇ ਆਪ ਪੱਥਰ ਹੋ ਗਿਆ। ਮੇਰੀ ਦਾਦੀ ਨੂੰ ਪਤਾ ਲੱਗਾ। ਇਹ ਪਹਿਲਾਂ ਜਾ ਕੇ ਉਸ ਬੰਦੇ ਦੀ ਖ਼ਾਤਰਦਾਰੀ ਕਰ ਕੇ ਆਈ। ਫਿਰ ਤਾਏ ਨੂੰ ਕਹਿੰਦੀ: ਦੇਖੀਂ ਕਿਤੇ ਮਨ ਚ ਮਾੜਾ ਨਾ ਸੋਚ ਲਈਂ। ਇਹ ਰੱਬ ਦਾ ਰੂਪ ਆ। ਧੀ ਧਿਆਣੀ। ਕੋਈ ਵੱਡਾ ਪਾਪ ਪੈ ਜਊਗਾ। ਤਾਇਆ ਬੱਸ ਡੌਰ-ਭੌਰ ਹੋਇਆ ਦੇਖਦਾ ਰਿਹਾ। ਕਈ ਦਿਨ ਘਰੋਂ ਬਾਹਰ ਨਾ ਨਿਕਲ਼ਿਆ। ਕਿਸੇ ਨਾਲ਼ ਬੋਲਿਆ ਵੀ ਨਾ। ਉਸ ਦਿਨ ਤੋਂ ਬਾਅਦ ਤਾਇਆ ਓਸ ਸਲਾਹੂ ਨਾਲ਼ ਸਾਰੀ ਉਮਰ ਘੁੱਟਿਆ ਵੱਟਿਆ ਹੀ ਰਿਹਾ।

ਤਾਏ ਤੋਂ ਮਗਰੋਂ ਤਾਂ ਭੂਆ ਨੇ ਰੋਂਦੀ ਨੇ ਚੁੱਪ ਹੀ ਨਾ ਹੋਣਾ। ਮੇਰੀ ਦਾਦੀ ਨੇ ਤਰਲੇ ਲੈਣੇ: ਨਾ ਪੁੱਤ, ਨਾ ਰੋਅ। ਚਲੇ ਗਿਆਂ ਨੇ ਮੁੜ ਕੇ ਕਿੱਥੋਂ ਆਉਣਾ? ਇਹ ਤਾਂ ਸਾਰੀ ਉਮਰ ਹੀ ਯਾਦ ਰਹਿਣੇ ਆਂ। ਭੂਆ ਨੇ ਜ਼ਿੱਦ ਫੜ ਲਈ ਕਿ ਇਹਨੇ ਅਪਣੇ ਘਰੇ ਹੀ ਰਹਿਣਾ। ਬਥੇਰਾ ਕਹਿਣਾ ਕਿ ਰਾਤ ਨੂੰ ਤੂੰ ਐਧਰ ਸੌਂ ਜਾਇਆ ਕਰ। ਪਰ ਭੂਆ ਨਾ ਮੰਨੀ। ਰੋਟੀ ਫੜਾ ਆਉਣੀ। ਕਦੇ ਇਹਨੇ ਖਾ ਲੈਣੀ, ਤੇ ਕਦੇ ਓਦਾਂ ਹੀ ਪਈ ਰਹਿਣੀ। ਕਦੇ ਇਹਨੇ ਰਾਹ ਚ ਸੁੱਟ ਦੇਣੀ। ਕੁੱਤਿਆਂ ਬਿੱਲੀਆਂ ਨੂੰ ਪਾ ਦੇਣੀ।

ਜਦੋਂ ਮੈਂ ਮੁੜ ਕੇ ਜਾਣਾ ਤਾਂ ਇਹਨੇ ਕਹਿਣਾ: ਮੇਰਾ ਸੋਹਣਾ ਪੁੱਤ, ਹੁਣ ਤੂੰ ਭੂਆ ਕੋਲ਼ ਰਹੁ ਤਾਂ। ਅਪਣੀ ਪਿਆਰੀ ਕੋਲ਼। ਮੈਂ ਤੁਹਾਡੇ ਨਿਆਣੇ ਸਾਂਭ ਲਊਂ। ਤੁਸੀਂ ਕੰਮ ਕਰਿਓ। ਭੂਆ ਨੂੰ ਕੀ ਪਤਾ ਸੀ ਕਿ ਅਸੀਂ ਘਰੋਂ ਕਿਹੜਾ ਮਰਜ਼ੀ ਨਾਲ ਨਿਕਲ਼ੇ ਸਾਂ। ਮਸੀਂ ਤਾਂ ਸਬੱਬ ਬਣਿਆ ਸੀ। ਮੇਰੇ ਬਾਪ ਦੇ ਤਰਲੇ ਕਰਦੀ ਨੇ ਕਿਹਾ: ਮੇਰਾ ਛੋਟਾ ਵੀਰ ਮੈਨੂੰ ਛੱਡ ਕੇ ਕਿਉਂ ਚੱਲਿਆਂ, ਮੇਰੇ ਪਾਸ ਰਹੁ ਤਾਂ। ਇਹ ਸੁਣਕੇ, ਵੱਡੇ ਮਿਸਾਲੀ ਹੌਂਸਲੇ ਵਾਲ਼ੇ ਬਜ਼ੁਰਗ ਬਾਪ ਦੀਆਂ ਵੀ ਧਾਹਾਂ ਨਿਕਲ਼ ਗਈਆਂ ਸੀ। ਬਾਪ ਕੀ ਕਰਦਾ, ਇਕ ਪਾਸੇ ਵਲੈਤ ਚ ਪੁੱਤ ਦਾ ਟੱਬਰ ਤੇ ਦੂਜੇ ਪਾਸੇ ਵੱਡੀ ਭੈਣ ਦੇ ਤਰਲਿਆਂ ਭਰੇ ਬੋਲ।

ਮੇਰੇ ਘਰ ਵਾਲ਼ੀ ਦਾ ਨਾਂ ਇਹਨੇ ਈ ਜਸਬੀਰ ਕੌਰ ਪਕਾਇਆ। ਭੂਆ ਦੀ ਰੀਸੇ ਸਾਰੇ ਇਹਨੂੰ ਛੇੜ ਛੇੜ ਚ 'ਜਸਬੀਰ ਕੋਰ' ਸੱਦਣ ਲਗ ਪਏ। ਵਲੈਤ ਦੀ ਜੰਮੀ-ਪਲ਼ੀ ਨੂੰ ਇਹ ਪਤਾ ਨਾ ਲੱਗੇ ਕਿ ਭੂਆ ਹਰ ਵਾਰੀ ਇਹਦੇ ਨਾਂ ਨਾਲ ਕੋਰ ਕਿਉਂ ਲਾ ਦਿੰਦੀ ਸੀ। ਓਂ ਵੀ ਭੂਆ ਲਈ ਸਾਰਾ ਪਿੰਡ ਸਿੰਘਾਂ ਤੇ ਕੌਰਾਂ ਦਾ ਈ ਸੀ। ਇਹ ਜਣੇ-ਖਣੇ ਨੂੰ ਸਿੰਘ ਬਣਾ ਦਿੰਦੀ ਤੇ ਹਰ ਔਰਤ ਨੂੰ ਕੌਰ। ਸਾਰਾ ਪਿੰਡ ਇਹਦੇ ਭਰਾਵਾਂ ਭਤੀਜਿਆਂ ਦਾ ਸੀ।

ਬੀਮਾਰ ਹੋਈ ਤੋਂ ਵੀ ਭੂਆ ਮੇਰੇ ਚਾਚੇ ਦੀਆਂ ਧੀਆਂ ਦਾ ਬੜਾ ਤੇਹ ਕਰਦੀ ਰਹੀ। ਇਹ ਦੋਵੇਂ ਭੂਆ ਦੇ ਹੱਥਾਂ ਚ ਹੀ ਵੱਡੀਆਂ ਹੋਈਆਂ ਸੀ। ਉਨ੍ਹਾਂ ਨੂੰ ਲਾਡ ਨਾਲ਼ ਸ਼ਿੰਦਰੀਆਂ ਮਿੰਦਰੀਆਂ ਸੱਦਦੀ। ਮੈਂ ਇਨ੍ਹਾਂ ਦੇ ਨਾਂ ਮਨਿੰਦਰਦੀਪ ਤੇ ਸਤਿੰਦਰਦੀਪ ਰੱਖੇ ਸੀ। ਜਦੋਂ ਇਹ ਵਿਆਹੀਆਂ ਗਈਆਂ, ਤਾਂ ਭੂਆ ਨੇ ਕਹਿਣਾ: ਮੇਰੀਆਂ ਸ਼ਿੰਦਰੀਆਂ ਮਿੰਦਰੀਆਂ ਨੂੰ ਕਹੋ, ਭੂਆ ਨੂੰ ਮਿਲ਼ ਜਾਣ। ਭੂਆ ਨੇ ਚਾਚੇ ਦੀਆਂ ਧੀਆਂ ਨੂੰ ਅਸੀਸਾਂ ਦੇਣੀਆਂ। ਸਿਰ ਤੇ ਪਿਆਰ ਦੇਣਾ। ਗਲੀਂ ਲੱਗ ਲੱਗ ਮਿਲ਼ਣਾ। ਛੇਤੀ ਫਿਰ ਆਉਣ ਲਈ ਤਕੀਦਾਂ ਕਰਨੀਆਂ। ਘਰੋਂ ਤੁਰੀਆਂ ਸ਼ਿੰਦਰੀਆਂ ਮਿੰਦਰੀਆਂ ਨੂੰ ਕਿੰਨ੍ਹਾਂ ਕਿੰਨ੍ਹਾ ਚਿਰ ਦੇਖੀ ਜਾਣਾ। ਬਾਅਦ ਚ ਮਨ ਬੁਰਾ ਕਰਨਾ।

ਪੰਜਾਬ ਦੇ ਮਾੜੇ ਦਿਨਾਂ ਵੇਲੇ ਘਰ ਚ ਬੰਦਾ ਕੋਈ ਨਹੀਂ ਸੀ। ਸਭ ਪਰਦੇਸੀਂ ਨਿਕਲ਼ੇ ਹੋਏ ਸੀ। ਮੇਰੀ ਨਕੋਦਰ ਵਾਲ਼ੀ ਭੂਆ, ਚਾਚੀ ਤੇ ਨਿਆਣਿਆਂ ਨੂੰ ਸਣੇ ਭੂਆ ਦੇ ਅਪਣੇ ਕੋਲ਼ ਲੈ ਆਈ। ਇਕ ਦਿਨ ਪਿੰਡ ਵਾਂਗੂੰ ਹੀ ਭੂਆ ਘਰੋਂ ਨਿਕਲ਼ ਤੁਰੀ; ਫਿਰ ਪਤਾ ਨਾ ਲੱਗੇ ਬਈ ਘਰ ਕਿੱਥੇ ਰਹਿ ਗਿਆ ਤੇ ਮੁੜਨਾ ਕਿੱਦਾਂ। ਸਬੱਬ ਨਾਲ ਨਕੋਦਰ ਵਾਲ਼ੀ ਭੂਆ ਦੇ ਪੁੱਤ ਨੇ ਦੇਖ ਲਿਆ। ਘਰ ਮੋੜ ਲਿਆਂਦਾ। ਪਰ ਭੂਆ ਡਰ ਗਈ। ਇਹਨੂੰ ਪਤਾ ਲੱਗ ਗਿਆ – ਬਈ ਨਕੋਦਰ, ਉੱਧੋਵਾਲ ਨਹੀਂ ਸੀ। ਏਦੂੰ ਬਾਅਦ ਘਰੋਂ ਇਕ ਵਾਰ ਹੀ ਬਾਹਰ ਨਿਕਲ਼ੀ। ਸਦਾ ਲਈ। ਮੁੜ ਕੇ ਨਾ ਆਉਣ ਲਈ– ਚੌਂਹ ਜਣਿਆਂ ਦੇ ਮੋਢਿਆਂ 'ਤੇ।

ਹੁਣ ਭੂਆ ਤੋਂ ਬਿਨਾਂ ਘਰ ਪੂਰਾ ਨਹੀਂ ਲੱਗਦਾ। ◆

# ਤਾਇਆ ਸਰਦਾਰਾ ਸਿੰਘ

ਤਾਏ ਦੇ ਕਈ ਨਾਂ ਸੀ। ਕਾਗ਼ਜ਼ਾਂ ਵਿਚ ਸਰਦਾਰਾ ਸਿੰਘ ਵਲਦ ਰਾਮ ਸਿੰਘ ਵਲਦ ਭੋਲ਼ਾ ਸਿੰਘ। ਘਰ ਚ ਦਾਰਾ। ਪਿੰਡ ਵਾਲ਼ੇ ਸਰਦਾਰਾ ਕਹਿੰਦੇ ਜਾਂ ਗੰਜਾ ਤੇ ਜਾਂ ਸਰਦਾਰਾ ਗੰਜਾ। ਤਾਇਆ ਸਿਰੇ ਦਾ ਅੱਥਰਾ ਸੀ। ਕੁਪੱਤਾ। ਡਾਢਾ ਕੌੜਾ ਤਾਇਆ ਸਿਰੇ ਦਾ ਸ਼ੌਕੀਨ ਨਿਕਲ਼ਿਆ। ਇਹਦੇ ਯਾਰ ਬੇਲੀ ਇਹਨੂੰ ਸਰਦਾਰ ਕਹਿੰਦੇ ਜਾਂ ਵੀਰਾ। ਵਿਰਲੇ ਸਰਦਾਰ ਜੀ। ਇਹਨੂੰ ਦੋ ਗੱਲਾਂ ਹੀ ਆਉਂਦੀਆਂ ਸੀ। ਅੰਨੇ, ਜਾਂ ਬੰਨੇ। ਏਧਰ ਜਾਂ ਓਧਰ। ਵਿਚ-ਵਿਚਾਲ਼ੇ ਦਾ ਕੋਈ ਮੇਲ਼ ਨਹੀਂ। ਇਹ ਜਿਹਦਾ ਹੋ ਜਾਂਦਾ, ਉਹ ’ਤੇ ਇਹ ਜਾਨ ਦਿੰਦਾ। ਜਿਹਦੇ ਨਾਲ਼ ਵੈਰ, ਸਿਰ-ਵੱਢਵਾਂ ਵੈਰ ਰੱਖਦਾ। ਫਿਰ ਤਾਂ ਇਹ ਬੁਰੇ ਦੇ ਘਰ ਤੱਕ ਵੀ ਚਲਿਆ ਜਾਂਦਾ ਸੀ।

ਬਾਬੇ ਹੋਰੀਂ ਪੰਜ ਭਾਈ ਸੀ। ਬਚਿਆ ਕੱਲਾ ਰਾਮ ਸਿੰਘ ਹੀ; ਤੇ ਸਰਫ਼ੇ ਦੀ ਇਕ ਭੈਣ। ਬਾਕੀ ਦੇ ਚਾਰ ਅੱਗੜ-ਪਿੱਛੜ ਤੁਰ ਗਏ। ਬੰਦਿਆਂ ਦੀ ਘਾਟ ਦਾ ਬਾਬੇ ਨਾਲੋਂ ਵੱਧ ਹੋਰ ਕਿਹਨੂੰ ਪਤਾ ਹੋ ਸਕਣਾ ਸੀ? ਤਿੰਨ ਧੀਆਂ ਤੋਂ ਬਾਅਦ ਤਾਇਆ ਹੋਇਆ- ਤਿੱਖ਼ਲ। ਨਾਂ ਰੱਖਿਆ ਸਰਦਾਰਾ। ਸਰਦਾਰਾ ਸਿੰਘ ਸਿੱਧੂ। ਪਿੰਡਾਂ ਵਾਲ਼ੇ ਤਿੱਖ਼ਲ ਨਿਆਣਾ ਜੰਮਣ ’ਤੇ ਬੜੇ ਉਪਾਅ ਕਰਦੇ ਹਨ। ਤਾਏ ਦੇ ਵੀ ਕੀਤੇ ਹੋਣਗੇ। ਤਿੱਖ਼ਲ ਬੱਚਾ, ਮਾਂ ਬਾਪ ਲਈ ਸਖ਼ਤ ਮੰਨਿਆ ਜਾਂਦਾ ਹੈ। ਟੱਬਰ ਲਈ ਵੀ ਭਾਰਾ। ਪੁੱਤ ਹੋਣ ਤੇ ਬਾਬੇ ਦੀਆਂ ਧੀਆਂ ਦੀ ਪੁੱਛ ਪ੍ਰਤੀਤ ਹੋਣ ਲਗ ਪਈ, ਮਾਣ ਵਧ ਗਿਆ। ਅਣਸ ਤੋਰਨ ਵਾਲੇ ਤਾਏ ਦੇ ਸਾਰੇ ਚਾਅ ਲਾਡ-ਕੀਤੇ। ਖੁੱਸੇ ਭਰਾਵਾਂ ਦਾ ਝੰਬਿਆ ਬਾਬਾ ਮੁੜ ਹੌਂਸਲ਼ੇ ਚ ਹੋ ਗਿਆ। ਬਾਬੇ ਨੂੰ ਬਾਹਲ਼ ਮਿਲ ਗਈ ਸੀ। ਪਹਿਲਾ ਪੁੱਤ- ਸਰਦਾਰਾ।

ਤਾਇਆ ਪੂਰਾ ਅਵੈੜ ਈ ਨਿਕਲਿਆ। ਸੁਭਾਅ ਦਾ ਅੜਬ। ਸਿਰੇ ਦਾ ਖੱਖਾ। ਨਾਲ਼ੇ ਵੈਲੀ। ਲੜਾਈ ਕਿਸੇ ਦੀ ਹੋਵੇ, ਇਹਨੇ ਆਹਟਾ ਜਾ ਕੇ ਵਿਚ ਲੱਤ ਜਾ ਅੜਾਉਣੀ। ਮੱਲੋ ਜ਼ੋਰੀ ਵਿਚ ਜਾ ਵੜਨਾ। ਜਾਣੀ ਕਹਿਣਾ: ਲੜਾਈਏ ਲੜਾਈਏ, ਸਾਡੇ ਵੱਲ ਦੀ ਵੀ ਹੋ ਕੇ ਜਾਈਂ, ਤੇ ਜੇ ਤੈਂ ਐਧਰ ਨਹੀਂ ਆਉਣਾ, ਤਾਂ ਫਿਰ ਮੈਂ ਤੇਰੇ ਵੱਲ ਆਉਨਾਂ। ਲੜਾਈ ਕਰਕੇ ਇਹਦੇ ਮਨ ਨੂੰ ਤਸੱਲੀ ਹੁੰਦੀ ਹੋਊਗੀ। ਇਹਨੂੰ ਕਿਸੇ ਵੇਲ਼ੇ-ਕੁਵੇਲ਼ੇ ਦੀ ਕੋਈ ਪਰਵਾਹ ਨਹੀਂ ਸੀ। ਨਾ ਹੀ ਵੱਡੇ-ਛੋਟੇ ਦੀ। ਲੋਕ ਇਹਦੇ ਤੋਂ ਕੰਨ ਭੰਨਦੇ ਸੀ। ਬਹੁਤੇ ਅੱਖ ਨਾ ਮੇਲ਼ਦੇ।

ਰਤਾ ਕੁ ਸੁਰਤ ਚ ਆਇਆ ਤਾਂ ਬਾਬੇ ਨੇ ਚਾਅ ਨਾਲ ਇਹਨੂੰ ਸਕੂਲੇ ਪਾਇਆ। ਅਨਪੜ੍ਹ ਬਾਬੇ ਨੂੰ ਇਲਮ ਦੀ ਸੂਝੀ ਹੋਣੀ ਐਂ। ਸਕੂਲੇ ਇਹ ਤਰਲਿਆਂ ਨਾਲ ਮਸਾਂ ਸਾਲ ਖੰਡ ਹੀ ਗਿਆ। ਫਿਰ ਅੜ ਗਿਆ। ਬੱਸ ਨਨਕਾ ਈ ਪਾ ਬੈਠਾ। ਕਹਿੰਦਾ, ਮੈਥੋਂ ਨਹੀਂ “ਵੱਡੀਏ” “ਛੋਟੀਏ” ਪੜ੍ਹ ਹੁੰਦੀ। ਉਰਦੂ ਦੇ ਹਰਫ਼ਾਂ ਵੱਡੀ ਯੇ ਤੇ ਛੋਟੀ ਯੇ ਨੂੰ, ਇਹ “ਵੱਡੀਏ” “ਛੋਟੀਏ” ਕਹਿੰਦਾ। ਬਾਬੇ ਨੇ ਬੜੇ ਤਰਲ਼ੇ ਕੀਤੇ। ਉਹਨੇ ਕਹਿਣਾ: ਓਏ ਪੜ੍ਹ ਲੈ ਪੜ੍ਹ ਲੈ, ਤੇਰੇ ਈ ਕੰਮ ਆਉਣਾ, ਮੈਨੂੰ ਤਾਂ ਇਹਦੇ ਚੋਂ ਕੁਛ ਨਹੀਂ ਲੱਭਣਾ। ਇਹਨੇ ਇੱਕੋ ਰੱਟ ਲਾ ਲਈ: ਬਈ ਮੈਂ ਸਕੂਲੇ ਨਹੀਂ ਜਾਣਾ। ਸਕੂਲ ਦੇ ਟੈਮ ਤੋਂ ਪਹਿਲਾਂ ਹੀ ਕਿੱਕਰ ਦੀ ਟੀਸੀ ਤੇ ਚੜ੍ਹ ਬਹਿਣਾ। ਜਦੋਂ ਬਾਬੇ-ਦਾਦੀਆਂ ਨੇ ਹਾਰ ਮੰਨ ਲੈਣੀ, ਇਹਨੇ ਮੌਜ ਨਾਲ ਹੇਠਾਂ ਉਤਰ ਆਉਣਾ। ਜੇ ਕਿਤੇ ਝਿੜਕਿਆ-ਝੰਬਿਆ ਸਕੂਲੇ ਚਲੇ ਵੀ ਜਾਣਾ, ਤਾਂ ਬਾਬੇ ਨੇ ਇਹਨੂੰ ਸਕੂਲ ਛੱਡ ਕੇ ਘਰ ਬਾਅਦ ਚ ਵੜਨਾ, ਇਹਨੇ ਪਹਿਲਾਂ ਈ ਭੱਜ ਆਉਣਾ।

ਅਖ਼ੀਰ ਕੱਕੀ ਦਾੜ੍ਹੀ ਵਾਲੇ ਮੌਲਵੀ ਨੇ ਬਾਬੇ ਨੂੰ ਸਲਾਹ ਦਿੱਤੀ: ਰਾਮ ਸਿਆਂ ਇਹਨੂੰ ਘਰ ਹੀ ਰੱਖ ਲਿਆ ਕਰ। ਕਿਓਂ ਆਵਦਾ ਮਨ ਖਰਾਬ ਕਰਦਾਂ, ਨਾਲ਼ੇ ਇਹਦਾ। ਐਸ ਹਿਸਾਬ, ਇਹਨੇ ਕਿਹੜਾ ਤਸੀਲਦਾਰ ਲੱਗ ਜਾਣਾ। ਇਹਨੂੰ ਵਾਹੀ ਚ ਨਾਲ਼ ਤੋਰ ਲੈ। ਤੇਰਾ ਹੱਥ ਵੀ ਵਟਾਊਗਾ। ਇਹਦਾ ਵੀ ਭਲਾ ਹੋਊ, ਤੇਰਾ ਵੀ। ਜਾਣੀ ਬਾਬਾ ਬੁਝੇ ਮਨ ਨਾਲ਼ ਜ਼ੋਰਾਵਰ ਤਾਏ ਦੀ ਲੱਤ ਹੇਠੋਂ ਲੰਘ ਗਿਆ। ਸਿਆਣੇ ਕਹਿੰਦੇ ਆ, ‘ਕੱਲਾ ਪੁੱਤ ਵੀ ਪਿਓ ਬਰਾਬਰ ਹੀ ਹੁੰਦਾ’।

ਬਾਬੇ ਦੀ ਵੱਡਿਓਂ ਛੋਟੀ ਧੀ ਕੀਨੀਆ ਚ ਰਹਿੰਦੀ ਸੀ - ਐਲਡੋਰੈਟ। ਉਹ ਤਾਏ ਨੂੰ ਨਾਲ ਲੈ ਜਾਣ ਨੂੰ ਤਿਆਰ ਸੀ। ਬਾਬਾ ਨਾ ਮੰਨਿਆ। ਕਹਿੰਦਾ: ਸਾਨੂੰ ਨਹੀਂ ਪਰਦੇਸੀ ਕਮਾਈਆਂ ਦੀ ਲੋੜ। ਅਪਣੇ ਮੁਲਕ ਨਾਲ ਦੀ ਕੀ ਰੀਸ। ਐਈਥੇ ਕਿਹੜੀ ਘਾਟ ਆ ਸਾਨੂੰ। ਕਹਿੰਦਾ: ਚੰਗੇ-ਮੰਦੇ ਅਪਣੇ ਦੇਸ ਹੀ ਚੰਗੇ। ਬਾਬੇ ਦੇ ਦਿਨ ਓਦੋਂ ਚੰਗੇ ਸੀ। ਬਾਅਦ ਚ ਜਦੋਂ ਤਾਏ ਨੂੰ ਪਤਾ ਲੱਗਾ ਤਾਂ ਇਹਨੇ ਬੁਰਾ ਮਨਾਇਆ। ਪਰ ਤਾਏ ਨੇ ਕੀਨੀਆਂ ਨੂੰ ਤਦ ਹੀ ਜਾ ਸਕਣਾ ਸੀ, ਜੇ ਬਾਬਾ ਧੀ ਨੂੰ ਹਾਂ ਕਰਦਾ। ਬਾਪ ਦੀ ਮਰਜ਼ੀ ਦੇ ਖਿਲਾਫ਼ ਧੀ ਨੇ ਭਰਾ ਨੂੰ ਥੋੜ੍ਹੋਂ ਲੈ ਕੇ ਜਾਣਾ ਸੀ।

ਤਾਇਆ ਫਿਰਨ ਤੁਰਨ ਦਾ ਵੀ ਸ਼ੌਕੀਂ ਨਿਕਲ਼ਿਆ। ਜਿੱਦਾਂ ਇਹਦੇ ਪੈਰਾਂ ਨੂੰ ਕੋਈ ਚੱਕਰ ਲੱਗਿਆ ਹੋਇਆ ਸੀ। ਇਹਦਾ ਜਦੋਂ ਚਿੱਤ ਕਰਨਾ, ਟਰੰਕ ਚ ਕਪੜੇ ਪਾ ਕੇ ਤੁਰ ਪੈਣਾ। ਕਦੀ ਅਸਾਮ, ਕਦੇ ਭਲਾਈ, ਕਦੇ ਰਾਂਚੀ, ਕਦੇ ਰੁੜਕੇਲਾ ਤੇ ਕਦੇ ਬੁਖਾਰੋ। ਤੇ ਹੋਰ ਪਤਾ ਨਹੀਂ

ਕਿੱਥੇ ਕਿੱਥੇ। ਫਿਰ ਸਾਲ-ਸਾਲ ਦੋ-ਦੋ ਸਾਲ, ਨਾ ਕੋਈ ਚਿੱਠੀ ਨਾ ਪੱਤਰ। ਨਾ ਕੋਈ ਰਾਜ਼ੀ ਨਾ ਬਾਜ਼ੀ, ਨਾ ਖ਼ੈਰ ਨਾ ਸੁੱਖ। ਪਿੱਛੇ ਘਰਦਿਆਂ ਨੇ ਫ਼ਿਕਰਾਂ ਚ ਲਹੂ ਸੁਕਾ ਲੈਣਾ। ਜਦੋਂ ਇਹਦਾ ਮਨ ਕਰਨਾ ਉਦੋਂ ਹੀ ਮੁੜਨਾ।

ਤਾਏ ਦਾ ਵਿਆਹ ਤਿੰਨ ਫ਼ੌਜੀ ਭਰਾਵਾਂ ਦੀ ਭੈਣ ਨਾਲ ਹੋਇਆ। ਪੇਕੀਂ ਇਹਦਾ ਨਾਂ ਰਾਓ ਸੀ। ਵਿਆਹੀ ਆਉਣ ਤੇ ਇਹਨੂੰ ਰਾਓ ਤੋਂ ਪ੍ਰੀਤਮ ਕੌਰ ਬਣਾ ਲਿਆ। ਤਾਇਆ ਜਿੰਨਾ ਕੱਬਾ ਸੀ, ਭਾਬੀ ਓਨੀ ਸਾਊ। ਇਹਨੇ ਉੱਚਾ ਨਾ ਬੋਲਣਾ। ਇਨ੍ਹਾਂ ਦਾ ਕੀ ਮੇਲ ਸੀ – ਰੱਬ ਜਾਣੇ। ਭਾਬੀ ਦੇ ਬਾਪ ਨੇ ਇਹਨੂੰ ਡੋਲੀ ਪਾਉਣ ਲੱਗਿਆਂ ਕੰਨ ਚ ਇਕੋ ਗੱਲ ਕਹੀ: ਦੇਖ ਧੀਏ ਅਪਣਾ ਨਾਤਾ ਹੁਣ ਮੁੱਕ ਗਿਆ। ਹੁਣ ਇਹੀ ਤੇਰੇ ਸਹੁਰੇ, ਇਹੀ ਤੇਰੇ ਮਾਂ-ਪਿਓ। ਤੂੰ ਅਪਣੇ ਘਰੇ ਰਹੀਂ– ਸੁਖੀ ਰਹੀਂ। ਮੈਨੂੰ ਨਹੀਂ ਪਤਾ ਭਾਬੀ ਨੇ ਕਦੋਂ, ਕੀ ਸੁੱਖ ਦੇਖਿਆ। ਇਹਨੇ ਅਪਣੇ ਪੇਕਿਆਂ ਨੂੰ ਕੁਝ ਵੀ ਨਾ ਦੱਸਣਾ। ਜੇ ਪੁੱਛ ਪੁਛਾ ਕੇ ਉਨ੍ਹਾਂ ਆ ਵੀ ਜਾਣਾ ਤਾਂ ਵੀ ਭਾਬੀ ਨੇ ਇੱਕੋ ਤੋਤੇ ਰਟ ਲਾਈ ਰੱਖਣੀ। ਮੈਂ ਅਪਣੇ ਘਰ ਬੜੀ ਸੌਖੀ ਆਂ; ਮੈਨੂੰ ਕਿਸੇ ਕਿਸਮ ਦੀ ਕੋਈ ਤੰਗੀ ਨਹੀਂ। ਤੁਸੀਂ ਵੀ ਅਪਣੇ ਘਰੀਂ ਰਾਜੀ ਖੁਸ਼ੀ ਰਹੋ। ਤੁਹਾਡੇ ਵਲੋਂ ਠੰਢੀ ਵਾਅ ਆਉਂਦੀ ਰਹੇ। ਭਜਨੋ ਦਾ ਭਾਪਾ ਮੇਰੀ ਬੜੀ ਦੇਖ ਭਾਲ਼ ਕਰਦਾ। ਘਰ ਦੇ ਭਾਗ ਤਾਂ ਡੇਹੜੀ ਦੇ ਮੱਥਿਓਂ ਹੀ ਦਿਸਦੇ ਸੀ। ਭਾਬੀ ਨੇ ਭਰਾਵਾਂ ਨੂੰ ਅਸੀਸਾਂ ਦੇਣੀਆਂ: ਮਾਂ ਜਾਇਓ, ਸੋਹਣਿਓ ਵੀਰੋ, ਬੱਸ ਤੁਸੀਂ ਅਪਣੇ ਘਰੀਂ ਖ਼ੈਰੀਂ ਸੁੱਖੀਂ ਵਸੋ। ਰੱਜ ਰੱਜ ਜੁਆਨੀਆਂ ਮਾਣੋ। ਤਰੱਕੀਆਂ ਕਰੋ। ਵੱਡੇ ਵੱਡੇ ਰੁਤਬੇ ਪਾਓ। ਤੁਹਾਡੇ ਵਲੋਂ ਮੈਨੂੰ ਸਦਾ ਠੰਢੀਆਂ 'ਵਾਵਾਂ ਹੀ ਆਉਂਦੀਆਂ ਰਹਿਣ।

ਤਾਏ ਦੇ ਘਰੋਂ, ਮੇਰੀ ਮਾਸੀ ਵੀ ਸੀ। ਮੇਰੀ ਮਾਂ ਦੇ ਤਾਏ ਦੀ ਧੀ। ਲੰਮ ਸੁਲੰਮੀ। ਇਹ ਪੰਜ ਫੁੱਟ ਸੱਤ ਅੱਠ ਇੰਚ ਦੇ ਗੇੜ ਚ ਹੋਊ। ਤਾਇਆ ਰਤਾ ਕੁ ਮਧਰਾ ਸੀ। ਘਰ ਚ ਸਾਰੇ ਛੋਟੇ, ਇਹਨੂੰ ਭਾਬੀ ਹੀ ਕਹਿੰਦੇ ਸੀ। ਸਭ ਦੀ ਰੀਸੇ, ਮੈਂ ਵੀ ਭਾਬੀ ਕਹਿੰਦਾ। ਇਹਦੇ ਇੱਕੋ ਧੀ ਹੋਈ– ਭਜਨੋ। ਸੁਹਲ ਜਿਹੀ। ਬਾਬੇ ਦੀ ਪਹਿਲੀ ਪੋਤੀ। ਬੜੇ ਲਾਡਾਂ ਨਾਲ਼ ਪਾਲ਼ੀ ਸੀ ਇਹ। ਇਹ ਵੀ ਅਪਣੀ ਮਾਂ ਨੂੰ ਭਾਬੀ ਹੀ ਸੱਦਦੀ ਸੀ। ਭੈਣ ਤੋਂ ਬਾਅਦ, ਭਾਬੀ ਮੁੜਕੇ ਉਮੀਦਵਾਰ ਨਾ ਹੋਈ। ਤਾਏ ਨੂੰ ਏਸ ਗੱਲ ਦਾ ਵੀ ਦੁੱਖ ਹੀ ਹੋਣਾ। ਭਾਬੀ ਵੀ ਏਸ ਗੱਲ ਦਾ ਹੇਰਵਾ ਤਾਂ ਕਰਦੀ ਸੀ। ਅੱਗੋਂ ਅਣਸ ਜੁ ਨਾ ਤੁਰੀ। ਭੈਣ ਭਜਨੋ ਨੂੰ ਪੰਜ ਜਮਾਤਾਂ ਪਾਸ ਕਰਾਈਆਂ, ਤਾਏ ਨੇ। ਪਿੰਡਾਂ ਚ ਓਦੋਂ ਕੁੜੀਆਂ ਨੂੰ ਕੌਣ ਪੜ੍ਹਾਉਂਦਾ ਸੀ? ਬੜਾ ਚਿਰ, ਭੈਣ ਤੇ ਮੈਂ ਹੀ ਬਾਬੇ ਦੇ ਪੋਤੀ-ਪੋਤਾ ਰਹੇ। ਸਰਫ਼ੇ ਦੇ ਭੈਣ-ਭਰਾ। ਅੱਖਾਂ ਦੇ ਤਾਰੇ। ਸਾਡੀ ਦੋਹਾਂ ਦੀ ਘਰ ਚ ਮਾਰ-ਮਾਰ ਬੱਸ-ਬੱਸ ਹੁੰਦੀ ਰਹੀ। ਭੈਣ ਤੇ ਮੇਰੇ ਚਾਚੇ ਦਾ ਵਿਆਹ ਅੱਗੜ-ਪਿੱਛੜ ਹੋਇਆ। ਭੈਣ, ਚਾਚੇ ਤੋਂ ਸਾਲ ਦੋ ਤਿੰਨ ਸਾਲ ਵੱਡੀ ਸੀ। ਫਿਰ ਮੇਰੇ ਚਾਚੇ ਦੇ ਤਿੰਨ ਵਿਆਹਾਂ ਤੋਂ ਬੱਚੇ ਹੋਏ- ਚਾਰ ਧੀਆਂ, ਦੋ ਪੁੱਤ। ਇਕ ਬਾਲ ਉਮਰੇ ਹੀ ਮੁੱਕ ਗਿਆ ਸੀ। ਤਾਏ ਤੋਂ ਵੀ ਪਹਿਲਾਂ। ਤਾਇਆ ਇਹਨੂੰ ਖਿਡਾਉਣ ਸ਼ਾਮ ਨੂੰ ਜ਼ਰੂਰ ਆਉਂਦਾ ਹੁੰਦਾ ਸੀ। ਇੱਕ ਬਚਿਆ। ਬਚਣ ਵਾਲਾ ਤਾਏ ਤੋਂ ਛੇ-ਸੱਤ ਸਾਲ ਬਾਅਦ ਜੰਮਿਆ।

ਜਦੋਂ ਭਾਬੀ ਦੇ ਭਰਾ ਛੁੱਟੀ ਕੱਟਣ ਆਉਂਦੇ, ਤਾਂ ਇਹਨੂੰ ਵੀ ਮਿਲਣ ਆਉਂਦੇ। ਉਹ ਛੇ-ਛੇ ਫੁੱਟੇ ਫ਼ੌਜੀ ਸਰਦਾਰ ਸੀ। ਚੜ੍ਹਦੀ ਮਾਲੀ। ਦਰਸ਼ਣੀ ਜੁਆਨ। ਹੁੰਦਲ਼ਹੇਰ। ਰੋਬਦਾਰ। ਉਨ੍ਹਾਂ ਦੀਆਂ ਪੱਗਾਂ ਫ਼ੌਜੀ ਤਰੀਕੇ ਨਾਲ ਠੋਕ ਕੇ ਬੱਧੀਆਂ ਹੁੰਦੀਆਂ। ਦਾਹੜੀਆਂ ਵੀ ਸਲੀਕੇ ਦੇ ਨਾਲ਼ ਕੱਸ ਕੇ ਸੁਆਰੀਆਂ ਹੁੰਦੀਆ। ਪੈਂਟਾਂ ਤਾਜ਼ੀਆਂ ਇਸਤਰੀ ਕੀਤੀਆਂ ਹੁੰਦੀਆਂ। ਬੂਟ ਲਿਸ਼ਕਦੇ ਹੋਣੇ। ਇਹ ਮਾਮੇ ਬੜੇ ਫ਼ਬਦੇ। ਫੰਨੇ ਖਾਂ ਲਗਦੇ। ਇਨ੍ਹਾਂ ਦੀ ਪੂਰੀ ਮੜਕ ਸੀ। ਇਨ੍ਹਾਂ ਦੀ ਖੁੱਚ ਉੱਠਦੀ। ਮਿਲਟਰੀ ਦਾ ਡਿਸਪਲਿਨ ਤੇ ਟੌਹਰ – ਸੋਨੇ ਤੇ ਸੁਹਾਗਾ। ਫ਼ੌਜੀ ਮਾਮੇ ਮੈਨੂੰ ਚੰਗੇ ਲਗਦੇ। ਵੱਡਾ ਹੋ ਕੇ ਮੈਂ ਵੀ ਫ਼ੌਜੀ ਬਣਨਾ ਲੋਚਦਾ। ਭਾਬੀ ਦੇ ਫ਼ੌਜੀ ਸਰਦਾਰ ਭਰਾਵਾਂ ਨੂੰ ਲੋਕ ਹਿਰਖ ਨਾਲ ਵੇਖਦੇ। ਭਾਬੀ ਮਾਣ ਕਰਦੀ। ਉਨ੍ਹਾਂ ਦੇ ਸਿਰ ਤੋਂ ਮਿਰਚਾਂ ਵਾਰਦੀ। ਕਹਿੰਦੀ: ਇਨ੍ਹਾਂ ਨੂੰ ਕਿਸੇ ਦੀ ਨਜ਼ਰ ਨਾ ਲਗ ਜਾਏ। ਤਾਇਆ, ਫ਼ੌਜੀ ਮਾਮਿਆਂ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ। ਜਾਂ ਤਾਂ ਇਹ ਬੋਲਦਾ-ਬੁਲਾਉਂਦਾ ਈ ਨਾ, ਜਾਂ ਫਿਰ ਊਤ੍ਹ ਆਤ ਕਰ ਦਿੰਦਾ। ਗੱਲਾਂ ਤਾਂ ਦੋਵੇਂ ਈ ਮਾੜੀਆਂ ਸੀ।

ਤਾਇਆ ਇਕ ਵਾਰ ਘਰੋਂ ਉਚਾਟ ਹੋ ਕੇ ਅਸਾਮ ਚਲਾ ਗਿਆ। ਉੱਥੇ ਕੋਈ ਮਾਲਦਾਰ ਮਾਰਵਾੜੀ ਇਨ੍ਹਾਂ ਨੂੰ ਸਿੱਖੜੇ-ਸਿੱਖੜੇ ਕਿਹਾ ਕਰੇ। ਚਿੜਾਇਆ ਕਰੇ। ਮੋਟੀ ਮਾਰਵਾੜੀ ਅਸਾਮੀ ਨੂੰ ਦੇਖ ਕੇ ਤਾਏ ਨੂੰ ਬਹੁਤ ਕ੍ਰੋਧ ਚੜ੍ਹਿਆ। ਇਹ ਵੀ ਉਨ੍ਹਾਂ ਨੂੰ ਅਵਾ ਤਵਾ ਬੋਲਿਆ ਕਰੇ। ਫਿਰ ਤਾਏ ਦੀ ਨੀਅਤ ਹੀ ਬਦਨੀਤ ਹੋ ਗਈ। ਇਕ ਦਿਨ ਰਾਤ ਨੂੰ ਉਨ੍ਹਾਂ ਦੇ ਜਾ ਡਾਕਾ ਮਾਰਿਆ। ਆਵਦੀ ਵੱਲੋਂ ਸਾਰੇ ਟੱਬਰ ਦਾ ਹੀ ਸਫਾਇਆ ਕਰਤਾ; ਮਨਸ਼ੇ ਮੂਜਬ ਲੁੱਟ ਕਰ ਲਈ। ਪਰ ਘਰ ਚ ਕੱਲੀ ਤੀਵੀਂ ਸਹਿਮ ਕੇ ਪਈ ਰਹੀ। ਉਹ ਔਰਤ ਬਚ ਗਈ। ਘਰ ਆ ਕੇ ਇਹਨੇ ਹੋਰ ਦਾਰੂ ਪੀਤੀ। ਫ਼ਰੇਬੀ ਯਾਰਾਂ ਨੇ ਹੋਰ ਪਿਆਈ ਤੇ ਲੁੱਟ ਦਾ ਮਾਲ ਸਾਂਭਣ ਦੀ ਸੋਚ ਲਈ। ਸਵੇਰ ਨੂੰ ਆ ਕੇ ਕਹਿੰਦੇ, ਚਲ ਬਈ ਸਰਦਾਰ, ਦੇਖ ਤਾਂ ਆਈਏ ਰਾਤੀਂ ਕੌਣ ਕੌਣ ਮਾਰੇ ਸੀ ਤੈਂ (ਕਈ ਕਹਿੰਦੇ ਹਨ ਇਹ ਬਚ ਗਈ ਔਰਤ ਨੂੰ ਵੀ ਹਸਪਤਾਲ ਚ ਮਾਰਨ ਚਲਾ ਗਿਆ ਸੀ)। ਬਚ ਗਈ ਤੀਵੀਂ ਨੇ ਤਾਏ ਨੂੰ ਜਾਂਦੇ ਨੂੰ ਈ ਪਛਾਣ ਲਿਆ ਤੇ ਰੌਲਾ ਪਾ ਦਿੱਤਾ ਕਿ ਇਹੋ ਰਾਤੀਂ ਡਾਕਾ ਮਾਰਨ ਆਏ ਸੀ। ਤੀਵੀਂ ਨੇ ਰਾਤੀਂ ਦੇਖਿਆ ਤਾਂ ਕਿਸੇ ਨੂੰ ਨਹੀਂ ਸੀ ਪਰ ਇਨ੍ਹਾਂ ਦੀ ਅਵਾਜ਼ ਪਛਾਣ ਲਈ ਸੀ। ਡਰਦੀ ਘੇਸਲ ਮਾਰ ਕੇ ਪਈ ਰਹੀ ਸੀ। ਡਾਕੇ-ਕਤਲ ਦਾ ਕੇਸ ਚੱਲਿਆ। ਤਾਏ ਨੂੰ ਜੇਲ੍ਹ ਬੋਲ ਗਈ। ਦੂਜਿਆਂ ਨੇ ਪਿੱਛੋਂ ਲੁੱਟ ਦਾ ਮਾਲ ਸਾਂਭ ਲਿਆ; ਪੰਜਾਬ ਚ ਆ ਕੇ ਜ਼ਮੀਨਾਂ ਲੈ ਲਈਆਂ। ਹੱਟੀਆਂ ਖੋਲ੍ਹ ਲਈਆਂ। ਡੇਰੀਆਂ ਪਾ ਲਈਆਂ। ਤਾਇਆ ਚਲੇ ਗਿਆ ਜੇਲ ਅੰਦਰ। ਜਦੋਂ ਛੁੱਟ ਕੇ ਵੀ ਆਇਆ ਤਾਂ ਪੁਲਸ ਨਿਗਾਹਬਾਨੀ ਕਰਨ ਆਉਂਦੀ ਰਹੀ। ਜਿੱਦਾਂ ਦਸ ਨੰਬਰੀਆਂ ਦੀ ਕਰਦੇ ਹਨ। ਇਸ ਗੱਲ ਦੀ ਇਹ ਨਿਮੋਸ਼ੀ ਮੰਨਦਾ ਰਿਹਾ ਸੀ। ਪਤਾ ਨਹੀਂ, ਨਿਮੋਸ਼ੀ ਬੰਦੇ ਮਾਰਨ ਦੀ ਸੀ ਜਾਂ ਜੇਲ ਜਾਣ ਦੀ ਜਾਂ ਮਾਲ ਨਾ ਸਾਂਭ ਸਕਣ ਦੀ ਕਿ ਚੋਰਾਂ ਨੂੰ ਮੋਰ ਪੈ ਜਾਣ ਦੀ। ਗੁਰਮੁਖ ਬਾਬੇ ਨੂੰ ਪਤਾ ਲੱਗਾ, ਤਾਂ ਫਿਰ ਦੁਖੀ ਹੋਇਆ। ਬਾਬੇ ਨੇ ਅਫਰੀਕਾ ਵਾਲ਼ੀਆਂ ਮਾਂ-ਮਹਿੱਟਰ ਦੋਹਾਂ ਦੋਹਤੀਆਂ ਦੀਆਂ ਸ਼ਾਦੀਆਂ ਰੱਖੀਆਂ ਹੋਈਆਂ ਸੀ। ਵਿਆਹ ਮੇਰੇ ਬਾਪ ਆਸਰੇ ਛੱਡ ਕੇ ਬਾਬਾ ਅਸਾਮ ਨੂੰ ਤੁਰ ਪਿਆ। ਉਥੇ ਰਹਿੰਦੇ ਕਿਸੇ ਪੇਂਡੂ ਨੇ ਬਾਬੇ ਨੂੰ ਕਿਹਾ ਸੀ ਕਿ ਜੇ ਤੁਸੀਂ ਪੰਜ ਕੁ ਸੌ ਰੁਪੱਈਏ ਖਰਚ ਦਿਓ ਤਾਂ

ਸ਼ੈਤ ਸਜ਼ਾ ਤੋਂ ਬਚਾਅ ਹੋ ਜਾਊਗਾ। ਬਾਬਾ ਰਕਮ ਲੱਕ ਨੂੰ ਬੰਨ੍ਹ ਕੇ ਅਸਾਮ ਨੂੰ ਗੱਡੀਏ ਚੜ੍ਹ ਗਿਆ। ਪਰ ਧੁਰ ਪਹੁੰਚ ਨਾ ਸਕਿਆ। ਤਾਏ ਦੀ ਕਿਸਮਤ ਸੀ ਕਿ ਮੋਹਰੇ ਰੇਲ ਗੱਡੀ ਦੀ ਲਾਈਨ ਈ ਟੁੱਟ ਗਈ ਸੀ। ਪ੍ਰੇਸ਼ਾਨ ਬਾਬੇ ਨੂੰ ਰਾਹ ਚੋਂ ਓਦਾਂ ਹੀ ਮੁੜਨਾ ਪੈ ਗਿਆ।

ਰੌਲ਼ਿਆਂ ਵੇਲੇ ਸ਼ਰੀਕੇ ਵਾਲਿਆਂ ਡਰਦਿਆਂ ਨੇ ਇਹਦੇ ਵੀ ਕੇਸ ਕਟਤੇ ਸੀ; ਇਹਨੇ ਮੁੜ ਕੇ ਨਾ ਰੱਖੇ। ਸਗੋਂ ਸਿਗਟਾਂ ਵੀ ਪੀਣ ਲੱਗ ਪਿਆ। ਪੂਰੇ ਟੱਬਰ ਚ ਕੱਲਾ ਤਾਇਆ ਹੀ ਸਿਗਟਾਂ ਪੀਂਦਾ ਸੀ। ਜਦੋਂ ਜੇਲ੍ਹ ਗਿਆ ਓਥੋਂ ਫਿਰ ਸਿੰਘ ਸਜ ਕੇ ਆਇਆ। ਜਦੋਂ ਬਾਹਰ ਆਇਆ ਤਾਂ ਦਾਹੜਾ ਨੇਫੇ ਤਾਈਂ ਸਜਿਆ ਫਿਰੇ। ਇਹ ਕਹਿੰਦਾ: ਸਿੰਘਾਂ ਨੂੰ ਜੇਲ੍ਹ ਚ ਤੇਲ ਸਾਬਣ ਮੁਖਤ ਮਿਲਦਾ ਸੀ, ਤਾਂ ਕੇਸ ਰੱਖ ਲਏ ਸੀ। ਤਾਇਆ ਚੜ੍ਹਦੀ ਉਮਰੇ ਹੀ ਗੰਜਾ ਹੋ ਗਿਆ ਸੀ। ਸਰਫ਼ੇ ਦੇ ਵਾਲ਼ ਸੀ। ਸਿਰਫ਼ ਪੁੜਪੜੀਆਂ ਤੇ ਬਚੇ ਸੀ ਜਾਂ ਗਿੱਚੀ ਤੇ। ਬਾਕੀ ਸਾਰਾ ਸਿਰ ਸਫਾ-ਚੱਟ। ਗੰਜ ਹਮੇਸ਼ਾਂ ਹੀ ਲਿਸ਼ਕਦਾ ਰਹਿੰਦਾ। ਗਰਮੀਆਂ ਦੀ ਰੁੱਤੇ ਇਹ ਹੋਰ ਵੱਧ ਚਮਕਦਾ। ਤਾਅ ਉਮਰ ਤਾਇਆ ਭਾਰੀਆਂ ਮੁੱਛਾਂ ਨੂੰ ਕਲਫ਼ ਲਾਉਂਦਾ ਰਿਹਾ। ਹਾਂ, ਇਹਨੇ ਲੜ ਵਾਲੀ ਪੱਗ ਨਾਲ ਪੂਰੀ ਨਿਬਾਹੀ; ਤੇ ਪੱਗ ਨੇ ਤਾਏ ਦਾ ਗੰਜ ਢਕੀ ਰੱਖਿਆ।

ਤਾਇਆ ਮੇਰਾ ਬੜਾ ਮੋਹ ਕਰਦਾ ਸੀ। ਇਹ ਲਾਡ ਨਾਲ ਮੈਨੂੰ ਕਾਲ਼ਾ ਕਹਿੰਦਾ। ਸਾਰੇ ਟੱਬਰ ਚੋਂ ਮੇਰਾ ਈ ਰੰਗ ਰਤਾ ਕੁ ਮੁਸ਼ਕੀ ਸੀ। ਇਹਦੇ ਯਾਰ ਬੇਲੀ ਵੀ ਮੈਨੂੰ ਕਾਲ਼ਾ ਹੀ ਸਦਦੇ। ਕਿਸੇ ਹੋਰ ਨੂੰ ਮੇਰੇ ਏਸ ਨਾਂ ਦੀ ਖ਼ਬਰ ਨਹੀਂ। ਇਹ ਕਿਸੇ ਨੂੰ ਵੀ ਮੈਨੂੰ ਝਿੜਕਣ ਨਾ ਦਿੰਦਾ। ਜਿਹੜੀ ਚੀਜ਼ ਮੈਨੂੰ ਘਰੋਂ ਨਾ ਮਿਲਦੀ ਮੈਂ ਤਾਏ ਨੂੰ ਦਸਦਾ। ਇਹ ਪੂਰੀ ਕਰਕੇ ਦਿੰਦਾ ਜਾਂ ਮੇਰੇ ਬਾਪ ਨੂੰ ਘੂਰਦਾ। ਤਾਇਆ ਮੇਰੇ ਨਾਲ ਸ਼ਹਿਰ ਨੂੰ ਜਾਂਦਾ; ਅਕਸਰ ਮੈਨੂੰ ਕਿਤਾਬਾਂ ਵੀ ਲੈ ਦਿੰਦਾ। ਸਕੂਲ ਦੇ ਕਪੜੇ ਵੀ।

ਸ਼ਰਾਬੀ ਹੋ ਕੇ ਉਸ ਮੈਨੂੰ ਕਹਿਣਾ, ਪੁੱਤਰਾ ਜਦੋਂ ਤੂੰ ਜੰਮਿਆ ਸੀ, ਮੈਂ ਲੋਕਾਂ ਦੇ ਖੋਤਿਆਂ ਨੂੰ ਸ਼ਰਾਬ ਪਿਲਾਈ ਸੀ। ਬੜੇ ਚਿਰ ਬਾਅਦ ਰਾਜ਼ ਖੁੱਲਿਆ ਕਿ ਇਹ ਗੱਲ ਝੂਠ ਨਹੀਂ ਸੀ। ਵਿਧ ਇਹ ਬਣੀ ਕਿ ਤਾਇਆ ਮੇਰੇ ਜੰਮਣੇ ਦੀ ਖੁਸ਼ੀ ਚ ਸੀ। ਜਿਹੜਾ ਲੰਘੇ ਉਹਨੂੰ ਘੇਰ ਘੇਰ ਕੇ ਸ਼ਰਾਬ ਪਿਆਈ ਜਾਵੇ। ਪਿੰਡ ਦਾ ਕੋਈ ਜਵਾਈ ਅਪਣੇ ਖੋਤੇ ਲੈ ਕੇ ਜਾਂਦਾ ਸੀ। ਇਹਨੇ, ਉਹਦੇ ਖੋਤੇ ਓਥੇ ਰੋਕ ਲਏ। ਉਹਨੂੰ ਵੀ ਸ਼ਰਾਬ ਪਿਆਤੀ। ਮੁਫ਼ਤ ਦੀ ਸ਼ਰਾਬ ਸੀ, ਉਹ ਲਾਲਚ ਚ ਪੀਈ ਗਿਆ। ਜਦੋਂ ਉਹ ਵਾਹਵਾ ਟੱਲੀ ਹੋ ਗਿਆ, ਉਹ ਕਹੇ ਮੈਂ ਹੁਣ ਜਾਣਾ। ਮੈਨੂੰ ਛੁੱਟੀ ਦੇਵੋ। ਤਾਇਆ ਕਹੇ, ਤੂੰ ਸਾਡੇ ਪਿੰਡ ਦਾ ਜਵਾਈ, ਅਸੀਂ ਤੇਰਾ ਮਾਣ ਕਰਦੇ ਆਂ। ਤੂੰ ਹੋਰ ਪੀ। ਰੱਜ ਕੇ ਪੀ ਸ਼ਰਾਬ। ਉਹਨੇ ਤਰਲ਼ਾ ਪਾਇਆ। ਉਹ ਕਹਿੰਦਾ: ਓ ਮੇਰੇ ਬੇਜ਼ੁਬਾਨ ਖੋਤੇ ਸਵੇਰ ਦੇ ਭੁੱਖੇ ਆ, ਮੈਨੂੰ ਜਾਣ ਦਿਓ। ਤਾਏ ਨੇ ਚੱਕੀਆਂ ਬੋਤਲਾਂ, ਜਾ ਕੇ ਖੋਤਿਆਂ ਨੂੰ ਸ਼ਰਾਬ ਪਿਆ ਆਇਆ। ਤਾਏ ਦੀ ਪ੍ਰਹੁਣਚਾਰੀ ਤੋਂ ਪਿੰਡ ਦਾ ਜੁਆਈ-ਭਾਈ ਹੋਰ ਖੁਸ਼ ਹੋ ਗਿਆ। ਫਿਰ ਉਹ ਮਹੀਨੇ, ਦੋਂਹ ਮਹੀਨੀਂ ਆਉਣ ਲੱਗ ਪਿਆ। ਇਉਂ ਨੇੜਤਾ ਵਧ ਗਈ। ਏਸੇ ਵਸ ਉਹਨੇ ਤਾਏ ਨੂੰ ਆਪਣੀ ਧੀ ਦੇ ਵਿਆਹ ਸੱਦਿਆ। ਛੋਟਾ ਸਾਂ, ਮੈਂ ਵੀ ਨਾਲ਼ ਗਿਆ। ਵਿਆਹ ਦੇ ਰੌਲ਼ੇ ਰੱਪੇ ਚ ਤਾਏ ਦੀ ਪੁੱਛ ਪ੍ਰਤੀਤ ਨਾ ਹੋਈ। ਇਹ ਓਥੇ ਈ ਝੱਜੂਹਾਰਾ ਪਾ ਕੇ ਬਹਿ ਗਿਆ। ਆਖੇ: ਓਏ ਸਾਲ਼ਿਓ ਤੁਹਾਨੂੰ ਸ਼ਰਮ ਨਹੀਂ ਆਉਂਦੀ, ਮੈਂ ਤੁਹਾਡੇ ਖੋਤਿਆਂ ਨੂੰ ਸ਼ਰਾਬਾਂ ਪਿਲਾਈਆਂ, ਤੇ ਤੁਸੀਂ ਸਾਡੀ ਬਾਤ ਨਹੀਂ ਪੁੱਛੀ। ਤੁਸੀਂ ਕੀ ਸਮਝਦੇ ਹੋ, ਅਪਣੇ ਆਪ ਨੂੰ।

ਤਾਏ ਨੇ ਲਾਡ ਲਾਡ ਚ ਮੈਨੂੰ ਵੀ ਸ਼ਰਾਬ ਪੀਣ ਲਾ ਲਿਆ ਸੀ। ਪਹਿਲਾਂ ਪਹਿਲਾਂ ਇਹ ਸ਼ਾਮ ਨੂੰ ਮੈਨੂੰ ਲੈਣ ਆ ਜਾਂਦਾ। ਫਿਰ ਪੀਣ ਵੇਲੇ ਮੈਂ ਆਪੇ ਈ, ਇਹਦੇ ਕੋਲ ਜਾਣ ਲੱਗ ਪਿਆ। ਨਿਆਣਾ ਹੁੰਦਾ ਮੈਂ ਪੀਣ ਵੀ ਵਾਹਵਾ ਲੱਗ ਪਿਆ ਸਾਂ। ਸ਼ਰਾਬ ਤੋਂ ਖਹਿੜਾ ਵੀ ਮੇਰਾ ਸਬੱਬ ਨਾਲ ਹੀ ਛੁੱਟਿਆ। ਜੇ ਕਿਤੇ ਮੈਥੋਂ ਕੋਈ ਸ਼ਰਾਰਤ ਹੋ ਜਾਣੀ ਤਾਂ ਮੇਰੀ ਦਾਦੀ ਨੇ ਕਹਿਣਾ: ਇਹ ਦਾਰੇ ਦਾ ਜੂਠਾ ਮਿੱਠਾ ਖਾਂਦਾ ਰਹਿੰਦਾ ਤਾਂ ਹੀ ਏਦਾਂ ਦੀਆਂ ਹਰਕਤਾਂ ਕਰਦਾ ਰਹਿੰਦਾ। ਹੁਣ, ਮੇਰੇ ਚਾਚੇ ਦੇ ਪੁੱਤ ਨੂੰ ਇਹਦੀ ਮਾਂ ਗੁੱਸੇ ਚ ਆ ਕੇ ਕਹਿੰਦੀ ਹੈ: ਇਹ ਪਤਾ ਨਹੀਂ ਕਿੱਦਾਂ ਵੱਡੇ ਭਾਈਏ ਤੇ ਚਲਾ ਗਿਆ, ਸਾਰੇ ਕੰਮ ਉਹਦੇ ਵਰਗੇ ਹੀ ਕਰਦਾ।

ਤਾਏ ਨੂੰ ਕਸਰਤ ਦਾ ਵੀ ਸ਼ੌਂਕ ਸੀ। ਮੇਰੀ ਵੀ ਮਿਹਨਤ ਕਰਾਉਂਦਾ। ਡੰਡ ਬੈਠਕਾਂ ਕਢਾਉਂਦਾ। ਪੱਠੇ ਕੁਤਰਨੇ ਹੁੰਦੇ ਤਾਂ ਮਸ਼ੀਨ ਮੈਥੋਂ ਗਿੜਵਾਉਂਦਾ। ਹੱਲਾ ਸ਼ੇਰੀ ਦਿੰਦਾ। ਵਿਚ ਵਿਚ ਭਾਰੇ ਰੁੱਗ ਲਾ ਦਿੰਦਾ। ਮੇਰਾ ਜ਼ੋਰ ਪਰਖਦਾ। ਵੱਟਾਂ ਪਾਉਣੀਆਂ ਤਾਂ ਜਿੰਦਾ ਖਿੱਚਣ ਮੈਨੂੰ ਲਾਉਂਦਾ। ਵਿਚ ਵਿਚ ਜ਼ੋਰ ਨਾਲ਼ ਦੱਬ ਦੇਣਾ। ਸੁਹਾਗਾ ਜੋੜਦਾ ਤਾਂ ਮੈਨੂੰ ਉਤੇ ਖੜਾ ਕਰਕੇ ਬੋਲ਼ਦ ਭਜਾ ਦਿੰਦਾ। ਜੇ ਮੈਂ ਡਿੱਗ ਪੈਂਦਾ ਤਾਂ, ਝਿੜਕਵੀਂ ਸਮਝੌਤੀ ਦਿੰਦਾ - ਹਮੇਸ਼ਾਂ ਆਪਣਾ ਆਪ ਸਾਂਭ ਕੇ ਰੱਖੀਦਾ; ਖ਼ਬਰਦਾਰ ਰਈਦਾ। ਅਵੇਸਲ਼ੇ ਨਹੀਂ ਹੋਈਦਾ, ਫੇਰ ਬੰਦਾ ਜਿੰਦਗੀ ਚ ਮਾਰ ਨਹੀਂ ਖਾਂਦਾ।

ਤਾਏ ਦੇ ਆੜੀ ਬੇਲੀ ਵੀ ਸਾਰੇ ਖਾਣ-ਪੀਣ ਵਾਲੇ ਸੀ- ਬਹੁਤੇ ਮੁਫ਼ਤਖੋਰੇ। ਮਾਸਟਰ ਗੁਰਮੇਲ। ਸ਼ੇਰੂ ਬੁਲੰਦੇ ਵਾਲਾ। ਬਚਨ। ਲਛਮਣ ਜਤੀ। ਲਾਲੀ। ਮਹਿੰਦਰ, ਤੇ ਲਾਲ। ਰਾਮਗੜ੍ਹੀਆਂ ਦਾ ਗੁਰਬਚਨ ਚੋਰੀਂ ਸਿਗਟਾਂ ਤਾਏ ਕੋਲ਼ ਆ ਕੇ ਪੀਂਦਾ। ਰਾਮਗੜ੍ਹੀਆਂ ਦੀ ਸਿੱਖੀ ਸ਼ਰਧਾ ਤਾਂ ਜੱਗ ਜ਼ਾਹਿਰ ਈ ਹੈ। ਸ਼ਰੇਆਮ ਸਿਗਟਾਂ ਨਹੀਂ ਸੀ ਪੀ ਸਕਦਾ। ਨਾ ਕੋਲ਼ ਰੱਖ ਸਕਦਾ ਸੀ। ਇਹਦੇ ਸਾਹਮਣੇ ਆਕੇ ਸੱਭ ਸਰਦਾਰ-ਸਰਦਾਰ, ਵੀਰਾ-ਵੀਰਾ ਕਰਦੇ। ਉਰ੍ਹੇ ਪਰ੍ਹੇ ਉਹ ਜੋ ਮਰਜ਼ੀ ਕਹਿਣ। ਉਨ੍ਹਾਂ ਇਹਦਾ ਕੌਅ ਪਾ ਲਿਆ ਸੀ। ਜਦੋਂ ਇਹਨੇ ਗਰਮ ਹੋਣਾ, ਉਨ੍ਹਾਂ ਨੀਵੀਂਆਂ ਪਾ ਲੈਣੀਆਂ। ਸੁੱਸਰੀ ਹੋ ਜਾਣਾ। ਬੱਸ ਕੁਣਾ-ਕੁਸਕਣਾ ਈਂ ਨਾ। ਸਾਰਿਆਂ ਤੋਂ ਵੱਧ ਖਾਧਾ ਇਹਨੂੰ ਲੱਛੂ ਜਤੀ ਤੇ ਲਾਲੀ ਨੇ। ਲੱਛੂ ਨੇ ਤਾਏ ਦੇ ਪੈਰਾਂ ਚ ਬਹਿ ਜਾਣਾ। ਇਹਦੇ ਅੱਗੇ ਆਵਦਾ ਸਿਰ ਕਰ ਦੇਣਾ। ਕਹਿਣਾ: ਲੈ ਵੀਰਾ, ਮੇਰੇ ਸਿਰ ਚ ਛਿੱਤਰ ਮਾਰ ਲੈ। ਮੈਂ ਤੇਰਾ ਨਿੱਕਾ ਭਰਾ ਆਂ। ਪੁੱਤਾਂ ਬਰਾਬਰ। ਲੱਛੂ ਦਾ ਇਹ ਦਾਅ ਹਰ ਵਾਰੀ ਚਲ ਜਾਂਦਾ ਸੀ। ਇਹ ਦੋਵੇਂ ਪੱਗ-ਵੱਟ ਭਰਾ ਬਣੇ ਹੋਏ ਸੀ। ਡਾਕੇ ਚ ਤਾਏ ਦੇ ਨਾਲ਼ ਇਹ ਵੀ ਸੀ। ਪਰ ਇਹ ਪਿੱਛੇ ਹੀ ਰਿਹਾ ਸੀ। ਸਾਰਾ ਕਾਰਨਾਮਾ ਤਾਏ ਨੇ ਕੀਤਾ। ਜੇਹਲ ਚ ਵੀ ਕੱਠਿਆਂ ਨੂੰ ਹੋਈ ਸੀ। ਲਾਲੀ ਨੇ ਬੜਾ ਭਾਈ, ਬੜਾ ਭਾਈ ਕਰਕੇ ਪਤਿਆਈ ਜਾਣਾ। ਸ਼ੇਰੂ ਤੇ ਗੁਰਮੇਲ ਵੀ ਇਹਦੀ ਰਗ ਰਗ ਤੋ ਜਾਣੂੰ ਸੀ। ਸ਼ੇਰੂ ਹਮਾਤੜ ਸੀ- ਦਿਹਾੜੀਦਾਰ। ਗੁਰਮੇਲ ਲਾਗਲੇ ਪਿੰਡ ਸਰਕਾਰੀ ਸਕੂਲ ਚ ਮਾਸਟਰ ਲੱਗਾ ਹੋਇਆ ਸੀ।

ਗੁਆਂਢੀਆਂ ਨੇ ਬਾਹਰਲੀ ਖੱਟੀ ਕਮਾਈ ਨਾਲ ਪਿੰਡ ਚ ਪੱਕੇ ਚੁਬਾਰੇ ਪਾ ਲਏ ਸੀ; ਇਹਦੇ ਨਾਲ ਇਨ੍ਹਾਂ ਦੀ ਅੱਲ 'ਪੱਕਿਆਂ ਵਾਲੇ' ਪੈ ਗਈ। ਪਹਿਲਾਂ ਹੀ ਆਕੜ ਖਾਂ ਬਾਪ ਦੇ ਮੁੰਡਿਆਂ ਦੀਆਂ ਧੌਣਾਂ ਸਾਹਨੇ ਵਾਂਗ ਆਕੜੀਆਂ ਰਹਿਣੀਆਂ। ਉਨ੍ਹਾਂ ਚੋਬ੍ਹਾਂ ਮਾਰਨੀਆਂ। ਤਾਏ ਨੇ ਇਕ ਦਿਨ ਇਨ੍ਹਾਂ ਦੇ ਮੁੰਡੇ ਨੂੰ ਚੱਕ ਕੇ ਖੂਹੀ ਚ ਲਟਕਾ ਦਿਤਾ। ਇਹਦੇ ਆਵਦੇ ਚਾਚੇ ਧੰਨੇ ਨੇ ਸਮਝਾਇਆ, ਕਿ ਜੇ ਕਿਸੇ ਨੂੰ ਮਾਰਨਾ ਹੀ ਹੈ ਤਾਂ ਕੋਈ ਤਕੜਾ ਲੱਭ, ਏਸ ਵਿਚਾਰੇ ਨੂੰ ਮਾਰ ਕੇ ਕੀ ਲੱਭੂਗਾ। ਤਾਇਆ, ਅਪਣੇ ਚਾਚੇ ਦੀ ਗੱਲ ਮੰਨ ਗਿਆ। ਵੇਲ਼ਾ ਟਲ਼ ਗਿਆ।

ਤਾਇਆ ਦਿਨ ਸੁਧ 'ਤੇ ਬੱਕਰੇ ਝਟਕੌਂਦਾ। ਇਕ ਵਾਰ ਤਾਏ ਦੀ ਚਾਚੀ ਨੇ ਕਿਹਾ, 'ਤੂੰ ਬੱਕਰਾ ਨਾ ਵੱਢ, ਇਹਦੀ ਜਾਨ ਬਖਸ਼ ਦੇ। ਪੈਸੇ ਮੈਥੋਂ ਲੈ ਲਈਂ'। ਇਹ ਕਹਿੰਦਾ: ਆਹ ਲੈ ਚਾਚੀ, ਨਹੀਂ ਵੱਢਦਾ ਇਹ ਬੱਕਰਾ। ਤਾਏ ਨੇ ਉਹਦੇ ਤੋਂ ਪੈਸੇ ਲੈ ਲਏ। ਓਹਦੇ ਪੁੱਤ ਜਗੀਰ ਨੂੰ ਕਹਿੰਦਾ, ਲੈ ਬੱਕਰਾ ਚਾਚੀ ਨੂੰ ਦਿਖਾ ਕੇ ਮੋੜ ਕੇ ਮੇਰੇ ਕੋਲ਼ ਹੀ ਲੈ ਆਈਂ। ਬਾਅਦ ਚ ਬੱਕਰਾ ਵੀ ਵੱਢ ਵੀ ਲਿਆ ਤੇ ਪੈਸੇ ਵੀ ਰੱਖ ਲਏ। ਦਿਨ ਸੁਧ ਲਈ ਸ਼ਰਾਬ ਇਹ ਪਹਿਲਾਂ ਕੱਢ ਲੈਂਦਾ ਸੀ। ਜੂਏ ਖੇਡਦਾ। ਮੀਟ ਪਤੀਲੇ ਚੜ੍ਹਦੇ। ਯਾਰ ਬੇਲੀ 'ਕੱਠੇ ਹੁੰਦੇ। ਸਾਰੀ ਸਾਰੀ ਰਾਤ ਸ਼ਰਾਬਾਂ ਚਲਦੀਆਂ। ਰਾਹ ਜਾਂਦਿਆਂ ਨੂੰ ਵੀ ਵਰਤਾਅ ਦਿੰਦਾ। ਜੇ ਲੜ ਪੈਂਦਾ ਤਾਂ ਸਭ ਖੇਹ-ਖ਼ਰਾਬੀ ਹੁੰਦੀ। ਲੋਹੜੀਆਂ ਦਿਵਾਲੀਆਂ ਤੇ ਹੋਰ ਦਿਨ ਸੁਧਾਂ ਨੂੰ ਬਾਕੀ ਸਾਰੇ ਟੱਬਰ ਦੀ ਜਾਨ ਮੁੱਠ ਚ ਆਈ ਰਹਿੰਦੀ। ਮੇਰਾ ਬਾਪ ਗੇੜਾ ਮਾਰਦਾ ਰਹਿੰਦਾ। ਖ਼ਬਰਦਾਰੀ ਰੱਖਦਾ। ਮੇਰੀ ਦਾਦੀ ਸੁੱਖਾਂ ਸੁੱਖਦੀ ਆਖਦੀ, ਹੇ ਵੈਹਗੁਰੂ, ਆਹ ਦਿਨ ਸੁਖੀਂ ਸੁਖਾਂਦੀ ਨਿਕਲ਼ ਜਾਵੇ। ਤਾਇਆ, ਆਹਟਾ ਕਿਸੇ ਨ ਕਿਸੇ ਨਾ ਲੜਦਾ। ਗਲੀਆਂ ਚ ਗੇੜੇ ਕੱਢੀ ਜਾਂਦਾ। ਗਾਲ਼ੋ ਬਾਲ਼ੀ ਹੁੰਦਾ। ਹੱਥ ਚ ਦਾਤ ਹੁੰਦਾ ਜਾਂ ਬੱਕਰੇ ਝਟਕੌਣ ਵਾਲੀ ਨੰਗੀ ਕ੍ਰਿਪਾਨ ਜਾਂ ਕੋਈ ਹੋਰ ਸਾਸ਼ਤਰ। ਅਗਲੀ ਸਵੇਰ ਅਗਲੇ ਮੇਰੇ ਬਾਪ ਕੋਲ ਉਲ੍ਹਾਮੇ ਲੈਕੇ ਆਉਂਦੇ। ਪੰਚੈਤਾਂ ਕਰ ਲੈਂਦੇ ਕਿ ਤੇਰੇ ਵੱਡੇ ਭਰਾ ਨੇ ਸਾਨੂੰ ਗਾਲ਼੍ਹਾਂ ਕੱਢੀਆਂ ਜਾਂ ਧੱਕਾ-ਮੁੱਕੀ ਕੀਤਾ। ਮੇਰਾ ਬਾਪ ਤਾਏ ਤੋਂ ਤਿੰਨ ਥਾਂ ਛੋਟਾ ਸੀ। ਪਰ ਘਰਦੀ ਸੱਭ ਸਾਰੀ ਜ਼ਿੰਮੇਵਾਰੀ ਇਹਦੇ ਸਿਰ ਤੇ ਸੀ। ਬਾਪ ਲੋਕਾਂ ਕੋਲੋਂ ਮੁਆਫ਼ੀਆਂ ਮੰਗਦਾ ਕਿ ਕਿਤੇ ਗੱਲ ਨਾ ਵੱਧ ਜਾਵੇ। ਤਾਏ ਨੇ ਮੇਰੇ ਬਾਪ ਨੂੰ ਕਹਿਣਾਂ: ਤੂੰ ਐਵੇਂ ਨਾ ਡਰਿਆ ਕਰ। ਸ਼ਰੀਕਾਂ ਨੂੰ ਜੁੱਤੀ ਹੇਠ ਈ ਰੱਖੀਦਾ। ਟਿਕਾਣੇ। ਤਾਂ ਹੀ ਸੂਤ ਰਹਿੰਦੇ ਆ। ਇਨ੍ਹਾਂ ਨੂੰ ਬਾਹ਼ਲਾ ਸਿਰ ਨਹੀਂ ਚੜ੍ਹਾਈਦਾ। ਕਈ ਵਾਰ ਗਰਮੀ ਚ ਆ ਕੇ ਤਾਏ ਨੇ ਮੇਰੇ ਬਾਪ ਨੂੰ ਖ਼ਬਰਦਾਰੀ ਵੀ ਕਰਨੀ - ਜਿੰਨਾ ਚਿਰ ਮੈਂ ਆਂ ਨਾ, ਕਿਸੇ ਨੇ ਤੁਹਾਡੀ 'ਵਾਅ ਵਲ ਨਹੀਂ ਦੇਖਣਾਂ। ਇਨ੍ਹਾਂ ਨੂੰ ਪਤਾ, ਮੈਂ ਇਨ੍ਹਾਂ ਦੇ ਸੀਰਮੇ ਪੀ ਜਾਊਂ। ਮੇਰੀ ਆਖੀ ਯਾਦ ਰੱਖਿਓ: ਮੇਰੇ ਮਗਰੋਂ ਤੁਹਾਨੂੰ ਇਹ ਪਿੰਡ ਛੱਡਣਾ ਪੈ ਜਾਣਾ ਈ।

ਤਾਏ ਦੀ ਸੁਭੈਕਾਂ ਆਖੀ ਗੱਲ ਪੂਰੀ ਹੋ ਗਈ। ਮਾਂ-ਬਾਪ ਮੇਰੇ ਕੋਲ਼ ਵਲੈਤ ਚ ਆ ਗਏ। ਚਾਚਾ, ਡੁਬੱਈ ਨੂੰ ਤਰਖਾਣਾ ਕੰਮ ਕਰਨ ਚਲੇ ਗਿਆ। ਪਿੱਛੇ ਰਹਿ ਗਈਆਂ ਭੂਆ ਤੇ ਚਾਚੀ ਤੇ ਨਿਕ ਨਿਕੇ ਨਿਆਣੇ। ਓਧਰੋਂ ਖਾਲਿਸਤਾਨ ਦਾ ਕਹਿਰ ਚੜ੍ਹ ਆਇਆ। 'ਕੱਲੀਆਂ ਔਰਤਾਂ ਨੂੰ ਨਕੋਦਰ ਵਸਦੀ ਛੋਟੀ ਭੂਆ, ਪਿੰਡੋਂ ਉਠਾਲ਼ ਕੇ, ਅਪਣੇ ਕੋਲ਼ ਲੈ ਆਈ। ਸਾਡਾ ਪਿੰਡ ਨਾਲ ਤੋੜ ਵਿਛੋੜਾ ਪੈ ਗਿਆ। ਬਾਅਦ ਚ ਪਿੰਡ ਵਾਲੇ ਕੋਠੇ ਵੀ ਵੇਚ ਤੇ। ਤਾਏ ਦੇ ਅੱਖਾਂ ਮੀਟਣ ਦੀ ਦੇਰ ਸੀ, ਜਿਹੜੇ ਕਦੇ ਕੁਸਕੇ ਨਹੀਂ ਸੀ, ਉਹ ਮੇਰੇ ਬਾਪ ਤੇ ਚਾਚੇ ਨੂੰ ਬੋਲੀਆਂ ਮਾਰਨ ਲੱਗ ਪਏ। ਇਕਦਮ ਕੀੜੀਆਂ ਨੂੰ ਵੀ ਪਰ ਨਿਕਲ ਆਏ ਤੇ ਡੱਡਾਂ ਮੱਕੇ ਨੂੰ ਤੁਰ ਪਈਆਂ ਸੀ।

ਤਾਏ ਦੀ ਗੱਲ ਕਰਦਿਆਂ ਬਾਪ ਮਾਣ ਚ ਹੁੰਦਾ ਹੈ। ਹਿੱਕ ਉੱਭਰ ਜਾਂਦੀ ਹੈ। ਅੱਖਾਂ ਚ ਚਮਕ ਹੁੰਦੀ ਹੈ। ਮੁੱਖ ਤੇ ਆਪ ਮੁਹਾਰਾ ਖੇੜਾ ਆ ਚੜ੍ਹਦਾ ਹੈ। ਮੇਰਾ ਬਾਪ ਅਕਸਰ ਕਹਿੰਦਾ ਹੈ: ਜੇ ਦਾਰਾ ਹੁੰਦਾ ਤਾਂ ਆਪਾਂ ਅਜੇ ਪਿੰਡ ਹੀ ਹੋਣਾ ਸੀ। ਨਾ ਤਾਏ ਨੇ ਪਿੰਡ ਛੱਡਣਾ ਸੀ, ਨਾ ਬਾਕੀ ਟੱਬਰ ਨੇ ਉਹਨੂੰ ਛੱਡ ਕੇ ਕਿਤੇ ਜਾ ਸਕਣਾ ਸੀ। ਤਾਇਆ, ਚਾਚੇ ਨੂੰ ਹਮੇਸ਼ਾਂ 'ਹਰੀ ਸਿਉਂ' ਹੀ ਕਹਿੰਦਾ ਤੇ ਚਾਚਾ ਇਹਨੂੰ ਵੱਡਾ ਭਾਊ ਕਹਿੰਦਾ। ਚਾਚੇ, ਸਿਰ ਇਹਦਾ ਬਾਪ ਵਰਗਾ ਹੱਥ ਰਿਹਾ ਸੀ। ਤਾਏ ਨੂੰ ਯਾਦ ਕਰਕੇ ਚਾਚਾ ਅਕਸਰ ਓਦਰ ਜਾਂਦਾ ਹੈ। ਹੁਣ ਜਦੋਂ ਵੀ ਪਿੰਡ ਜਾਈਏ ਤਾਂ ਲੋਕੀਂ ਇਹ ਕਹਿਕੇ ਜਾਣ ਪਛਾਣ ਕਰਾਉਂਦੇ ਹਨ - ਇਹ ਫਲਾਨੇ ਹਨ: ਸਰਦਾਰੇ ਕੇ। ਗੰਜੇ ਸਰਦਾਰੇ ਕੇ।

ਜੇ ਤਾਏ ਨੂੰ ਹੋਰ ਕੋਈ ਨਾ ਮਿਲਦਾ, ਤਾਂ ਇਹ ਭਾਬੀ ਨੂੰ ਹੀ ਛੱਲੀਆਂ ਵਾਂਗ ਕੁੱਟ ਸੁੱਟਦਾ। ਇਹ ਵਿਚਾਰੀ ਪਹਿਲੋਂ ਈਂ ਬੀਮਾਰ ਰਹਿੰਦੀ ਸੀ। ਫਿਰ ਚਲਣੋਂ ਫਿਰਨੋਂ ਵੀ ਰਹਿ ਗਈ। ਮਸਾਂ ਸੋਟੀ ਨਾਲ ਅੰਦਰ-ਅੰਦਰ ਹੀ ਆ ਜਾ ਸਕਦੀ ਸੀ। ਤਾਂ ਵੀ ਤਾਇਆਂ ਉਹਨੂੰ ਕੋਹ ਸੁਟਦਾ। ਕਸਾਈਆਂ ਵਾਂਗ। ਭੋਰਾ ਤਰਸ ਨਾ ਕਰਦਾ। ਇਕ ਵਾਰ ਤਾਂ ਬੜੀ ਬੇਰਹਿਮੀ ਨਾਲ ਦਾਤ ਮਾਰੇ। ਬਾਹਾਂ, ਮੂੰਹ ਲੱਤਾਂ ਸਭ ਛਿੱਲੇ ਹੋਏ। ਜਿੱਦਾਂ ਬੱਕਰੇ ਨੂੰ ਵੱਢਦਾ ਹੋਵੇ। ਸਮਝ ਨਹੀਂ ਆਈ, ਉਹ ਬਚ ਕਿਵੇ ਗਈ। ਉਦੋਂ ਪਹਿਲੀ ਵਾਰ ਤਾਇਆ ਮੈਨੂੰ ਬੁਰਾ ਲੱਗਿਆ ਸੀ। ਮੇਰਾ ਬਾਪ ਭਾਬੀ ਦਾ ਇਲਾਜ ਕਰਾਉਂਦਾ ਰਿਹਾ। ਫਿਰ ਤਾਇਆ ਟਰੰਕ ਚੁੱਕ ਕੇ ਰੌੜਕਿਲੇ ਚਲਾ ਗਿਆ। ਸਾਲ ਦੋ ਸਾਲ ਬਾਅਦ, ਅੱਧਖੜ ਉਮਰ ਦੀ ਭਾਬੀ ਨੇ ਚਿੱਠੀਆਂ ਲਿਖਾਉਂਦੀ ਨੇ ਮੈਨੂੰ ਕਹਿਣਾ: ਸੋਖ, ਹੁਣ ਤੇਰਾ ਆਇਆ ਆ ਜਾਵੇ, ਉਹਨੂੰ ਲਿਖ ਦੇਹ। ਸੈਨਤਾਂ ਨਾਲ਼ ਲਿਖਾਈਆਂ ਗੱਲਾਂ ਤੋਂ ਲਗਦਾ ਸੀ ਕਿ ਭਾਬੀ ਦੀ ਆਸਵਾਰ ਹੋਣ ਦੀ ਆਸ ਅਜੇ ਮੁੱਕੀ ਨਹੀਂ ਸੀ। ਪੇਂਡੂ ਔਰਤ ਸੀ, ਖੁੱਲ੍ਹ ਕੇ ਕਿੰਨਾ ਕੁ ਕਹਿ ਸਕਦੀ ਸੀ। ਭਾਬੀ ਮਰਨ ਤਾਈਂ ਤਾਏ ਦਾ ਮੂੰਹ ਦੇਖਣ ਨੂੰ ਤਰਸਦੀ ਰਹੀ। ਇਹ ਉਹਦੀ ਮਰੀ ਤੋਂ ਬਾਅਦ ਹੀ ਮੁੜਿਆ। ਉਹ ਵੀ ਕਿਸੇ ਹੋਰ ਦੇ ਆਖੇ। ਜਦੋਂ ਘਰ ਮੁੜਿਆ ਤਾਂ ਭਾਬੀਓਂ ਬਿਨਾਂ ਘਰ ਭਾਂ ਭਾਂ ਕਰੇ। ਏਦੂੰ ਬਾਅਦ, ਤਾਇਆ ਮੁੜ ਕੇ ਘਰੋਂ ਬਾਹਰ ਨਹੀਂ ਹਿੱਲਿਆ।

ਪਿੰਡ ਚ ਅਪਣੇ ਆਪ ਨੂੰ ਕਹਿੰਦੇ ਕਹਾਉਂਦੇ ਦੋ ਭਾਈ ਸੀ। ਦੋਵੇਂ ਈ ਔਂਤ। ਅੰਤਾਂ ਦੇ ਸ਼ਰੀਫ ਪਿਉ ਦੇ ਜਾਤਕ। ਉਨ੍ਹਾਂ ਦੀਆਂ ਡਾਂਗਾਂ ਵਰਗੀਆਂ ਤੀਵੀਆਂ ਵੀ ਪੂਰੀਆਂ ਕੈਂਦ੍ਹ। ਇਨ੍ਹਾਂ ਨੇ ਇਕ ਦੋ ਵਾਰ ਪਿੰਡ ਦੇ ਬੰਦੇ ਵੀ ਕੁੱਟ ਦਿਤੇ ਸੀ। ਘਰਾਂ ਚੋਂ ਲਗਦਾ ਭਰਾ ਲਾਲੂ, ਤਾਏ ਕੋਲੋਂ ਪੀ ਖਾ ਕੇ ਅਪਣੇ ਘਰ ਮੁੜਿਆ ਤਾਂ ਢੋਲੇ ਦੀਆਂ ਲਾਉਂਦਾ ਜਾਵੇ। ਤੀਵੀਆਂ ਨੇ ਘੇਰ ਲਿਆ। ਕੋਈ ਅਗਲਾ ਹੀ ਅੱਖ ਵਲ਼ ਹੋਣਾ। ਤੀਵੀਂਆਂ ਨੇ ਉਹਦੇ ਗਲ਼ ਚ ਸਾਫਾ ਪਾ ਲਿਆ। ਉਹ ਆਪ ਵੀ ਛਟਿਆ ਹੋਇਆ ਸੀ, ਉਹਨੇ ਸਾਫਾ ਝੱਟ ਕਢਾ ਲਿਆ ਤੇ ਪਰ੍ਹੇ ਹੋ ਕੇ ਖੜੋ ਗਿਆ। ਉਨ੍ਹਾਂ ਦੇ ਆਦਮੀ ਵੀ ਆ ਗਏ। ਤੂੰ ਤੂੰ ਮੈਂ ਹੁੰਦੀ ਤੋਂ, ਸ਼ਰੀਫ਼ ਬੁੜੇ ਨੂੰ ਵੀ ਨਾਲ਼ ਰਲ਼ਣਾ ਪਿਆ। ਤਾਏ ਨੇ ਟਕੂਏ ਨਾਲ਼ ਬੰਦੇ ਛਾਂਗ ਸਿੱਟੇ ਤੇ ਲਾਲੂ ਨੇ

ਤੀਵੀਆਂ। ਛਾਂਗਾ ਦੱਸਦਾ ਹੁੰਦਾ ਸੀ, ਫਿਰ ਦੋਹਾਂ ਤੀਵੀਆਂ ਨੇ ਸਾਲ-ਛੇਈਂ ਮਹੀਨੀਂ ਰੌਲ਼ਾ ਪਾ ਕੇ ਬਹਿ ਜਾਣਾ। ਉੱਚੀ ਉੱਚੀ ਰੋਣਾ। ਜਿੰਦਾਂ ਵੈਣ ਪਾਈਦੇ ਆ: ਅਸੀਂ ਸਰਦਾਰੇ ਦੇ ਜਾ ਬਹਿਣਾ, ਅਸੀਂ ਲਾਲੂ ਦੇ ਜਾ ਰਹਿਣਾ। ਵਰ੍ਹੇ ਛਿਮਾਹੀਂ ਦਾ ਇਹ ਵਕੂਆ ਘਰਾਂ ਚ ਕਲੇਸ਼ ਕਰਾਉਂਦਾ। ਉਹ ਆਵਦੇ ਘਰ ਵਾਲ਼ਿਆਂ ਤੋਂ ਕੁੱਟ ਖਾਂਦੀਆਂ। ਏਧਰ ਤਾਏ ਨੂੰ ਸਾਰੇ ਬੁਰਾ-ਭਲਾ ਕਹਿੰਦੇ। ਸਾਰਿਆਂ ਨੂੰ ਲਗਦਾ ਕਿ ਹੁਣ ਜ਼ਰੂਰ ਕਿਸੇ ਬੰਦੇ ਦੀ ਜਾਨ ਦਾ ਨੁਕਸਾਨ ਹੋਊਗਾ। ਏਸ ਗੁੰਝਲ ਦਾ ਮੈਨੂੰ ਪਤਾ ਨਹੀਂ ਲੱਗਿਆ। ਫਿਰ ਤਾਇਆ ਲਾਲੂ ਨਾਲ ਵੀ ਲੜ ਪਿਆ। ਉਹਦੀ ਵੀ ਅਉਹੀ ਤਉਹੀ ਫੇਰਤੀ। ਉਹ ਅਪਣੇ ਭਤੀਜਿਆਂ ਨੂੰ ਕਵ੍ਹੇ: ਆਓ ਮੇਰੀ ਮਦਦ ਕਰੋ। ਉਹ ਮੋਹਰਿਓਂ ਕਹਿਣ: ਸਾਨੂੰ ਤਾਂ ਤੁਸੀਂ ਦੋਵੇ ਇਕੋ ਜਿਹੇ। ਦੋਵੇਂ ਸਾਡੇ ਚਾਚੇ। ਅਸੀਂ ਕਿਸੇ ਦਾ ਪਾਸਾ ਨਹੀਂ ਲੈਂਦੇ।

ਅਖ਼ੀਰ ਚ ਤਾਇਆ ਜੰਗਲਾਤ ਮਹਿਕਮੇ ਚ ਮੇਟ ਲੱਗ ਗਿਆ। ਸੜਕਾਂ ਤੇ ਲੱਗੇ ਰੁੱਖਾਂ ਦਾ ਰਖਵਾਲ। ਨਰਸਰੀਆਂ ਦਾ ਰਾਖਾ। ਨੌਕਰੀ ਪੱਕੀ ਤਾਂ ਨਹੀਂ ਸੀ; ਸੀਗੀ ਲਗਾਤਾਰ। ਇਹ ਵੀ ਇਹਦੇ ਤੇ ਮਿਹਰਬਾਨੀ ਹੀ ਹੋਈ ਸੀ। ਜੰਗਲਾਤ ਮਹਿਕਮੇ ਦੇ ਅਫ਼ਸਰ ਪ੍ਰੀਤਮ ਸਿੰਘ ਦੀ। ਇਹ ਉਹਨੂੰ ਭਾਅ ਗਿਆ। ਉਹਦੇ ਘਰ ਦੀ ਇਹਦੀ ਦੀਦ ਕਰਦੀ ਸੀ; ਇਹਨੂੰ ਭਾਈਆ ਜੀ ਕਹਿੰਦੀ। ਤਾਇਆ ਪ੍ਰੀਤਮ ਸਿੰਘ ਨੂੰ ਸਰਦਾਰ ਕਹਿੰਦਾ ਤੇ ਉਹ ਇਹਨੂੰ। ਇਹ ਪੀ ਕੇ ਪ੍ਰੀਤਮ ਸਿਓਂ ਨੂੰ ਵੀ ਗਾਲ਼ੋ-ਬਾਲ਼ੀ ਹੋ ਲੈਂਦਾ। ਕਈ ਕਈ ਦਿਨ ਕੰਮ ਤੇ ਈ ਨਾ ਜਾਂਦਾ। ਪ੍ਰੀਤਮ ਸਿਓਂ ਆਪੇ ਇਹਨੂੰ ਮਨਾ ਕੇ ਲੈ ਜਾਂਦਾ। ਤਨਖ਼ਾਹ ਵੀ ਪੂਰੀ ਦਿੰਦਾ। ਤਾਏ ਨੇ ਏਥੇ ਚੰਮ ਦੀਆਂ ਚਲਾਈਆਂ। ਮਰਜ਼ੀ ਤੇ ਆਇਆ ਕਿਸੇ ਨੂੰ ਰੁੱਖ ਵਢਾ ਦਿੰਦਾ ਤੇ ਕਿਸੇ ਨੂੰ ਦਾਤਣ ਤੋੜ ਲੈਣ ਤੇ ਵੀ ਗਾਲ਼ੀ ਗਲ਼ੋਚ ਕਰ ਦਿੰਦਾ। ਸ਼ਰਾਬ ਪੀ ਕੇ ਘਰ ਮਸਾਂ ਅਪੜਦਾ। ਕਈ ਵਾਰ ਰਾਹ ਚ ਹੀ ਡਿੱਗ ਪੈਂਦਾ। ਕਈ ਵਾਰ ਕੋਈ ਘਰ ਛੱਡ ਜਾਂਦਾ।

ਮੈਨੂੰ ਵਲੈਤ ਨੂੰ ਚੜਾਉਣ ਅੱਠ ਜਣੇ ਆਏ। ਸਾਰੇ ਮਰਦ। ਮੇਰੀ ਮਾਂ ਨੂੰ ਕਿਸੇ ਨੇ ਪੁੱਛਿਆ ਈ ਨਾ ਕਿ ਤੇਰਾ ਇੱਕੋ ਇੱਕ ਪੁੱਤ ਬਾਹਰ ਚਲੇ ਚਲਿਆ, ਤੂੰ ਚਲਣਾ ਕਿ ਨਹੀਂ। ਤਾਏ ਨੇ ਤਾਂ ਆਉਣਾ ਹੀ ਸੀ। ਵਿਛੜਨ ਲੱਗੇ ਮੇਰੇ ਬਾਪ ਨੇ ਮੈਨੂੰ ਪਿਆਰ ਦਿੱਤਾ। ਕਿਹਾ: ਘਰ ਦਾ ਚੇਤਾ ਨਾ ਭੁੱਲੀਂ। ਦੇਸ ਛੱਡ ਕੇ ਤੁਰਨ ਲੱਗਿਆਂ ਨੂੰ ਇਹੀ ਮੱਤ ਦਰਕਾਰ ਹੈ। ਤਾਏ ਨੇ ਸਿਰਫ ਮੇਰੀ ਜੱਫੀ ਭਰੀ, ਅੱਡੀਆਂ ਚੁੱਕ ਕੇ ਮੇਰੇ ਬਰਾਬਰ ਹੋਇਆ। ਮੈਂ ਰਤਾ ਕੁ ਨੀਵਾਂ ਹੋਇਆ। ਇਹਨੇ ਮੇਰਾ ਮੱਥਾ ਚੁੰਮਿਆ। ਜੱਫੀ ਕੱਸ ਲਈ। ਸਿਰ ਤੇ ਪਿਆਰ ਦਿੱਤਾ। ਫਿਰ ਮੂੰਹ ਪਰ੍ਹੇ ਨੂੰ ਕਰ ਲਿਆ। ਕਿਹਾ ਕੁਛ ਨਹੀਂ। ਮੈਂ ਪਹਿਲੀ ਵੇਰ ਤਾਇਆ ਰੋਂਦਾ ਦੇਖਿਆ, ਉਹ ਵੀ ਲੁਕ ਕੇ। ਆਪਣਿਆਂ ਤੋਂ ਅੱਡ ਹੋਣਾ ਸੌਖਾ ਤਾਂ ਨਹੀਂ ਹੁੰਦਾ। ਇਹ ਸਾਡਾ ਆਖ਼ਰੀ ਦਰਸ਼ਣ ਮੇਲਾ ਸੀ – ਜਾਂਦੀ ਵਾਰ ਦਾ। ਮੈਂ ਮੁੜਕੇ ਤਾਏ ਦੀ 'ਵਾਜ ਵੀ ਨਹੀਂ ਸੁਣੀ। ਏਦੂੰ ਪੌਣੇ ਤਿੰਨ ਸਾਲ ਬਾਅਦ ਤਾਏ ਨੇ ਮਰ ਜਾਣਾ ਸੀ। ਅਚਾਨਕ ਹੀ। ਮੇਰੇ ਮੁੜਕੇ ਦੇਸ ਜਾਣ ਤੋਂ ਦਸ ਕੁ ਮਹੀਨੇ ਪਹਿਲਾਂ।

ਸਾਲ 1981 ਚੜ੍ਹਿਆ ਈ ਸੀ। ਘੁਸਮੁਸਾ ਜਿਹਾ ਸੀ। ਅਪਣੇ ਘਰੋਂ ਉੱਠ ਕੇ ਤਾਇਆ, ਮੇਰੇ ਬਾਪ ਕੋਲ਼ ਆ ਗਿਆ। ਕਹਿੰਦਾ: ਮੇਰਾ ਸਾਹ ਨਹੀਂ ਨਿਕਲ਼ਦਾ। ਕੁਛ ਕਰ। ਬੱਸ ਹੁੱਥੂ ਆਈ ਜਾਵੇ। ਬੰਦ ਹੀ ਨਾ ਹੋਵੇ। ਮੇਰੇ ਬਾਪ ਨੇ ਵੱਡੇ ਭਾਈ ਨੂੰ ਹੱਥੀਂ ਮੰਜੇ ਤੇ ਲੰਮਾ ਪਾਇਆ; ਆਪ ਡਾਕਦਾਰ ਨੂੰ ਲੈਣ ਚਲੇ ਗਿਆ। ਅੱਧੇ ਪੌਣੇ ਘੈਂਟੇ ਬਾਅਦ ਮੁੜਕੇ ਆਇਆ ਤਾਂ ਖੇਡ ਖ਼ਤਮ। ਭਰਾਵਾਂ ਦੀ ਆਖ਼ਰੀ ਵਾਰ ਦੀ ਨਾ ਕੋਈ ਗੱਲ ਹੋਈ ਨਾ ਬਾਤ। 'ਖੇਡ ਖ਼ਤਮ' ਤਾਏ ਦਾ ਤਕੀਆ ਕਲਾਮ ਸੀ। ♦

# ਬੁੱਢੇ ਦਰਿਆ ਦਾ ਭੈਅ

ਇਹ ਗੱਲ ਉੱਨੀ ਸੌ ਬਾਠ੍ਹ ਤ੍ਰੇਹਠ ਦੀ ਹੋਊ। ਹੱਦ ਚੌਂਹਟ ਦੀ। ਨਕੋਦਰ ਤਸੀਲ ਦੇ ਪਛੜੇ ਇਲਾਕੇ ਦਾ ਪਿੰਡ - ਉੱਧੋਵਾਲ। ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲੇ ਹੀ ਪੜ੍ਹਦੇ ਸੀ। ਸਕੂਲ ਘਰ ਤੋਂ ਕੁਝ ਕਰਮਾਂ ਦੀ ਵਿੱਥ ’ਤੇ ਈ ਸੀ। ਘਰ ਚ ਗੰਗਾ ਵਗਦੀ ਸੀ।

ਸਕੂਲ ਦੇ ਸਾਰੇ ਮਾਸਟਰ ਲਾਗੇ ਬੰਨੇ ਦੇ ਸੀ। ਇੱਕ ਮੁੰਡਾ ਪਿੰਡ ਦਾ ਵੀ ਆ ਲੱਗਿਆ ਸੀ। ਫਿਰ ਇਕ ਮਾਸਟਰਾਣੀ ਆ ਗਈ, ਨੇੜਲੇ ਪਿੰਡ ਦੀ। ਪਿੰਡ ਦਾ ਮਾਸਟਰ ਨਵੀਂ-ਨਵੀਂ ਜੇਬੀਟੀ ਕਰਕੇ ਆਇਆ ਸੀ। ਸੋਹਣਾ ਜੁਆਨ। ਤੇਜ਼ ਤਰਾਰ। ਕਪਰੀਆਂ ਅੱਖਾਂ ਵਾਲ਼ਾ। ਨਾਂ ਸੀ ਅਵਤਾਰ। ਅਵਤਾਰ ਸਿੰਘ ਸੰਘਾ ਸਪੁਤਰ ਪਾਖਰ ਸਿੰਘ। ਪਿੰਡ ਵਾਲੇ ਸਾਰੇ ਇਹਨੂੰ ਤਾਰ ਕਹਿੰਦੇ ਸੀ ਜਾਂ ਮਾਸਟਰ ਤਾਰ। ਸਾਡੇ ਲਈ ਇਹ ਭਾਜੀ ਸੀ; ਕਈ ਵੱਧ ਮਾਣ ਦੇਣ ਲਈ ਇਹਨੂੰ ਭਾਅਜੀ ਜੀ ਜੀ ਕਹਿ ਕੇ ਵੀ ਬੁਲਾਉਂਦੇ। ਭਾਅਜੀ ਦਾ ਘਰ ਸਕੂਲ ਤੋਂ ਸੌ ਡੇੜ ਸੌ ਕਰਮਾਂ ਤੇ ਹੋਊਗਾ। ਐਨ ਬੂਹਿਆਂ ਦੇ ਸਾਹਮਣੇ ਕਰਕੇ। ਏਦੂੰ ਨੇੜੇ ਨੌਕਰੀ ਕਿਸੇ ਨੂੰ ਨਹੀਂ ਲੱਭਣੀ। ਫਿਰ ਇਨ੍ਹਾਂ ਜ਼ਮੀਨ ਦੀ ਅਦਲਾ ਬਦਲੀ ਕਰ ਲਈ। ਨਾਲ਼-ਦੇ ਪਿੰਡ ਚਲੇ ਗਏ। ਵੱਸੋਂ ਵੀ ਖੂਹ ’ਤੇ ਹੀ ਕਰ ਲਈ।

ਭਾਅਜੀ, ਕੰਮੀਆਂ ਦੇ ਮੁੰਡਿਆਂ ਤੋਂ ਪੜ੍ਹਾਈ ਵੱਟੇ ਵਗ਼ਾਰਾਂ ਵੀ ਕਰਵਾ ਲੈਂਦਾ ਸੀ। ਭਾਅ ਜੀ ਨੇ ਮੁੰਡਿਆਂ ਤੋਂ ਮੱਕੀ ਵਢਾ ਲੈਣੀ ਜਾਂ ਕਣਕ ਨੂੰ ਗੋਡੀ ਕਰਵਾ ਲੈਣੀ। ਉਹ ਵੀ ਜੁਗਤ ਨਾਲ। ਮੁੰਡਿਆਂ ਖੁਸ਼ੀ ਖੁਸ਼ੀ ਹੁਕਮ ਮੰਨਣਾ। ਭੱਜ ਭੱਜ ਕੰਮ ਕਰਨਾ। ਭਾਅ ਜੀ ਨੇ ਕੰਮ ਸਿਰਫ਼ ਅੱਧੀ ਦਿਹਾੜੀ ਕਰਾਉਣਾ। ਸਵੇਰੇ ਤੜਕੇ ਸੱਦ ਲੈਣਾ। ਇੱਕ ਅੱਧੀ ਵਾਰ ਚਾਹ ਪਿਆ ਦੇਣੀ। ਫਿਰ ਮੁੰਡਿਆਂ ਨੂੰ ਕਹਿਣਾ: ਸ਼ਾਬਾਸ਼ ਬਈ ਸ਼ਾਬਾਸ਼। ਬਾਰਾਂ ਵੱਜ ਗਏ ਆ, ਅੱਧਾ ਘੈਂਟਾ ਹੋਰ ਲਾਓ ਤੇ ਕੰਮ ਖ਼ਤਮ। ਘਰੋ ਘਰੀ ਜਾਓ। ਜਾ ਕੇ ਫੁਲਕੇ ਰੋਟੀਆਂ ਖਾਓ।

ਮਾਸਟਰਨੀ ਨੇੜਲੇ ਪਿੰਡ ਮਹਿਤਪੁਰ ਦੀ ਸੀ; ਮਹਿਤਪੁਰ ਸਾਡੇ ਲਈ ਸ਼ਹਿਰ ਵਾਂਗੂੰ ਈ ਸੀ। ਨੱਕ ਦੀ ਸੇਧੇ, ਮਹਿਤਪੁਰ ਮੇਰੇ ਪਿੰਡੋਂ ਦੋ ਮੀਲ ਹੈ, ਹੱਦ ਢਾਈ ਹੋਊ। ਏਦੂੰ ਵੱਧ ਨਹੀਂ। ਸੜਕਾਂ ਓਦੋਂ ਹੈ ਈ ਨਹੀਂ ਸੀ। ਮਾਸਟਰਨੀ ਵੀ ਨਵੀਂ-ਨਵੀਂ ਟਰੇਨਿੰਗ ਲੈ ਕੇ ਆਈ ਸੀ। ਇਹਦੀ ਪਹਿਲੀ ਨੌਕਰੀ ਲੱਗ ਗਈ ਸਾਡੇ ਪਿੰਡ; ਇਹ ਵੀ ਮੌਜਾਂ ਈ ਸਨ; ਸਰਕਾਰੀ ਨੌਕਰੀ ਤੇ ਉਹ ਵੀ ਨੇੜੇ। ਸ਼ਹਿਰ ਦੇ ਖੱਤਰੀਆਂ ਦੀ ਜੰਮੀ ਜਾਈ ਸੀ, ਮਾਸਟਰਨੀ। ਵੀਹਾਂ ਬਾਈਆਂ ਕੁ ਸਾਲਾਂ ਦੀ ਹੋਊ। ਸੁਹਲ ਜਿਹੀ। ਸਾਊ। ਹਿਸਾਬ ਦਾ ਬੋਲਦੀ। ਪਹਿਲਾਂ ਪਹਿਲ ਇਹਨੂੰ ਕੋਈ ਨਾ ਕੋਈ ਘਰ ਦਾ ਜੀਅ ਸਕੂਲ ਦੇ ਨੇੜੇ ਕਰ ਜਾਂਦਾ ਸੀ। ਫਿਰ ਇਹ ਆਪੇ ਹੀ ‘ਕੱਲੀ ਤੁਰਕੇ ਆਉਣ ਲੱਗ ਪਈ ਤੇ ਤੁਰਕੇ ਈ ਵਾਪਸ ਚਲੀ ਜਾਂਦੀ। ਅਜੇ ਕੁੜੀਆਂ ਦਾ ਖੁਲ੍ਹ ਕੇ ਸਾਇਕਲ ਚਲਾਉਣ ਦਾ ਰਿਵਾਜ਼ ਨਹੀਂ ਸੀ ਪਿਆ।

ਸਾਉਣ ਭਾਂਦੋਂ ਦੇ ਦਿਨ ਸੀ। ਉਦੋਂ ਮੀਂਹ ਵੀ ਬੜੇ ਡਾਢੇ ਪੈਣੇ - ਕੱਟੇ ਰੋੜ੍ਹ। ਜ਼ੋਰੀਂ ਬੱਦਲ ਗਰਜਣੇ। ਮੀਂਹ ਦਾ ਸਬੱਬ ਬਣ ਗਿਆ ਸੀ। ਸੰਘਣੇ ਬੱਦਲ ਚੜ੍ਹ ਆਏ। ਕਾਲੀਆਂ ਸ਼ਾਹ ਘਟਾਵਾਂ। ਜਾਨ ਤ੍ਰਾਹ ਤ੍ਰਾਹ ਕਰੇ। ਮਾਸਟਰਨੀ ਨੇ ਭਾਜੀ ਨਾਲ ਕੋਈ ਗਿਟ ਮਿਟ ਕੀਤੀ। ਮੈਨੂੰ ਤੇ ਪਿਆਰੇ ਨੂੰ ਹੁਕਮ ਹੋ ਗਿਆ: ‘ਜਰਾ ਐਧਰ ਆਓ ਉਏ। ਤੁਸੀਂ ਦੋਵੇਂ ਜਣੇ ਆਹ ਭੈਣ ਜੀ ਨੂੰ ਮਹਿਤਪੁਰ ਛੱਡ ਕੇ ਆਉ।’ ਸਾਡੇ ਭਾਣੇ ਮਾਸਟਰਾਂ ਦਾ ਹੁਕਮ ਵੀ ਰੱਬ ਦਾ ਈ ਹੁਕਮ ਹੁੰਦਾ ਸੀ। ਸਾਨੂੰ ਲਾਲਚ ਵੀ ਹੋਇਆ, ਬਈ ਸਕੂਲੋਂ ਜਾਨ ਖਲਾਸੀ ਪਹਿਲਾਂ ਹੋ ਗਈ। ਸੱਤ ਸੱਤ-ਅੱਠ ਅੱਠ ਸਾਲ ਦੇ ਹੋਵਾਂਗੇ ਅਸੀਂ। ਪੱਕੀ ਦੂਜੀ ਚ ਪੜ੍ਹਦੇ ਸਾਂ। ਨਿਕ-ਨਿਕੀਆਂ ਜਿੰਦਾਂ। ਦੋਵੇਂ ਤਰਸੇਵੇਂ ਦੇ ਪੁੱਤ। ਪਿਆਰਾ ਵੀ ਅਪਣੇ ਬਾਬੇ ਦਾ ਇੱਕੋ ਪੋਤਾ ਤੇ ਮੈਂ ਵੀ। ਪਿਆਰੇ ਦਾ ਬਾਪ ਵੀ ‘ਕੱਲਾ ਈ ਸੀ। ਹੁਕਮਾਂ ਦੇ ਬੱਧੇ ਤੁਰ ਪਏ ਮਹਿਤਪੁਰ ਨੂੰ। ਮਾਸਟਰਨੀ ਮੋਹਰੇ ਮੋਹਰੇ ਤੇ ਅਸੀਂ ਮਗਰੇ ਮਗਰ। ਕਾਹਲ਼ੀ ਕਾਹਲ਼ੀ ਪੈਰ ਪੁੱਟਦੇ, ਸਾਹੋ ਸਾਹੀ ਹੋਏ ਅਸੀਂ ਮਾਸਟਰਨੀ ਨਾਲ ਰਲ਼ਣ ਦੀ ਕੋਸਿਸ਼ ਕਰਦੇ। ਇਕ ਦੋ ਵਾਰੀ ਵਿਚ ਵਿਚ ਪਤਲਾ ਪਤਲਾ ਮੀਂਹ ਵੀ ਸਾਡੇ ਉੱਤੇ ਵਰ੍ਹ ਗਿਆ। ਵਿਚ ਵਿਚ ਛਰਾਟੇ ਵੀ ਪੈ ਗਏ ਤੇ ਸਾਡੇ ਕਪੜੇ ਤਰ ਹੋ ਗਏ।

ਮਾਸਟਰਨੀ ਨੇ ਚੂੜੀਦਾਰ ਚਿੱਟੀ ਪਜਾਮੀ ਤੇ ਘੁਟਵਾਂ ਫੱਬਵਾਂ ਰੰਗਦਾਰ ਜੰਪਰ ਪਾਇਆ ਹੋਇਆ ਸੀ ਅਤੇ ਸਿਰ ’ਤੇ ਮੇਲ਼ ਦੀ ਚੁੰਨੀ। ਜਿੱਦਾਂ ਦੇ ਉਦੋਂ ਵੈਜੰਤੀ ਮਾਲਾ ਪਾਉਂਦੀ ਸੀ। ਮੀਂਹ ਨਾਲ਼ ਕਪੜੇ ਵਾਹਵਾ ਗਿੱਲੇ ਹੋ ਗਏ ਸੀ ਤੇ ਸਰੀਰ ਨਾਲ ਚੰਬੜਣ ਲੱਗੇ; ਫਿਰ ਖਹਿਣ ਲੱਗੇ। ਅੰਗ ਮਟਕਣ ਲੱਗੇ। ਮਾਸਟਰਨੀ ‘ਕੱਠੀ ਹੁੰਦੀ ਜਾਵੇ। ਜਿੱਦਾਂ ਜਿੱਦਾਂ ਇਹ ਸੁੰਗੜੇ, ਜਿਸਮ ਜਲਵਾ ਦਿਖਾਵੇ। ਸੀਨ ਪੂਰਾ ਫਿਲਮੀ ਸੀ। ਇਹਨੂੰ ਅਪਣੇ ਆਲ਼ੇ-ਦੁਆਲ਼ੇ ਦੀ ਪੂਰੀ ਸੁਧ-ਬੁਧ ਸੀ, ਸਾਨੂੰ ਨਹੀਂ ਸੀ। ਸਾਡੀ ਬਾਲ ਬੁੱਧ ਅਜੇ ਇਸ ਸੱਭ ਕਾਸੇ ਤੋਂ ਬੇਖ਼ਬਰ ਸੀ। ਜਾਣੀ ਸਾਨੂੰ ਅਜੇ ਬੋਅ ਨਹੀਂ ਸੀ ਪਈ। ਬੱਸ ਹੁਕਮ ਪਾਲਣਾ ਦਾ ਵੱਡਾ ਭਰੋਸਾ ਮਨ ਚ ਸੀ। ਸਾਡਾ ਸਾਰਾ ਤਾਣ ਏਸ ਗੱਲ ਚ ਹੀ ਲੱਗਾ ਹੋਇਆ ਸੀ ਕਿ ਅਸੀਂ ਮਾਸਟਰਨੀ ਦੇ ਨਾਲ ਰਲ਼ੇ ਰਹੀਏ। ਮਾਸਟਰਨੀ ਨਿਕ-ਨਿਕੀ ਤੋਰੇ ਬੜਾ ਛੋਹਲ਼ਾ ਤੁਰਦੀ ਸੀ। ਜਾਂ ਸਾਨੂੰ ਈ ਏਦਾਂ ਲਗਦਾ ਸੀ। ਪਿੱਛੇ ਪਿੱਛੇ ਅਸੀਂ ਠੁਰ ਠੁਰ ਕਰਦੇ ਭੱਜਦੇ। ਜੇ ਬਹੁਤਾ ਪਿੱਛੇ ਰਹਿ ਜਾਂਦੇ ਤਾਂ ਅਸੀਂ ਨੱਠ ਕੇ ਨੇੜੇ ਹੋ ਜਾਂਦੇ; ਪਰ ਪੈਰਾਂ ਦਾ ਖੜਾਕ ਨਾ ਹੋਣ ਦਿੰਦੇ।

ਇਹਦੇ ਨਾਲ ਵੀ ਨਾ ਰਲ਼ਦੇ, ਰਤਾ ਕੁ ਪਿੱਛੇ ਹੀ ਰਹਿੰਦੇ। ਸਾਰੀ ਵਾਟ ਇਹਨੇ ਇੱਕ ਵਾਰੀ ਵੀ ਪਿੱਛੇ ਮੁੜ ਕੇ ਵੀ ਨਾ ਦੇਖਿਆ ਕਿ ਅਸੀਂ ਕਿੱਥੇ ਕੁ ਸੀ ਜਾਂ ਇਹਦੇ ਨਾਲ ਵੀ ਸੀ ਕਿ ਨਹੀਂ। ਇਹਨੂੰ ਸੁੱਖ ਸੁਖੀਲੀ ਘਰ ਪਹੁੰਚਣ ਦਾ ਸੰਸਾ ਸੀ ਤੇ ਸਾਨੂੰ ਇਹਦੀ ਰਾਖੀ ਦਾ। ਸਾਨੂੰ ਕੋਈ ਖ਼ਬਰ ਨਹੀਂ ਕਿ ਕਿੰਨੇ ਕੁ ਟੈਮ ਚ ਇਹ ਸਫ਼ਰ ਕੀਤਾ ਹੋਊ।

ਘਰਾਂ ਦੇ ਨੇੜੇ ਜਾ ਕੇ ਮਾਸਟਰਨੀ ਨੇ ਹੁਕਮ ਦਿੱਤਾ: ਚਲੋ, ਹੁਣ ਤੁਸੀਂ ਮੁੜ ਜਾਓ। ਮਾਸਟਰਨੀ ਨੂੰ ਪਤਾ ਸੀ ਕਿ ਸਾਡੇ ਕੱਪੜੇ ਗਿੱਲੇ ਸੀ। ਇਹਦੇ ਆਵਦੇ ਵੀ ਗਿੱਲੇ ਈ ਸੀ। ਇਹਨੂੰ ਨਾ ਸਾਡੇ ਕਪੜੇ ਸੁਕਾਉਣ ਦੀ ਸੁੱਝੀ, ਨਾ ਹੀ ਅੱਗ ਸਕਾਉਣ ਦੀ, ਬਈ ਨਿਆਣਿਆਂ ਦੀ ਠੰਢ ਹੀ ਲਹਿ ਜਾਊ। ਗਰਮ ਚਾਹ ਤਾਂ ਦੂਰ ਦੀ ਗੱਲ ਹੋਊ ਇਹਦੇ ਲਈ। ਸਾਨੂੰ ਏਸ ਗੱਲ ਦੀ ਤਵੱਕੋਂ ਵੀ ਨਹੀਂ ਸੀ। ਅਸੀਂ ਥੋੜ੍ਹਾ ਚਿਰ ਏਧਰ ਓਧਰ ਪੈਰ ਘਸਾਏ। ਜਦੋਂ ਇਹ ਅੱਖਾਂ ਤੋਂ ਓਹਲੇ ਹੋ ਗਈ, ਪਿਆਰਾ ਕਹਿੰਦਾ: ਬਈ ਮੀਂਹ ਤਾਂ ਹੁਣ ਜ਼ੋਰ ਨਾਲ ਪੈਣ ਈ ਵਾਲਾ ਹੈ, ਆਪਾਂ ਮੀਂਹ ਏਥੇ ਹੀ ਵਰ੍ਹਾ ਲਈਏ ਤਾਂ ਚੰਗਾ; ਫਿਰ ਘਰ ਨੂੰ ਚਲੇ ਚੱਲਾਂਗੇ। ਗੱਲ ਮੇਰੇ ਮਨ ਲੱਗੀ ਤੇ ਮੈਂ ਮੰਨ ਲਈ। ਨਾਲੇ ਉਹ ਕਹਿੰਦਾ ਏਥੇ ਸੰਤਾਂ ਨੇ ਵੀ ਆਉਣਾ ਹੈ–ਮੱਥਾ ਟੇਕਦੇ ਚੱਲਾਂਗੇ। ਏਸ ਗੱਲ ਦੀ ਮੈਨੂੰ ਕੋਈ ਖ਼ਬਰ ਨਹੀਂ ਸੀ। ਇਹ ਵੀ ਪਿਆਰੇ ਦੀ ਚਾਲ ਹੀ ਨਿਕਲੀ।

ਅਸੀਂ ਦੋਵੇਂ ਪੁਰਾਣੇ ਅੱਡੇ ਵਾਲ਼ੇ ਵੱਡੇ ਬੋਹੜ ਥੱਲੇ ਹੋ ਗਏ। ਆਲ਼ੇ ਦੁਆਲ਼ੇ ਕੋਈ ਚੂੰ ਨਾ ਪੈਂ। ਨਾ ਕੋਈ ਬੰਦਾ ਦਿਸੇ ਨਾ ਪਰਿੰਦਾ। ਦੁਕਾਨਾਂ ਵਾਲੇ ਵੀ ਅੰਦਰ ਵੜ੍ਹ ਗਏ ਤੇ ਬੂਹੇ ਭੇੜ ਲਏ। ਮੀਂਹ ਵੀ ਕਵ੍ਹੇ, ਬਈ ਅੱਜ ਮੈਂ ਸਾਰੇ ਅਗਲੇ ਪਿਛਲੇ ਘਾਟੇ ਪੂਰੇ ਕਰੂੰ। ਜਾਣੀ ਕੜ੍ਹ ਹੀ ਪਾਟ ਗਿਆ। ਕੁੰਗੜੇ ਹੋਏ ਅਸੀਂ ਘੰਟਾ ਡੇੜ ਘੰਟਾ ਉੱਥੇ ਰੁਕੇ। ਫਿਰ ਪਿਆਰਾ ਝਕਾਨੀ ਦੇ ਕੇ ਮੈਥੋਂ ਪਰ੍ਹੇ ਹੋ ਗਿਆ। ਮੈਨੂੰ 'ਕੱਲੇ ਨੂੰ ਛੱਡ ਗਿਆ। ਮੈਂ ਅੱਧਾ ਪੌਣਾ ਘੰਟਾ ਇਹਨੂੰ ਲੱਭਿਆ ਪਰ ਇਹਦੀ ਕਿਤੇ ਭਿਣਕ ਨਾ ਪਈ। ਮੈਂ ਰੋਣਹਾਕਾ ਹੋ ਗਿਆ, ਸੋਚਾਂ ਬਈ ਹੁਣ ਮੈਂ ਕੀ ਕਰੂੰ। ਮੈਂ 'ਕੱਲਾ ਘਰੋਂ ਬਾਹਰ ਕਦੇ ਨਹੀਂ ਸੀ ਨਿਕਲਿਆ। ਬਾਅਦ ਚ ਪਤਾ ਲੱਗਿਆ ਕਿ ਪਿਆਰੇ ਦੀ ਏਥੇ ਮਾਸੀ ਸੀ। ਇਹ ਆਪਣੀ ਮਾਸੀ ਕੋਲ਼ ਚਲੇ ਗਿਆ ਸੀ। ਇਹਨੇ ਪਹਿਲਾਂ ਹੀ ਮਨ ਚ ਧਾਰਿਆ ਹੋਇਆ ਸੀ। ਅਖ਼ੀਰ, ਮੀਂਹ ਵੀ ਮੱਠਾ ਹੋ ਗਿਆ। ਮੇਰਾ ਮਨ ਦੁਖੀ ਪ੍ਰੇਸ਼ਾਨ ਸੀ; ਡਰਦਾ ਸੀ। ਆਖ਼ਿਰ ਮੈਂ ਹੌਂਸਲਾ ਕਰਕੇ 'ਕੱਲਾ ਹੀ ਪਿੰਡ ਨੂੰ ਮੁੜ ਪਿਆ। ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ।

ਓਧਰ ਸਕੂਲੋਂ ਛੁੱਟੀ ਹੋ ਗਈ ਸਾਰੇ ਨਿਆਣੇ ਘਰੋ ਘਰੀਂ ਜਾ ਵੜੇ। ਅਸੀਂ ਘਰੀਂ ਕਿੱਥੋਂ ਪਹੁੰਚਣਾ ਸੀ। ਅਸੀਂ ਤਾਂ ਮਹਿਤਪੁਰ ਸੀਗੇ, ਏਧਰ ਘਰਦੇ ਸਾਨੂੰ ਲਭਦੇ ਫਿਰਨ। ਬਈ, ਸਾਡੇ ਮੁੰਡੇ ਸਕੂਲੋਂ ਨਹੀਂ ਮੁੜੇ। ਕਿੱਥੇ ਚਲੇ ਗਏ। ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਿਸੇ ਨੂੰ ਏਨੀ ਸੁੱਝੀ ਹੀ ਨਾ ਕਿ ਇਹਨਾਂ ਦੇ ਘਰ ਖ਼ਬਰ ਈ ਕਰ ਦੇਈਏ ਕਿ ਉਹ ਮਹਿਤਪੁਰ ਮਾਸਟਰਨੀ ਨੂੰ ਛੱਡਣ ਗਏ ਹਨ। ਜਦੋਂ ਘਰਦਿਆਂ ਨੂੰ ਪਤਾ ਲੱਗਾ ਤਾਂ ਇਹ ਵਰ੍ਹਦੇ ਮੀਂਹ ਚ ਮਹਿਤਪੁਰ ਵੱਲ ਆਪ ਵੀ ਗੇੜੇ ਮਾਰ ਗਏ ਸਨ, ਪਰ ਅਸੀਂ ਉਨ੍ਹਾਂ ਨੂੰ ਨਾ ਮਿਲ਼ੇ।

ਜਦੋਂ ਮੈਂ ਮੁੜਕੇ ਰਾਮੂੰਵਾਲ ਕੋਲ ਪੁੱਜਾ, ਤਾਂ ਮੇਰੇ ਤਾਂ ਸਾਹ ਸੁਤੇ ਗਏ। ਚਿਰਾਂ ਦਾ ਸੁੱਕਿਆ ਬੁੱਢਾ ਦਰਿਆ ਠਾਠਾਂ ਮਾਰ ਰਿਹਾ ਸੀ। ਸ਼ੂਕਰਾਂ ਮਾਰੇ। ਆਲ਼ੇ ਦੁਆਲ਼ੇ ਕੋਈ ਚਿੜੀ ਜਨੌਰ ਵੀ ਨਜ਼ਰ ਨਾ ਆਵੇ। 'ਕੱਲਾ ਪਾਣੀ ਦਾ ਸ਼ੋਰ ਸੁਣੇ। ਮੇਰੇ ਦੇਖਦੇ ਦੇਖਦੇ ਹੀ ਪਾਣੀ ਚੜ੍ਹਦਾ ਜਾਵੇ। ਜਦੋਂ ਅਸੀਂ ਗਏ ਸੀ, ਏਥੇ ਤਾਂ ਪਾਣੀ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸੱਭ ਸੁਕ ਪੁਕਾ ਹੀ ਸੀ। ਹੁਣ ਸੱਭ ਜਲੋ ਥਲ ਹੋਇਆ ਪਿਆ ਸੀ। ਮੈਂ ਨਾ ਏਧਰ ਜੋਗਾ ਨਾ ਓਧਰ ਜੋਗਾ। ਮੈਨੂੰ ਪਤਾ ਨਾ ਲੱਗੇ ਮੈਂ ਕੀ ਕਰਾਂ। 'ਕੱਲਾ ਮੈਂ ਪਾਣੀ ਤੋਂ ਵੀ ਡਰਦਾ ਸਾਂ ਤੇ ਤੇਜ਼ ਵਹਿਣ ਤੋਂ ਵੀ। ਪਾਣੀ ਦਾ ਚੜ੍ਹਾਅ ਦੇਖਣ ਨੂੰ ਮੈਂ ਢੀਮ ਦੀ ਨਿਸ਼ਾਨੀ ਲਾਉਣੀ ਤੇ ਮੇਰੇ ਦੇਖਦੇ ਦੇਖਦੇ, ਪਾਣੀ ਓਥੋਂ 'ਗਾਂਹ ਆ ਚੜ੍ਹਨਾ। ਮੈਂ ਰਤਾ ਕੁ ਹੋਰ ਪਿੱਛੇ ਹੋ ਕੇ ਬਹਿ ਜਾਣਾ। ਕਦੇ ਖੜਾ ਹੋ ਕੇ ਆਲੇ ਦੁਆਲ਼ੇ ਦੇਖਣਾ, ਕੋਈ ਬਹੁੜ ਹੀ ਪਵੇ। ਅਖ਼ੀਰ ਮੈਂ ਦਿਲ ਛੱਡਤਾ। ਡਰ ਗਿਆ। ਰੋਣ ਲੱਗ ਪਿਆ। ਮੈਨੂੰ ਬੁਖ਼ਾਰ ਹੋ ਗਿਆ। ਮੈਂ ਹੋਰ ਉੱਚੀ ਉੱਚੀ ਰੋਣ ਲੱਗ ਪਿਆ। ਭਿਆਨਕ ਖਿਆਲ ਆਉਣ ਲੱਗੇ। ਮੈਂ ਹੋਰ ਜ਼ੋਰ ਨਾਲ ਰੋਣ ਲੱਗਾ। ਓਧਰੋਂ ਘੁਸਮੁਸਾ ਹੋਣ ਲੱਗਾ। ਮੈਨੂੰ ਸਮਝ ਨਾ ਆਵੇ ਕਿ ਹੁਣ ਮੇਰਾ ਕੀ ਬਣੂਗਾ। ਘੈਂਟਾ ਡੇੜ ਘੈਂਟਾ ਮੈਂ ਰੋਂਦਾ ਰਿਹਾ। ਰੋਅ ਰੋਅ ਕੇ ਮੇਰਾ ਘੱਗ ਬਹਿ ਗਿਆ। ਫਿਰ ਮੇਰਾ ਰੋਣਾ ਨਿਕਲਣਾ ਵੀ ਬੰਦ ਹੋ ਗਿਆ। ਮੈਨੂੰ ਕੁਝ ਨਹੀਂ ਸੀ ਸੁੱਝਦਾ।

ਮੇਰੀ ਭਲੀ ਕਿਸਮਤ ਨੂੰ ਸਾਉਣ ਸਿਓਂ ਦਾ ਪੂਰਨ ਮਹਿਤਪੁਰੋਂ ਆ ਗਿਆ। ਇਹ ਮੇਰੇ ਪਿੰਡ ਦਾ ਈ ਸੀ। ਇਹਨੂੰ ਦੇਖਕੇ ਮੇਰੀ ਢਾਰਸ ਬੱਝੀ। ਇਹਨੇ ਮੇਰਾ ਹਵਾਲ ਪੁੱਛਿਆ। ਮੈਂ ਡੁਸਕਣ ਲੱਗਾ। ਹੌਲ਼ੀ ਹੌਲ਼ੀ ਮੈਂ ਸਾਰੀ ਗੱਲ ਇਹਨੂੰ ਦੱਸ ਦਿੱਤੀ। ਇਹਨੇ ਮੈਨੂੰ ਹੌਂਸਲਾ ਦਿੱਤਾ।

ਮੈਂ ਇਹਦੇ ਮਗਰ ਮਗਰ ਹੋ ਤੁਰਿਆ ਤੇ ਸੈਕਲ ਦੀ ਮਗਰਲੀ ਕਾਠੀ ਫੜ ਲਈ, ਦੋਹਾਂ ਹੱਥਾਂ ਨਾਲ ਘੁੱਟ ਕੇ। ਡਰ ਅਜੇ ਵੀ ਮੇਰੇ ਮਨੋਂ ਨਿਕਿਲਿਆ ਨਹੀਂ ਸੀ। ਪੂਰਨ ਸਿਓਂ ਵਾਰ ਵਾਰ ਪੁੱਛਦਾ: ਠੀਕ ਆਂ ਨਾ; ਡਰ ਨਾ; ਮੈਂ ਤੇਰੇ ਨਾਲ ਈ ਹਾਂ। ਓਧਰੋਂ ਪਾਣੀ ਵੀ ਚੜਦਾ ਈ ਜਾਵੇ। ਐਨ ਵਿਚਾਲ਼ੇ ਜਾ ਕੇ ਪਾਣੀ ਮੇਰੇ ਗਲ਼ ਗਲ਼ ਹੋ ਗਿਆ। ਮੈਂ ਹੋਰ ਡਰ ਗਿਆ। ਮੈਂ ਕਿਹਾ ਹੁਣ ਮਰਨ ਤੋਂ ਪਹਿਲਾਂ ਜ਼ਰੂਰ ਗੋਤੇ ਆਉਣਗੇ। ਪੂਰਨ ਨੇ ਫਿਰ ਮੈਨੂੰ ਹੌਂਸਲਾ ਦਿੱਤਾ: ਡਰੀ ਨਾ ਜਾਹ। ਮੈਂ ਵੀ ਤੇਰੇ ਨਾਲ ਈ ਹਾਂ। ਬੱਸ ਤੂੰ ਕਾਠੀ ਘੁੱਟ ਕੇ ਫੜੀ ਰੱਖ। ਬੁਖ਼ਾਰ ਨਾਲ ਮੈਨੂੰ ਕਾਂਬਾ ਵੀ ਛਿੜਿਆ ਹੋਇਆ ਸੀ; ਮੇਰੇ ਦੰਦ ਵਜਣ ਲੱਗੇ। ਫਿਰ ਪਾਣੀ ਘਟਣ ਲੱਗਾ। ਪਹਿਲਾਂ ਹਿੱਕ ਹਿੱਕ ਹੋਇਆ ਤੇ ਫਿਰ ਧੁੰਨੀਏ ਆਇਆ। ਫਿਰ ਨੇਫੇ ਤਾਂਈ ਹੋਇਆ, ਫਿਰ ਪੱਟਾਂ ਤਾਈਂ ਤੇ ਫਿਰ ਗੋਡੇ ਗੋਡੇ। ਮੇਰੀ ਜਾਨ ਚ ਜਾਨ ਆਈ। ਹੁਣ ਮੈਨੂੰ ਤਸੱਲੀ ਹੋ ਗਈ ਕਿ ਮੈਂ ਹੁਣ ਨਹੀਂ ਮਰਦਾ। ਪੂਰਨ ਸਿਓਂ ਮੈਨੂੰ ਰੱਬ ਬਣਕੇ ਬਹੁੜਿਆ ਸੀ। ਮੈਂ ਸੋਚਾਂ ਬਈ ਜੇ ਇਹ ਵਿਚਾਰਾ ਨਾ ਆਉਂਦਾ ਤਾਂ ਮੈਂ ਡੁੱਬ ਮਰਨਾ ਸੀ ਜਾਂ ਬੁਖ਼ਾਰ ਨਾਲ ਮਰ ਜਾਣਾ ਸੀ। ਉਦੋਂ ਦਾ ਦਹਿਲਿਆ ਮੈਂ ਅਜੇ ਵੀ ਪਾਣੀ ਤੋਂ ਡਰ ਜਾਂਦਾ ਹਾਂ।

ਏਦੂੰ ਬਾਅਦ ਵੀ ਬੁੱਢੇ ਦਰਿਆ ਨੇ ਇਕ ਦੋ ਵਾਰ ਮਾਰਾਂ ਕੀਤੀਆਂ ਸੀ। ਅਸਲ ਚ ਇਹ ਦਰਿਆ ਦਰਿਊ ਤਾਂ ਹੈ ਨਹੀਂ ਸੀ, ਪਤਾ ਨਹੀਂ ਇਹਦਾ ਨਾਂ ਕਿੱਦਾਂ ਪੈ ਗਿਆ। ਇਹ ਤਾਂ ਨੀਵੀਆਂ ਪੈਲ਼ੀਆਂ ਵਿਚਦੀ ਪਾਣੀ ਦਾ ਵਹਾਅ ਸੀ। ਆਦਰਾਮਾਨ ਤੇ ਲੋਹਗੜ੍ਹ ਦੇ ਕੋਲ਼ ਦੀ ਕਰਕੇ

ਇਹਦਾ ਨੱਕਾ ਸਤਲੁਜ ਨਾਲ ਜਾ ਮਿਲਦਾ ਸੀ। ਜਦੋਂ ਸਤਲੁਜ ਦਾ ਪਾਣੀ ਵਿਤੋਂ ਵੱਧ ਜਾਂਦਾ, ਏਧਰ ਨੂੰ ਵਹਿ ਤੁਰਦਾ ਸੀ। ਵਹਾਅ ਕਈ ਵਾਰ ਤੇਜ਼ ਵੀ ਹੁੰਦਾ ਸੀ। ਬਾਅਦ ਚ ਇਕ ਦੋ ਵਾਰੀ ਇਹਨੇ ਪੱਕੀ ਸੜਕ ਵੀ ਵਹਾ ਲਈ ਸੀ। ਪਹਿਲਾਂ ਸੜਕ ਬਨਾਉਣ ਵੇਲੇ ਕਿਸੇ ਨੂੰ ਪਾਣੀ ਦੇ ਨਿਕਾਸ ਦਾ ਚੇਤਾ ਈ ਨਾ ਆਇਆ। ਲੋਕ ਗੱਡਿਆਂ ਤੇ ਇੱਕ ਪਾਸਿਓਂ ਦੂਜੇ ਪਾਸੇ ਪੈਸੇ ਲੈ ਕੇ ਬੰਦੇ ਲੰਘਾਉਂਦੇ ਸਨ। ਬਹੁਤੀ ਵਾਰ ਲਾਗੇ ਬੰਨੇ ਦੇ ਲੋਕ ਆਪਣੀ ਫ਼ਸਲ ਦੇ ਬਚਾ ਲਈ ਵੀ ਸੜਕ ਤੋੜ ਦਿਆ ਕਰਦੇ ਸੀ। ਹੁਣ ਤਾਂ ਪਤਾ ਵੀ ਨਾ ਲੱਗੇ ਕਿ ਕਦੇ ਏਥੋਂ ਦੀ ਬੁੱਢਾ ਦਰਿਆ ਵਹਿਣ ਲੱਗ ਪੈਂਦਾ ਸੀ। ਲੋਕਾਂ ਨੇ ਆਪਣੀਆਂ ਜ਼ਮੀਨਾਂ ਵੀ ਪੱਧਰੀਆਂ ਕਰ ਲਈਆਂ ਹਨ।

ਪੂਰਨ ਮੈਨੂੰ ਘਰ ਛੱਡ ਕੇ ਆਇਆ। ਮੇਰੇ ਬਾਪ ਨੂੰ ਕਹਿੰਦਾ: ਆਹ ਲਓ ਬਈ, ਸਾਂਭੋ ਆਵਦਾ ਮੁੰਡਾ। ਮੈਂ ਫਿਰ ਰੋ ਪਿਆ; ਮੇਰੀਆਂ ਧਾਹਾਂ ਨਿਕਲ਼ ਗਈਆਂ। ਮੇਰੀ ਦਾਦੀ ਨੇ ਘੁੱਟ ਕੇ ਛਾਤੀ ਨਾਲ ਲਾਇਆ। ਮਾਂ ਨੇ ਗਿੱਲੇ ਕਪੜੇ ਲਾਹ ਕੇ ਹੋਰ ਪਾਏ; ਉੱਤੇ ਖੇਸ ਦਿੱਤਾ ਤੇ ਉੱਪਰ ਦੀ ਰਜਾਈ। ਮੇਰੀ ਦਾਦੀ ਨੇ ਪਰਾਤ ਚ ਅੱਗ ਬਾਲ ਕੇ ਮੰਜੇ ਦੇ ਹੇਠਾਂ ਰੱਖੀ। ਮਾਂ ਨੇ ਦੁੱਧ ਦਾ ਗਰਮ ਗਿਲਾਸ ਦਿੱਤਾ। ਦਾਦੀ ਕਿੰਨਾ ਚਿਰ ਬੁੱਕਲ਼ ਚ ਲੈ ਕੇ ਥਾਪੜਦੀ ਰਹੀ। ਬਾਪ ਨਰਾਜ਼ ਸੀ ਤੇ ਮੇਰਾ ਤਾਇਆ ਪੂਰਾ ਖ਼ਫਾ। ਸਵੇਰੇ ਜਾ ਕੇ ਭਾਜੀ ਨੂੰ ਕਹਿ ਆਇਆ: ਖ਼ਬਰਦਾਰ ਜੇ ਸਾਡੇ ਮੁੰਡੇ ਨੂੰ ਮੁੜ ਕੇ ਕਿਤੇ ਘੱਲਿਆ। ਅਸੀਂ ਇਹਨੂੰ ਪੜ੍ਹਨ ਭੇਜੀਦਾ ਹੈ। ਹੋਰ ਪਤਾ ਨਹੀਂ ਕੀ ਕੀ ਕਿਹਾ ਹੋਊ। ਬੁਖ਼ਾਰ ਦਾ ਭੰਨਿਆ ਮੈਂ ਦੋ-ਤਿੰਨ ਦਿਨ ਸਕੂਲ ਨਾ ਗਿਆ। ਭੈੜੇ ਭੈੜੇ ਸੁਪਨੇ ਆਉਂਦੇ ਰਹੇ। ਸਕੂਲ ਜਾਂਦੇ ਨੂੰ ਭਾਜੀ ਨੇ ਤਾਏ ਦਾ ਗੁੱਸਾ ਮੇਰੇ 'ਤੇ ਕੱਢਿਆ: ਤੈਨੂੰ ਕੀ ਹੋ ਗਿਆ ਸੀ ਓਏ। ਤੂੰ ਮਰ ਤੇ ਨਹੀਂ ਸੀ ਗਿਆ।

ਹੁਣ ਉਹ ਵੇਲਾ ਯਾਦ ਆਉਂਦਾ ਹੈ, ਤਾਂ ਮੀਂਹ ਚ ਭਿੱਜਿਆ ਮਾਸਟਰਨੀ ਦਾ ਪਿੰਡਾ ਵੀ ਬਹੁਤਾ ਸੁੱਖ ਨਹੀਂ ਦਿੰਦਾ। ♦

# ਵਾਗੀ

ਅਸੀਂ ਤਾਂ ਸਕੂਲੇ ਪੈ ਗਏ ਸੀ; ਸਾਡੇ ਕਈ ਹਾਣੀ ਸਕੂਲੇ ਨਹੀਂ ਸੀ ਜਾਂਦੇ। ਇਹਦੇ ਕਾਰਨਾਂ ਦੀ ਤਾਂ ਸਮਝ ਨਹੀਂ ਸੀ ਉਦੋਂ, ਪਰ ਅਸੀਂ ਏਨਾ ਜ਼ਰੂਰ ਸਮਝਦੇ ਸੀ ਕਿ ਉਨ੍ਹਾਂ ਦੀ ਜਾਨ ਬਾਹਲ਼ੀ ਸੌਖੀ ਸੀ। ਕਿਸੇ ਪੁੰਨ ਦਾ ਫਲ਼ ਮਿਲਿਆ ਸੀ ਉਨ੍ਹਾਂ ਨੂੰ। ਨਾ ਮਾਸਟਰਾਂ ਦਾ ਡਰ। ਨਾ ਸਕੂਲ ਦੇ ਕੰਮ ਦੀ ਚਿੰਤਾ। ਨਾ ਹੋਰ ਕੋਈ ਫਿਕਰ। ਇਹ ਸਵੇਰੇ ਪਸ਼ੂ ਲੈ ਜਾਂਦੇ ਤੇ ਸ਼ਾਮ ਨੂੰ ਘਰੇ ਲੈ ਆਉਂਦੇ। ਢੋਲੇ ਗਾਉਂਦੇ। ਬੋਲੀਆਂ ਪਾਉਂਦੇ। ਸਾਰਾ ਦਿਨ ਪਸ਼ੂ ਚਰਾਂਦੀਂ ਚਰਦੇ ਹੀ ਰੱਜ ਕੇ ਵਾਪਿਸ ਘਰ ਆ ਵੜਦੇ। ਕਈ ਮਾਲਕ ਤਾਂ ਸ਼ਾਮ ਨੂੰ ਆਵਦੇ ਪਸ਼ੂ ਘਰੀਂ ਲੈ ਜਾਂਦੇ, ਪਰ ਕਈ ਵਾਗੀਆਂ ਦੇ ਵਾੜਿਆਂ ਵਿਚ ਹੀ ਬੱਧੇ ਰਹਿੰਦੇ। ਛੇ-ਛੇ ਸੱਤ-ਸੱਤ ਮਹੀਨੇ।

ਵਾਗੀ ਤਾਂ ਲਾਗਲੇ ਪਿੰਡਾਂ ਦੇ ਵੀ ਸੀਗੇ। ਪਰ ਮਸ਼ਹੂਰ ਉੱਧੋਵਾਲ ਦੇ ਚਾਰ ਪੰਜ ਵਾਗੀ ਈ ਸੀ। ਇਹ ਸਤਲੁਜ ਤੋਂ ਢਾਈ ਕੁ ਮੀਲ ਪਹਾੜ ਵੱਲ ਨੂੰ ਪੈਂਦਾ ਹੈ। ਲਾਗੇ ਬੰਨੇ ਦੇ ਪਿੰਡਾਂ ਚੋਂ ਵੱਡਾ ਹੈ। ਮਹਿਤਪੁਰ ਦੇ ਨੇੜੇ। ਨਕੋਦਰ ਤਸੀਲ ਚ। ਦੁਆਬੇ ਦੇ ਆਖ਼ਿਰੀ ਪਿੰਡ ਚੋਂ ਹੈ। ਸਤਲੁਜੋਂ ਪਾਰਲੇ ਪਾਸੇ ਮਾਲਵਾ ਦੇਸ ਚੱਲ ਪੈਂਦਾ ਹੈ। ਮਹਿੰਗਾ ਤੇ ਲ਼ੋਲੀ ਵੱਡੇ ਪਸ਼ੂ ਚਾਰਦੇ – ਗਾਵਾਂ, ਮੱਝਾਂ, ਵੱਛੇ-ਵੱਛੀਆਂ, ਕੱਟੇ-ਕੱਟੀਆਂ। ਧਰਮ ਸਿਓਂ, ਸੇਮਾਂ, ਜਗੀਰ, ਅਮਲੀ ਤੇ ਵੈਲੀ ਬੱਕਰੀਆਂ ਚਾਰਦੇ। ਮਹਿੰਗੇ ਹੋਣੀ ਤਿੰਨੇ ਭਾਈ ਛੜੇ ਸੀ। ਹਮਾਤੜ ਸੀ, ਵਿਚਾਰਿਆਂ ਦੇ ਸਿਆੜ ਥੋੜ੍ਹੇ ਸੀ। ਤਿੰਨਾਂ ਚੋਂ ਕਿਸੇ ਦਾ ਵੀ ਘਰ ਨਾ ਵਸਿਆ। ਪੂਰਨ ਵਾਹੀ ਕਰਦਾ। ਪਖੀਰੀਆ ਸਰਦੇ ਜੱਟਾਂ ਨਾਲ਼ ਰਲ਼ਿਆ ਰਹਿੰਦਾ ਤੇ ਵੱਡਾ ਮਹਿੰਗਾ ਪਸ਼ੂ ਚਾਰਦਾ। ਜਦੋਂ ਕਦੇ ਪੂਰਨ ਨੇ ਕੋਲ਼ ਦੀ ਲੰਘਣਾ, ਨਿਆਣਿਆਂ ਸਿਆਣਿਆਂ ਛੇੜ ਕੇ ਕਹਿਣਾ: ਓਏ ਪੂਰਨਾ..., ਅੱਖੀਆਂ ਚ ਰਈਂ ਵੱਸਦਾ ਜਾਈਂ ਦੂਰ ਨਾ। ਇਹਨੇ ਖਿੱਝ ਕੇ ਗਾਲ੍ਹਾਂ ਦੀ ਵਾਛੜ ਸ਼ੁਰੂ ਕਰ ਦੇਣੀ। ਨਿਆਣਿਆਂ ਦੇ ਮਗਰ ਸੂਟ ਵੱਟ ਕੇ ਭੱਜਣਾ। ਨਿਆਣਿਆਂ ਇਹਨੂੰ ਡਾਹ ਕਿੱਥੇ ਦੇਣੀ ਹੁੰਦੀ ਸੀ।

ਲ਼ੋਲੀ ਕੰਮੀਆਂ ਦਾ ਮੁੰਡਾ ਸੀ। ਸਾਡਾ ਹਾਣ ਪ੍ਰਵਾਣ। ਸਾਨੂੰ ਇਹਦੇ ’ਤੇ ਰਸ਼ਕ ਹੋਣਾ। ਅਸੀਂ ਮਨੋ-ਮਨੀਂ ਕਹਿਣਾ: ਇਹਨੇ ਕੋਈ ਪੁੰਨ ਕੀਤਾ ਹੋਇਆ ਤੇ ਅਸੀਂ ਕੋਈ ਘੋਰ ਪਾਪ। ਤਾਹੀਂਓਂ ਇਹ ਵਾਗੀ ਬਣ ਗਿਆ; ਮੌਜਾਂ ਕਰਦਾ। ਤੇ ਅਸੀਂ ਜੇਲ੍ਹ ਚ ਤਾੜੇ ਗਏਂ ਆਂ। ਮਾਸਟਰਾਂ ਦੀਆਂ ਝਿੜਕਾਂ ਤੇ ਡੰਡੇ ਖਾਣ ਨੂੰ। ਮਹਿੰਗਾ ਤੇ ਲ਼ੋਲੀ ਇਕ ਦੂਜੇ ਦੇ ਪਸ਼ੂ ਦੇਖ ਵੀ ਲੈਂਦੇ ਸੀ। ਇਨ੍ਹਾਂ ਇਕ ਦੂਜੇ ਨੂੰ ਕਹਿਣਾ: ਆਹ, ਜਰਾ ਕੁ ਮੇਰੇ ਪਹੂਆਂ ਵੱਲ ਨਿਗ੍ਹਾ ਰੱਖੀਂ। ਮੈਂ ਫਲਾਨਾ ਕੰਮ ਕਰ ਆਵਾਂ। ਪਸ਼ੂ ਵੀ ਇਨ੍ਹਾਂ ਦੋਹਾਂ ਨੂੰ ਸਿਆਣਦੇ ਸੀ।

ਲ਼ੋਲੀ ਕੋਲ਼ ਕਈ ਤਰ੍ਹਾਂ ਦੇ ਪਸ਼ੂ ਹੁੰਦੇ ਸੀ। ਫੰਡਰਾਂ, ਤੋਕੜਾਂ ਤੇ ਦੁੱਧੋਂ ਭੱਜੀਆਂ ਮੱਝਾਂ-ਗਾਵਾਂ। ਚੌਰੀਆਂ, ਬੱਲ੍ਹੀਆਂ, ਕੁੰਡੀਆਂ, ਮੀਣੀਆਂ ਤੇ ਚੱਪੀਆਂ। ਸਾਵੀਆਂ, ਚਤਰੀਆਂ, ਮੱਥੇ ਫ਼ੁੱਲੀ ਵਾਲ਼ੀਆਂ, ਸੀਲ ਤੇ ਮਾਰਨ ਖੰਡੀਆਂ। ਲੈਰੀਆਂ ਕੱਟੀਆਂ-ਵੱਛੀਆਂ ਤੇ ਜਾਂ ਛੋਟੇ ਕੱਟੇ-ਵੱਛੇ। ਅੜ੍ਹਬ ਪਸ਼ੂਆਂ ਦੇ ਇਹ ਡੈਹਾ ਪਾ ਦਿੰਦਾ ਸੀ। ਕਹਿੰਦਾ: ਜਾਹ, ਹੁਣ ਭੱਜ ਤਾਂ ਕਿੱਧਰ ਨੂੰ ਭੱਜਣਾ। ਕੱਟੇ-ਵੱਛੇ ਜਦੋਂ ਜੋੜਨ ਜੋਗੇ ਹੋ ਜਾਂਦੇ, ਜਾਂ ਅਗਲੇ ਵੇਚ ਦਿੰਦੇ ਸੀ ਜਾਂ ਹਲ਼ੀਂ ਕੱਢ ਲੈਂਦੇ। ਕੱਟੀਆਂ-ਵੱਛੀਆਂ ਜਦੋਂ ਨਵੇਂ ਦੁੱਧ ਹੋ ਜਾਂਦੀਆਂ, ਤਾਂ ਲਵੇਰੇ ਦੇ ਲਾਲਚ ਮਾਲਕ ਵੱਧ ਸੇਵਾ ਕਰਨ ਨੂੰ ਘਰ ਲੈ ਜਾਂਦੇ। ਰੋਜ਼ ਦਿਹਾੜੀ ਸੱਤੇ ਦਿਨ ਇਹੋ ਕੰਮ। ਲ਼ੋਲੀ ਨੂੰ ਇਕ ਪਸ਼ੂ ਦੀ ਮਿਹਨਤ ਰੁਪੱਈਆ, ਹੱਦ ਦੋ ਰੁਪੱਈਏ ਮਹੀਨਾ ਮਿਲ਼ਦੀ ਸੀ; ਜਾਂ ਸਾਲ ਬਾਅਦ ਦਾਣੇ। ਝੋਟੀਆਂ ਦਾ ਤਾਂ ਮਾਲਕਾਂ ਨੂੰ ਪਤਾ ਲੱਗ ਜਾਦਾਂ ਸੀ। ਖੇਵੇ ਆਈਆਂ ਝੋਟੀਆਂ ਨੇ ਖੌਰੂ ਪਾਉਣਾ। ਸਾਰਾ ਸਾਰਾ ਦਿਨ ਅੜਿੰਗੀ ਜਾਣਾ। ਖੇਵੇ ਆਈਆਂ ਮੱਝਾਂ ਝੋਟੀਆਂ ਮਾਲੀ ਕੋਲ਼ ਲਿਜਾਣੀਆਂ ਪੈਂਦੀਆਂ ਸੀ। ਠਾਕਰ ਜ਼ਨਾਨੇ ਨੇ ਏਸੇ ਕੰਮ ਲਈ ਮਾਲੀ ਰੱਖਿਆ ਹੋਇਆ ਹੁੰਦਾ ਸੀ – ਵੰਡ ਵੜੇਵਿਆਂ ਨਾਲ਼ ਪਾਲਿਆ ਝੋਟਾ। ਪਰ ਗਾਈਆਂ ਮੁਫ਼ਤੋ-ਮੁਫ਼ਤੀ ਆਵਾਰਾ ‘ਸਰਕਾਰੀ’ ਸਾਨ੍ਹਾਂ ਤੋਂ ਨਵੇਂ ਦੁੱਧ ਹੋ ਜਾਂਦੀਆਂ ਸੀ। ਕਈ ਵਾਰ ਤਾਂ ਪਤਾ ਵੀ ਨਹੀਂ ਸੀ ਲੱਗਦਾ ਪਰ ਕਈ ਵਾਰ ਵੱਧ ਮਿਹਨਤ ਲੈਣ ਲਈ ਲ਼ੋਲੀ ਮਾਲਕਾਂ ਨੂੰ ਦੱਸਦਾ ਵੀ ਨਹੀਂ ਸੀ ਕਿ ਤੁਹਾਡੀ ਵੈਹੜ ਜਾਂ ਗਾਂ ਲੱਗ ਗਈ ਹੈ। ਏਦਾਂ ਕਰਕੇ ਇਹ ਦੋ ਚਾਰ ਮਹੀਨੇ ਦੀ ਮਿਹਨਤ ਵੱਧ ਲੈ ਲੈਂਦਾ ਸੀ। ਜਦੋਂ ਬਿਲਕੁਲ ਜ਼ਾਹਿਰਾ ਦਿਸਦੀ ਹੋ ਜਾਣੀ ਤਾਂ ਕਹਿ ਦੇਣਾ: ਲਗਦਾ ਕਿ ਤੁਹਾਡੀ ਵੱਛੀ ਵੀ ਨਵੇਂ ਦੁੱਧ ਹੋ ਗਈ ਆ। ਬਹਾਨਾ ਇਹ ਲਾ ਦੇਣਾ ਕਿ ਮੇਰੇ ਉਰ੍ਹੇ-ਪਰ੍ਹੇ ਹੋਏ ਤੋਂ ਲੱਗ ਗਈ ਹੋਣੀ ਆਂ। ਉੱਤੋਂ ਕਹਿ ਦੇਣਾ, ਜਦ ਮੈਂ ਲੱਗਦੀ ਨਹੀਂ ਦੇਖੀ, ਮੈਂ ਸ਼ਾਹਦੀ ਕਿੱਦਾਂ ਦੇ ਦਿੰਦਾ।

ਕਈਆਂ ਤੋਕੜਾਂ ਨੂੰ ਇਹ ਚੋਅ ਵੀ ਲੈਂਦਾ ਸੀ। ਜੇ ਕੋਈ ਬਹੁਤਾ ਵੇਰ੍ਹਦੀ, ਤਾਂ ਇਹਨੇ ਸਾਰਾ ਦਿਨ ਭਜਾਈ ਫਿਰਨੀ। ਟਿੱਕ ਕੇ ਚਰਨ ਨਾ ਦੇਣੀ। ਨਾ ਹੀ ਪਾਣੀ ਪੀਣ ਦੇਣਾ। ਬੱਸ ਡਾਂਗ ਤੇ ਡਾਂਗ ਵਰ੍ਹਾਈ ਜਾਣੀ। ਨਾਲ਼ੇ ਕਹਿਣਾ: ਚੱਲ ਫੇ ਦੇਖ ਲਾਅ ਅੱਜ ਲ਼ੋਲੀ ਦੇ ਹੱਥ। ਛੱਡੂਗਾਂ ਮੈਂ ਤੈਨੂੰ ਚੋਅ ਕੇ ਹੀ। ਜਾਂ ਤਾਂ ਸਿੱਧੀ ਤਰ੍ਹਾਂ ਮੰਨ ਜਾਹ, ਜਾਂ ਫੇ ਦੇਖੀ ਚੱਲ ਮੇਰੇ ਜਲਵੇ। ਗਾਂ-ਮੈਂਹ ਨੇ ਹੰਭ ਕੇ ਖੜੋ ਜਾਣਾ। ਜਾਣੀ ਹੱਥ ਖੜ੍ਹੇ ਕਰ ਦੇਣੇ। ਲ਼ੋਲੀ ਨੇ ਪਸਮਾ ਲੈਣੀ। ਕਈ ਵਾਰ ਭੱਜੀ ਜਾਂਦੀ ਗਾਂ ਮੈਂਹ ਦੀ ਪੂਛ ਫੜ ਕੇ ਇਹਨੇ ਉਹਤੋਂ ਰਤਾ ਕੁ ਗਾਂਹ ਲੰਘ ਕੇ ਬਰਾਬਰ ਜਿਹਾ ਹੋ ਜਾਣਾ। ਤੇ ਫਿਰ ਇਕਦੰਮ ਐਸਾ ਹੁੱਝਕਾ ਮਾਰਨਾ ਕਿ ਪਸ਼ੂ ਨੇ ਪੈਰਾਂ ਤੋਂ ਨਿਕਲ ਜਾਣਾ ਤੇ ਚਿੱਤ ਹੋ ਜਾਣਾ। ਫਿਰ ਇਹਨੇ ਡਾਂਗ ਵਰ੍ਹਾਉਣੀ। ਏਸੇ

ਦੁੱਧ ਦੀ ਝੱਲ ਚ ਹੀ ਚਾਹ ਬਣਾ ਕੇ ਪੀ ਲੈਣੀ ਜਾਂ ਕੱਚਾ ਦੁੱਧ ਹੀ ਪੀ ਲੈਣਾ। ਕਈ ਵਾਰੀ ਦੁੱਧ ਕਿਸੇ ਸਿਵੇ ਤੇ ਚੜ੍ਹਾ ਦੇਣਾ। ਕਦੇ ਕਦੇ ਕਿਸੇ ਸਿਵੇ ਤੇ ਪਏ ਦੀਵੇ ਤੋਂ ਤੇਲ ਸਿਰ ਨੂੰ ਲਾ ਲੈਣਾ। ਇਹ ਅਜੀਬ-ਅਜੀਬ ਹਰਕਤਾਂ ਕਰਦਾ ਸੀ।

ਪਿੰਡ ਤੋਂ ਲੈ ਕੇ ਦੱਖਣ ਵਲ ਨੂੰ ਚਹੁੰ ਪੰਜਾਂ ਮੀਲਾਂ ਚ ਵਿਰਲੇ-ਵਿਰਲੇ ਛੋਟੇ ਛੋਟੇ ਪਿੰਡ ਵਸੇ ਹੋਏ ਸੀ। ਝੱਲ ਚ ਲੁਕੇ ਹੋਏ। ਕਈਆਂ ਪਿੰਡਾਂ ਦੇ ਬਾਹਰਲੇ ਘਰ ਝੱਲ ਨਾਲ ਹੀ ਰਲ਼ ਜਾਂਦੇ ਸੀ। ਵਾਹੀ ਵਾਲੀ ਜ਼ਮੀਨ ਘੱਟ ਸੀ। ਦੁਆਬੇ ਚ ਤਾਂ ਜ਼ਮੀਨ ਦੀ ਪਹਿਲਾਂ ਹੀ ਬਥੇਰੀ ਘਾਟ ਸੀ। ਏਸੇ ਕਰਕੇ ਏਥੋਂ ਲੋਕ ਵਲੈਤਾਂ ਨੂੰ ਸੱਭ ਤੋਂ ਪਹਿਲਾਂ ਏਥੋਂ ਹੀ ਨਿਕਲ਼ ਤੁਰੇ ਸੀ।

ਘਰਾਂ ਤੋਂ ਕੁਝ ਕਰਮਾਂ ਦੀ ਵਿੱਥ ਤੇ ਹੀ ਜੰਗਲ ਸ਼ੁਰੂ ਹੋ ਜਾਂਦਾ ਸੀ। ਜਿਹਨੂੰ ਸਾਡੇ ਵੱਲ ਝੱਲ ਕਿਹਾ ਕਰਦੇ ਸੀ। ਵਾਗੀ ਮਾਲ ਛੱਡ ਕੇ ਲੈ ਜਾਂਦੇ। ਸਾਰਾ ਦਿਨ ਪਸੂ ਚਰਾਂਦੀਂ ਚਰਦੇ। ਸ਼ਾਮਾਂ ਨੂੰ ਘਰ ਮੁੜ ਆਉਂਦੇ। ਝੱਲ ਨੂੰ ਜਾਂਦਿਆਂ ਰਾਹ ਚ ਪਹਿਲਾਂ ਜੱਟਾਂ ਦੇ ਸਿਵੇ ਆਉਂਦੇ। ਸਿਵਿਆਂ ਤੋਂ ਪਹਿਲਾਂ ਧਮਾਰ ਦੇ ਠੀਕਰੇ ਪਏ ਹੋਣੇ। ਅਸੀਂ ਡਰ ਵੀ ਜਾਣਾ। ਸਿਵਿਆਂ ਚ ਕਈ ਵਾਰ ਰਾਤ ਨੂੰ ਲੋਅ ਹੋ ਜਾਣੀ। ਕਈਆਂ ਨੇ ਨਿਆਣਿਆਂ ਨੂੰ ਡਰਾਉਣਾ: ਔਹ ਦੇਖੋ, ਸਿਵਿਆਂ ਚ ਚੜੇਲਾਂ ਨੱਚਦੀਆਂ। ਬਾਲਾਂ ਨੇ ਓਧਰ ਨੂੰ ਮੂੰਹ ਨਾ ਕਰਨਾ। ਲ੍ਹੋਲੀ ਨੂੰ ਸਿਵਿਆਂ ਤੋਂ ਡਰ ਨਹੀਂ ਸੀ ਲਗਦਾ। ਏਸ ਕਰਕੇ ਵੀ ਇਹ ਮੈਨੂੰ ਚੰਗਾ ਲੱਗਦਾ ਸੀ। ਸਾਨੂੰ ਲੱਗਣਾ ਚੁੜੇਲਾਂ ਤਾਂ ਇਹਤੋਂ ਡਰਦੀਆਂ। ਇਹ ਗੱਲਾਂ ਵੀ ਏਦਾਂ ਹੀ ਕਰਦਾ ਹੁੰਦਾ ਸੀ। ਮੈਂ ਇਹਨੂੰ ਬਹਾਦਰ ਮੁੰਡਾ ਸਮਝਦਾ ਸੀ। ਬਈ ਸਾਡਾ ਹਾਣੀ-ਤਾਣੀ ਚੁੜੇਲਾਂ ਤੋਂ ਨਾ ਡਰਦਾ ਸੀ ਨਾ ਇਹ ਇਹਨੂੰ ਕੁਝ ਕਹਿੰਦੀਆਂ ਸੀ। ਇਹ ਚੁੜੇਲਾਂ ਦੀਆਂ ਗੱਲਾਂ ਵੀ ਵਧਾ-ਚੜ੍ਹਾ ਕੇ ਸੁਣਾ ਦਿਆ ਕਰਦਾ ਸੀ। ਮਜਮੇ ਲਾ ਲੈਂਦਾ ਸੀ। ਅਸਲ ਚ ਇਹਦਾ ਬਾਪ ਬੜਾ ਕੱਬਾ ਸੀ। ਨਾ ਉਹਦੀ ਕਿਸੇ ਨਾਲ਼ ਬਣਦੀ ਸੀ। ਨਾ ਕਿਸੇ ਨਾਲ਼ ਮੇਲ਼-ਜੋਲ਼ ਸੀ। ਆਵਦੇ ਸਕੇ ਸੋਦਰਿਆਂ ਨਾਲ਼ ਵੀ ਨਹੀਂ। ਲ੍ਹੋਲੀ ਨੂੰ ਵੀ ਅਵਾ-ਤਵਾ ਬੋਲਦਾ ਰਹਿੰਦਾ ਸੀ। ਏਸੇ ਹਾਲ ਲ੍ਹੋਲੀ ਬਾਲ ਉਮਰੇ ਹੀ ਵਿਤੋਂ ਵੱਧ ਕੁਰੱਖਤ ਹੋ ਗਿਆ ਸੀ। ਜਾਣੀਂ ਉਮਰੋਂ ਪਹਿਲਾਂ ਹੀ ਇਹ ਅਪਣੇ ਆਪ ਨੂੰ ਸਾਂਭਣ ਜੋਗਾ ਹੋ ਗਿਆ ਸੀ।

ਸੌਣ ਭਾਦੋਂ ਦੇ ਦਿਨੀਂ ਮੀਂਹ ਪੈਣੇ ਤੇ ਝੱਲ ਚ ਚਹਿਲ-ਪਹਿਲ ਹੋ ਜਾਣੀ। ਰੇਤ ਦੇ ਟਿੱਬੇ ਵੀ ਹਰਿਆਲੀ ਨਾਲ਼ ਚਹਿਕਣ ਲੱਗ ਪੈਣੇ। ਸਲਵਾੜ ਕਾਹੀ ਦੇ ਬੂਝੇ ਮੱਲ ਜਾਣੇ। ਸੰਘਣੇ ਵੀ ਹੋ ਜਾਣੇ। ਭੱਖੜਾ ਵੀ ਹਰਾ-ਭਰਾ ਹੋ ਜਾਣਾ। ਅੱਕ ਫੰਭੜੇ ਹੋਣੇ। ਖੱਬਲ਼ ਘਾਹ ਜਾਂ ਦੁੱਬ ਹੋ ਜਾਣੀ। ਤੇ ਚਿੱਟੀਆਂ ਖੁੰਬਾਂ ਉੱਗ ਆਉਣੀਆਂ। ਹਰੇ ਤੁੰਮਿਆਂ ਦੀਆਂ ਵੇਲਾਂ ਵਧ ਜਾਣੀਆਂ। ਗੇਂਦਾਂ ਵਾਂਗੂੰ ਰਿੜ੍ਹਦੇ ਫਿਰਨੇ। ਵਿਚ ਵਿਚ ਪਸੂਆਂ ਨੇ ਖਾਅ ਵੀ ਲੈਣੇ। ਜਦੋਂ ਤੁੰਮੇ ਪੱਕ ਜਾਣੇ ਤਾਂ ਵਾਗੀਆਂ ਨੇ ਪੰਡਾਂ ਦੀਆਂ ਪੰਡਾਂ ਘਰ ਲੈ ਆਉਣੀਆਂ। ਫਿਰ ਸਾਰਾ ਸਾਲ ਪਸੂਆਂ ਨੂੰ ਲੂਣ ਚ ਰਲ਼ਾ-ਰਲ਼ਾ ਕੇ ਦਿੰਦੇ ਰਹਿਣਾ। ਜਾਂ ਰਿੰਨ੍ਹ ਕੇ ਦੇ ਦਿੰਦੇ। ਕਹਿੰਦੇ ਸੀ: ਇਨ੍ਹਾਂ ਨਾਲ਼ ਪਸੂਆਂ ਨੂੰ ਬਾਇਆ ਨਹੀਂ ਹੁੰਦੀ। ਹਾਜਮਾਂ ਠੀਕ ਰਹਿੰਦਾ। ਰਤਾ ਕੁ ਨੇਰ੍ਹਾ ਹੋਣਾ, ਤਾਂ ਬੀਂਡੇ ਬੋਲਣੇ ਸ਼ੁਰੂ ਹੋ ਜਾਣੇ। ਟਟ੍ਹੈਣੇ ਚਮਕਣੇ। ਟਿੱਡੇ ਗੜਕਣੇ। ਰਾਤ ਨੂੰ ਡੁੰਮ ਚ ਡੱਡੂਆਂ ਦਾ ਰਾਗ ਵੱਜਣਾ: ਗੜੈਂਅ ਗੜੈਂਅ, ਤੂੰ ਤੇ ਮੈਂ। ਗੜੈਂਅ ਗੜੈਂਅ, ਤੂੰ ਤੇ ਮੈਂ। ਡੱਡੂ ਏਨੇ ਹੋ ਜਾਣੇ ਕਿ ਡੱਡੂ ਤੇ ਡੱਡੂ ਚੜ੍ਹਿਆ ਹੋਣਾ।

ਸਿਵਿਆਂ ਲਾਗੇ ਹੀ ਵੱਤੇ ਜਿਹਾ ਛੱਪੜ ਹੁੰਦਾ ਸੀ। ਪਸੂਆਂ ਦੇ ਪਾਣੀ ਪੀਣ ਨੂੰ। ਇਹਨੂੰ ਡੁੰਮ ਕਹਿੰਦੇ ਸੀ। ਇਹ ਬਰਸਾਤਾਂ ਦੇ ਦਿਨੀਂ ਭਰ ਜਾਂਦਾ। ਮੱਝਾਂ ਵਿਚਾਲ਼ੇ ਜਾ ਕੇ ਬਹਿ ਜਾਂਦੀਆ। ਲਿਟਦੀਆਂ। ਲੋਟਣੀਆਂ ਖਾਂਦੀਆਂ। ਨਿਕਲਣ ਦਾ ਨਾਂ ਨਾ ਲੈਂਦੀਆਂ। ਕਦੇ-ਕਦੇ ਵਾਗੀ ਨਿਤਾਰ ਕੇ ਇੱਥੋਂ ਹੀ ਪਾਣੀ ਪੀ ਲੈਂਦੇ। ਲੋੜ ਦਾ ਕੋਈ ਮੁੱਲ ਨਹੀਂ ਹੁੰਦਾ। ਉਦੋਂ ਪਾਣੀ ਵੀ ਏਨਾਂ ਨੇੜੇ ਹੁੰਦਾ ਸੀ ਕਿ ਬਰਸਾਤਾਂ ਨੂੰ ਰੇਤਲੀ ਥਾਂ ਨੂੰ ਹੱਥ ਕੁ ਪੱਟਿਆਂ ਸਾਫ਼ ਪਾਣੀ ਨਿਕਲ਼ ਆਉਂਦਾ ਸੀ।

ਲੋਕੀ ਸਲਵਾੜ ਦੇ ਬੂਝਿਆਂ ਚੋਂ ਬਰੋਟੇ-ਨਾਕੂ ਕੱਢਦੇ। ਸੁਕਾਅ ਕੇ ਇਨ੍ਹਾਂ ਚੋਂ ਮੁੰਝ ਕੱਢਦੇ; ਇਹਦਾ ਵਾਣ ਵੱਟਦੇ, ਮੰਜੇ-ਪੀੜੀਆਂ ਬੁਣਨ ਲਈ। ਸਲਵਾੜ ਬੜੇ ਕੰਮੀਂ ਆਉਂਦਾ। ਬੇੜ ਵੱਟਣ ਦੇ ਕੰਮ ਵੀ ਆ ਜਾਂਦਾ ਸੀ। ਬਾਲਣ ਲਈ ਵੀ। ਵੱਡੇ ਸ਼ਹਿਰਾਂ ਚੋਂ ਵੀ ਵਪਾਰੀ ਮੁੰਝ ਮੁੱਲ ਲੈਣ ਆਉਂਦੇ ਸੀ।

ਪਸੂ ਤਾਂ ਆਪੇ ਚਰਦੇ ਰਹਿੰਦੇ। ਵਾਗੀਆਂ ਨੇ ਮਾੜੀ ਮੋਟੀ ਨਿਗਾਹ ਸਾਨੀ ਹੀ ਰੱਖਣੀ ਹੁੰਦੀ ਸੀ। ਐਧਰੋਂ ਓਧਰ ਨੂੰ ਲੈ ਜਾਣਾ ਤੇ ਓਧਰੋਂ ਐਧਰ ਨੂੰ ਲੈ ਆਉਣਾ। ਲੈਰੀਆਂ ਖੁੰਬਾਂ ਵਾਗੀਆਂ ਨੇ ਕੱਚੀਆਂ ਹੀ ਖਾ ਲੈਣੀਆਂ। ਜੇ ਜ਼ਿਆਦਾ ਹੋ ਜਾਣੀਆਂ ਤਾਂ ਦੁੱਬ ਦੇ ਤੀਲੇ ਚ ਪਰੋ ਲੈਣੀਆਂ ਤੇ ਘਰੇ ਲੈ ਆਉਣੀਆਂ। ਸਬਜ਼ੀ ਭਾਜੀ ਬਣਾ ਲੈ ਲੈਣੀ। ਮੀਂਹ ਦੇ ਪਾਣੀ ਨਾਲ ਡੁੰਮ ਭਰ ਜਾਣਾ। ਇਨ੍ਹਾਂ ਨੇ ਵਿੱਚੇ ਚੁੱਭੀਆਂ ਮਾਰਨੀਆਂ; ਤਾਰੀਆਂ ਲਾਉਣੀਆਂ। ਚੜਗਿੱਲ੍ਹੀਆਂ ਪਾਉਣੀਆਂ। ਕਈ ਵਾਰ ਇਨ੍ਹਾਂ ਨੇ ਡੁੰਮ ਚੋਂ ਕੱਛੂ ਜਾਂ ਪਰੇਤਾਂ ਫੜ ਕੇ ਰਿੰਨ੍ਹ ਬਣਾ ਲੈਣੀਆਂ। ਜਦੋਂ ਸੋਕਾ ਪੈ ਜਾਣਾ, ਤਾਂ ਚਰਾਂਦਾਂ ਦਾ ਘੇਰਾ ਵੱਧ ਜਾਣਾ। ਇਨ੍ਹਾਂ ਕਿਤੇ ਦੀ ਕਿਤੇ ਨਿਕਲ਼ ਜਾਣਾ। ਡੰਗਰਾਂ ਢਿੱਡ ਭਰਕੇ ਵਾਪਸ ਆ ਜਾਣਾ।

ਲਾਗੇ ਬੰਨੇ ਪਿੰਡਾਂ ਦੇ ਲੋਕ ਵੀ ਸ਼ਿਕਾਰ ਖੇਡਣ ਆਇਆ ਕਰਦੇ ਸੀ। ਮੁਕਾਬਿਲਾ ਵੀ ਹੋ ਜਾਣਾ। ਕਈਆਂ ਨਾਲ਼ ਕੁੱਤੇ ਹੋਣੇ। ਕੋਲ਼ ਡਾਗਾਂ ਹੋਣੀਆਂ ਜਾਂ ਸੋਟੀਆਂ, ਟਕੂਏ, ਬਰਛੇ, ਦਾਤ, ਕ੍ਰਿਪਾਨਾਂ, ਵਗੈਰਾ। ਇਹ ਮੋਰ, ਹਿਰਣ, ਸੂਰ, ਗਿੱਦੜ, ਗੋਂਦਾਂ, ਸਹੇ, ਤਿੱਤਰ, ਬਟੇਰੇ ਆਦਿ ਦਾ ਸ਼ਿਕਾਰ ਕਰਦੇ। ਜੇ ਹਿਰਣ, ਸੂਰ ਜਾਂ ਗੋਂਦ ਦਾ ਸ਼ਿਕਾਰ ਕਰਦੇ; ਤਾਂ ਮਾਣ ਨਾਲ਼ ਦਸਦੇ, ਨਹੀਂ ਤਾਂ ਪੜਦੇ ਨਾਲ ਹੀ ਛਕ-ਛਕਾ ਜਾਂਦੇ। ਦੱਬ ਘੁੱਟ ਕੇ।

ਲ੍ਹੋਲੀ ਗੱਲਾਂ ਬੜੀਆਂ ਬਣਾ ਲੈਂਦਾ ਸੀ। ਪਸੂਆਂ ਨੂੰ ਗਾਲ੍ਹਾਂ ਕੱਢਣ ਦਾ ਇਹਦਾ ਭੰਡਾਰ ਬੜਾ ਵੱਡਾ ਸੀ। ਕਈ ਵਾਰ ਗਾਲ੍ਹ ਕੱਢਣ ਤੋਂ ਪਹਿਲਾਂ ਇਹ ਗਾਲ੍ਹ ਦੀਆਂ ਕਲਾਬਾਜ਼ੀਆਂ ਲਵਾਉਂਦਾ; ਬੁੱਚੀਆਂ ਪਵਾ ਲੈਂਦਾ। ਫਿਰ ਚੋਂਦੀਆਂ-ਚੋਂਦੀਆਂ ਰੰਗਦਾਰ ਗਾਲ੍ਹਾਂ ਦਾ ਮੀਂਹ ਵਰ੍ਹਾਉਂਦਾ। ਕਦੇ-ਕਦੇ ਅਣਹੋਣੀਆਂ ਨੂੰ ਹੋਣੀਆਂ ਬਣਾ ਕੇ ਪੇਸ਼ ਕਰਦਾ। ਕਈ ਵਾਰ ਅਸੀਂ ਇਹਦੀਆਂ ਦੱਸੀਆਂ ਮੰਨ ਵੀ ਜਾਂਦੇ। ਕੁੜੀਆਂ ਨਾਲ਼ ਵੀ ਆਵਦੇ

ਕਿੱਸੇ ਜੋੜ ਲੈਂਦਾ ਸੀ – ਭਾਵੇਂ ਗੱਲ ਬਣਦੀ ਨਹੀਂ ਸੀ ਦਿਸਦੀ। ਆਵਦੀਆਂ ਅਵੈੜ ਆਦਤਾਂ ਵੀ ਦੱਸਦਾ। ਇਹ ਸਾਰੀਆਂ ਮਨਘੜਤ ਗੱਲਾਂ ਸੀ। ਇਹਨੂੰ ਸੁੱਝਦੀਆਂ ਕਿੱਥੋਂ ਸੀ, ਇਹ ਜਾਣੇ ਜਾਂ ਇਹਦਾ ਰੱਬ ਜਾਣੇ।

ਲੋ੍ਹਲੀ ਵੀ ਸ਼ਿਕਾਰ ਖੇਲ੍ਹ ਲੈਂਦਾ ਸੀ। ਪਰ ਇਹਦੇ ਕੋਲ ਨਾ ਕੋਈ ਕੁੱਤਾ ਸੀ, ਨਾ ਹਥਿਆਰ। ਡੰਗਰਾਂ ਵਾਲ਼ੀ ਸੋਟੀ ਹੀ ਹੁੰਦੀ ਸੀ। ਇਹਨੂੰ ਝੱਲ ਦਾ ਗਿਆਨ ਹੀ ਬਥੇਰਾ ਸੀ। ਇਹ ਸਹਿ ਕੇ ਦੱਬਵੇਂ ਪੈਰੀਂ ਵਾਰ ਕਰਨ ਚ ਮਾਹਿਰ ਸੀ। ਪੈਰਾਂ ਦਾ ਖੜਾਕ ਨਾ ਹੋਣ ਦਿੰਦਾ। ਮੇਰੇ ਦੇਖਦੇ-ਦੇਖਦੇ ਇਹਨੇ ਕਿਸੇ ਬੂਝੇ ਚ ਮਲਕੜੇ ਜਿਹੇ ਹੱਥ ਪਾਉਣਾ ਤੇ ਪੂਛੋਂ ਸੈਹਾ ਫੜ ਲੈਣਾ। ਜਾਦੂਗਰ ਦੇ ਝੁਰਲੂ ਫੇਰਨ ਵਾਂਙੂ। ਸੈਹੇ ਨੇ ਛੁੱਟਣ ਨੂੰ ਤੜਫਣਾ। ਇਹਨੇ ਉੱਪਰ ਨੂੰ ਘੁੰਮਾ ਕੇ ਸੈਹਾ ਧਰਤੀ ਤੇ ਪਟਾਕ ਦੇਣੀ ਮਾਰਨਾ। ਦੇਖਦਿਆਂ-ਦੇਖਦਿਆਂ ਸੈਹਾ ਮਰ ਜਾਣਾ। ਸ਼ਿਕਾਰ ਜਿੱਤਿਆ ਜਾਣਾ। ਕਦੇ ਇਹਨੇ ਦੂਰੋਂ ਸਹਿਮਿਆਂ ਤਿੱਤਰ ਜਾਂ ਬਟੇਰਾ ਦੇਖ ਲੈਣਾ ਤੇ ਆਵਦੀ ਵਿੰਗ-ਤੜਿੰਗੀ ਸੋਟੀ ਐਸੀ ਸਿਸਤ ਲਾ ਕੇ ਮਾਰਨੀ ਕਿ ਦੋ ਦੋ ਤਿੱਤਰ-ਬਟੇਰੇ ਵੀ ਸੁੱਟ ਲੈਣੇ। ਇਹ ਗੱਲਾਂ ਸਾਨੂੰ ਕਰਾਮਾਤੀ ਵੀ ਲੱਗਦੀਆਂ ਸੀ। ਅਸੀਂ ਇਹਦੀ ਜੁਗਤ ਤੋਂ ਬਲਿਹਾਰੇ ਜਾਂਦੇ। ਜਿਵੇਂ ਇਹਦੇ ਹੱਥ ਚ ਕੋਈ ਜਾਦੂ ਸੀ। ਲੋਲ੍ਹੀ ਨੇ ਤਿੱਤਰ ਬਟੇਰ ਓਥੇ ਹੀ ਛਿੱਲ ਲੇਣੈ ਤੇ ਘਰ ਆ ਕੇ ਭੁੰਨ ਲੈਣੇ। ਜੇ ਸ਼ਿਕਾਰ ਸਵੇਰੇ ਸਵੇਰੇ ਹੀ ਅੜਿੱਕੇ ਆ ਜਾਣਾ, ਤਾਂ ਝੱਲ ਚ ਹੀ ਧੂਣੀ ਬਾਲ਼ ਭੁੰਨ ਕੇ ਛਕ ਜਾਣਾ।

ਅਸੀਂ ਵੀ ਗਰਮੀਆਂ ਦੀਆਂ ਛੁੱਟੀਆਂ ਨੂੰ ਵਾਗੀ ਬਣ ਜਾਣਾ – ਆਰਜ਼ੀ। ਆਨ੍ਹਰੇਰੀ। ਘਰ ਦਿਆਂ ਰੋਕਣਾ। ਕਹਿਣਾ: ਪੜ੍ਹਾਈ ਕਰਿਆ ਕਰੋ, ਤੁਹਾਡੇ ਕੰਮ ਆਊਗੀ। ਬੱਸ ਏਧਰ ਹੀ ਧਿਆਨ ਦਿਓ। ਪਰ ਅਸੀ ਕਿੱਥੇ ਟਲ਼ਣਾ। ਮੈਂ ਪਸ਼ੂਆਂ ਨੂੰ ਪਾਣੀ ਪਿਆਉਣ ਬਹਾਨੇ ਖੋਲ੍ਹਣਾ ਤੇ ਆਪੇ ਸੋਟੀਆਂ ਮਾਰ ਮਾਰ ਭਜਾ ਕੇ ਵੱਗ ਚ ਰਲ਼ਾ ਲੈਣੀਆਂ। ਵੱਗ ਚ ਰਲ਼ੇ ਪਸ਼ੂ ਕੱਢਣੇ ਔਖੇ ਵੀ ਸੀ ਹੁੰਦੇ ਤੇ ਅਸੀਂ ਕੱਢ ਕੇ ਖੁਸ਼ ਵੀ ਨਹੀਂ ਸੀ ਹੁੰਦੇ। ਬਹਾਨਾ ਇਹ ਬਣਾਉਣਾ ਕਿ ਪਸ਼ੂ ਆਪੇ ਭੱਜ ਕੇ ਵੱਗ ਚ ਰਲ਼ ਗਏ ਸੀ। ਫਿਰ ਸ਼ਾਮ ਨੂੰ ਹੀ ਮੁੜਣਾ। ਮੇਰੀ ਦਾਦੀ ਨੇ ਲੱਭਦੇ ਫਿਰਨਾ। ਲੋ੍ਹਲੀ ਦੀਆਂ ਸਿਵਿਆਂ-ਚੁੜੇਲਾਂ ਦੀਆਂ ਗੱਲਾਂ ਸੁਣ-ਸੁਣ ਮੈਂ ਡਰ ਜਾਣਾ। ਰਾਤ ਨੂੰ ਉੱਭੜ-ਉੱਭੜ ਉੱਠਣਾ। ਮਾਂ ਤੇ ਦਾਦੀ ਨੇ ਫ਼ਿਕਰ ਕਰਨਾ। ਮੁੜ ਕੇ ਝੱਲ ਨੂੰ ਨਾ ਜਾਣ ਦੀ ਹਦਾਇਤ ਕਰਨੀ। ਸਵੇਰੇ ਗੁਰਦੁਆਰੇ ਮੱਥਾ ਜਾ ਟਿਕਾਉਣਾ। ਸੰਤਾਂ ਨੇ ਸਿਰ ਤੇ ਚੌਰ ਫੇਰਨਾ; ਪਿੰਡੇ ਤੇ ਵੀ। ਮੈਂ ਮੁੜ ਝੱਲ ਚ ਨਾ ਜਾਣ ਦੀ ਸਹੁੰ ਖਾਣੀ। ਪਰ ਮੈਥੋਂ ਰਿਹਾ ਫਿਰ ਨਾ ਜਾਣਾ।

ਹੁਣ ਨਾ ਹਿਰਣ ਨੇ, ਨਾ ਮੋਰ। ਸੂਰਾਂ, ਗੋਂਦਾਂ ਤੇ ਗਿੱਦੜਾਂ ਦੀ ਤਾਂ ਗੱਲ ਹੀ ਛੱਡੋ। ਨਾ ਵੱਗ ਨੇ, ਨਾ ਵਾਗੀ। ਸਾਰਾ ਝੱਲ ਵਾਹੀ ਵਾਲ਼ੀ ਜ਼ਮੀਨ ਹੋ ਗਿਆ ਹੈ। ਮੋਟਰਾਂ ਲੱਗੀਆਂ ਹੋਈਆਂ। ਲੋਕਾਂ ਖੂਹਾਂ ’ਤੇ ਵਸੋਂ ਕੀਤੀ ਹੋਈ ਹੈ। ਮਹੱਲ ਪਾਏ ਹੋਏ ਨੇ। ਝੱਲ ਦਾ ਨਾਂ ਨਿਸ਼ਾਨ ਨਹੀਂ।•

# ਕਤਲ ਕੇਸ

ਸਾਡੇ ਘਰ ਦਾ ਮਹੌਲ ਪੈੜ ’ਚ ਪੈੜ ਰੱਖ ਕੇ ਤੁਰਨ ਦਾ ਰਿਹਾ ਹੈ। ਮੇਰਾ ਤਾਇਆ ਟੱਬਰ ਚੋਂ ਪਹਿਲਾ ਆਕੀ ਹੋਇਆ ਬੰਦਾ ਸੀ। ਇਹਨੇ ਬਹੁਤੇ ਕੰਮ ਗੁਰਮੁਖ ਬਾਬੇ ਦੀ ਮਰਜ਼ੀ ਦੇ ਉਲ਼ਟ ਕੀਤੇ। ਬਾਬੇ ਲਈ ਨਿਮੋਸ਼ੀ ਵਾਲ਼ੇ। ਨਹੀਂ ਤਾਂ ਪਹਿਲਾਂ ਸਾਰੇ ਬਾਬੇ ਦੀ ਸੁਰ ’ਚ ਸੁਰ ਰਲ਼ਾਉਂਦੇ ਰਹੇ ਤੇ ਫਿਰ ਮੇਰੇ ਬਾਪ ਦੀ। ਦਾਦੀ ਤੇ ਤਾਏ ਨੂੰ ਛੱਡ ਕੇ ਮੇਰਾ ਬਾਪ ਸਭ ਨੂੰ ਘੂਰ ਲੈਂਦਾ ਸੀ। ਸਾਰੇ ਇਹਦੇ ਕਹਿਣੇ ’ਚ ਰਹੇ ਸੀ। ਸੱਭੋ ਮੇਰੇ ਬਾਪ ਤੋਂ ਝਿੰਵਦੇ ਸੀ; ਰਿਸ਼ਤੇਦਾਰ ਵੀ। ਵੱਡੇ ਵੀ ਇਹਦੀ ਕੀਤੀ ਮੋੜਨ ਦਾ ਹੀਆ ਨਹੀਂ ਸੀ ਕਰਦੇ।

1968 ’ਚ ਮੈਂ ਪਿੰਡ ਦੇ ਮਿਡਲ ਸਕੂਲੇ ਚੜ੍ਹਿਆ ਈ ਸੀ, ਜਦੋਂ ਨਕਸਲਬਾੜੀ ਦਾ ਨਾਂ ਪਹਿਲੀ ਵਾਰ ਸੁਣਿਆ ਸੀ। ਪਰ ਮੈਨੂੰ ਪਤਾ ਬਿਲਕੁਲ ਨਹੀਂ ਸੀ, ਕਿ ਇਹ ਕੀ ਬਲਾ ਸੀ। ਪਿੰਡਾਂ ਵੱਲ ਦੇ ਅੱਧਪੜ੍ਹ ਮਾਰਕਸੀਏ ਕਾਮਰੇਡ, ਨਕਸਲਬਾੜੀ ਨੂੰ ਘਰੋੜ ਘਰੋੜ ਕੇ ‘ਨਿਕਸੱਲ ਬੱਾਡੀਜ਼’ ਸੱਦਿਆ ਕਰਦੇ ਸੀ। ਉਸ ਉਮਰੇ ਮੈਨੂੰ ਤਾਂ ਭਲਾ ਇਹਦੀ ਕੀ ਸਮਝ ਹੋਣੀਂ ਸੀ। ਜਦੋਂ ਤਾਈਂ ਅਸੀਂ ਕਾਲਜ ਪਹੁੰਚੇ ਏਸੇ ‘ਨਿਕਸੱਲ ਬੱਾਡੀਜ਼’ ਲਹਿਰ ਦੇ ਭਾਂਬੜ ਦੀਆਂ ਲਾਟਾਂ ਬਹੁਤ ਵੱਡੀਆਂ ਹੋ ਗਈਆਂ ਸੀ। ਚੜ੍ਹਦੀ ਜਵਾਨੀ ਲਈ ਇਹਦੇ ਪ੍ਰਭਾਵ ਤੋਂ ਬਚਣਾ ਸੌਖਾ ਨਹੀਂ ਸੀ।

ਕਾਲਜ ਵੜਦਿਆਂ ਨੂੰ ਸਟੂਡੈਂਟ ਐਜੀਟੇਸ਼ਨ ਪੂਰੀ ਤਰ੍ਹਾਂ ਭਖਿਆ ਹੋਇਆ ਸੀ। ਚੜ੍ਹਦੀ ਮਾਲੀ ਪੇਂਡੂ ਮੁੰਡੇ ਇਹਦੇ ਅਸਰ ਤੋਂ ਭਲਾ ਕਿਵੇਂ ਬਚ ਸਕਦੇ। ਕਾਮਰੇਡਾਂ ਦੇ ਜਲਸਿਆਂ ਪਿੱਛੇ ਜ਼ਿੰਦਾਬਾਦ-ਮੁਰਦਾਬਾਦ ਤਾਂ ਮੈਂ ਪਹਿਲਾਂ ਹੀ ਕਰਦਾ ਸੀ। ਮੈਂ ਭਾਵੁਕਤਾ ਵਸ ਮਨੋਂ ਮਨੀਂ ਪੂਰੀ ਤਰ੍ਹਾਂ ਇਨ੍ਹਾਂ ਨਾਲ਼ ਸੀ। ਇਹ ਮੇਰੇ ਹੀਰੋ ਸੀ। ਲੋਕਾਂ ਦੇ ਭਲੇ ਦੀ ਸੋਚਣ ਵਾਲ਼ੇ ਬੇਗ਼ਰਜ਼ ਸੱਚੇ ਸੁੱਚੇ ਹੀਰੇ। ਬੇਦਾਗ਼। ਮੇਰੇ ਮਨ ’ਚ ਇਨ੍ਹਾਂ ਲਈ ਬੜਾ ਮਾਣ ਸਤਿਕਾਰ ਸੀ। 1971 ਚ ਮਾਰਕਸੀ ਪਾਰਟੀ ਦੀ ਇੱਕੀਵੀਂ ਕੁਲ ਹਿੰਦ ਕਿਸਾਨ ਕਾਨਫਰੰਸ ਹੋਈ ਸੀ। ਮੰਜਕੀ ਦੇ ਮਸ਼ਹੂਰ ਪਿੰਡ ਰੁੜਕੇ। ਮੈਂ ਉਦੋਂ ਸਕੂਲੇ ਹੀ ਪੜ੍ਹਦਾ ਸੀ, ਨੌਂਵੀ-ਦਸਵੀਂ ਚ। ਪਰ ਘਰਦਿਆਂ ਦੀ ਮਰਜ਼ੀ ਦੇ ਉਲ਼ਟ, ਮੈਂ ਰੁੜਕੇ ਜਾ ਕੇ ਆਇਆ ਸੀ – ਬੜੇ ਚਾਅ ਨਾਲ਼। ਇਥੇ ਮੈਂ ਵੱਡੇ ਵੱਡੇ ਮਾਰਕਸੀ ਲੀਡਰਾਂ ਨੂੰ ਵੀ ਸੁਣ ਆਇਆ ਸੀ। ਸਣੇ ਏ ਕੇ ਗੋਪਾਲਨ ਦੇ। ਇਹਨੇ ਸਾਰਾ ਭਾਸ਼ਨ ਅੰਗਰੇਜ਼ੀ ਚ ਕੀਤਾ ਸੀ। ਫਰਾਟੇਦਾਰ ਅੰਗਰੇਜ਼ੀ ਭਾਸ਼ਣ ਦਾ ਮੇਰੇ ਤੇ ਜਾਦੂ ਵਰਗਾ ਅਸਰ ਹੋਇਆ ਸੀ। ਪਰ ਸਮਝ ਮੈਨੂੰ ਰਤਾ ਨਹੀਂ ਸੀ ਪਿਆ। ਉਦੋਂ ਇਹਦੀ ਅੰਗਰੇਜ਼ੀ ਦਾ ਹੀ ਅਸਰ ਪਿਆ ਸੀ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਭਾਸ਼ਨ ਨੂੰ ਨਾਲ਼ੋ ਨਾਲ਼ ਪੰਜਾਬੀ ਚ ਸੁਣਾਈਂ ਗਿਆ ਸੀ। ਏ ਕੇ ਗੋਪਾਲਨ ਦੀ ਵਡੱਤਣ ਦਾ ਤਾਂ ਮੈਨੂੰ ਕਿਤੇ ਬਾਅਦ ਜਾ ਕੇ ਪਤਾ ਲੱਗਾ। ਕਾਨਫਰੰਸ ਕਾਹਦੀ, ਇਹ ਕਾਮਰੇਡਾਂ ਦਾ ਵੱਡਾ ਜਸ਼ਨ-ਮੇਲਾ ਸੀ। ਦੂਰੋਂ-ਦੂਰੋਂ ਆਏ ਹੋਏ ਸੀ ਕਾਮਰੇਡ ਲੋਕ – ਬੰਗਾਲ ਤੋਂ ਵੀ, ਕੇਰਲਾ ਤੋਂ ਵੀ ਤੇ ਹੋਰ ਥਾਵਾਂ ਤੋਂ ਵੀ। ਏਡਾ ਵੱਡਾ ’ਕੱਠ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਲਾਲ ਪਰਚਮਾਂ ਦਾ ਠਾਠਾਂ ਮਾਰਦਾ ਹਜੂਮ। ਏਨੇ ਲੋਕ ਤਾਂ ਕੁਛ ਵੀ ਕਰ ਸਕਦੇ ਸੀ। ਉਹ ਵੀ ਪੂਰੀ ਤਰ੍ਹਾਂ ਜੱਥੇਬੰਦ। ਮਜਾਲ ਐ ਕੋਈ ਰਤਾ ਭੋਰਾ ਵੀ ਬਦਮਗ਼ਜ਼ੀ ਹੋਵੇ। ਮੇਰਾ ਕਾਮਰੇਡਾਂ ਨਾਲ਼ ਹੋਰ ਨੇੜ ਵਧ ਜਾਣਾ ਕੁਦਰਤੀ ਸੀ।

ਅਜੇ ਕਾਲਜ ਗਏ ਨੂੰ ਮਸਾਂ ਦੋ ਤਿੰਨ ਮਹੀਨੇ ਹੋਏ ਸੀ ਕਿ ਮੋਗਾ ਗੋਲੀ ਕਾਂਡ ਹੋ ਗਿਆ। ਨਕੋਦਰ ਕਾਲਜ ਨੇ ਵੀ ਜਲੂਸ ਕੱਢਿਆ। ਮੈਂ ਆਵਦੇ ਸਕੂਲ ਦੇ ਅੱਠ ਦਸ ਮੁੰਡਿਆਂ ਨੂੰ ਪੱਟ ਕੇ ਜਲੂਸ ’ਚ ਲੈ ਗਿਆ ਸੀ। ਇਹ ਮੇਰਾ ਪ੍ਰਭਾਵ ਮੰਨਦੇ ਸੀ। ਮੈਂ ਉਨ੍ਹਾਂ ਦਾ ਘੜੰਮ ਲੀਡਰ ਬਣ ਬੈਠਾ ਸੀ। ਇਨ੍ਹਾਂ ਜੁਗਤਾਂ ਦਾ ਨਾ ਮੈਨੂੰ ਪਤਾ ਸੀ, ਨਾ ਸਮਝ। ਮੈਂ ਇਹਨੂੰ ਖ਼ਾਲਾ ਜੀ ਦਾ ਵਾੜਾ ਹੀ ਸਮਝੀ ਬੈਠਾ ਸੀ। ਅਸੀਂ ਪੂਰੇ ਜ਼ੋਰ ਨਾਲ਼ ਨਾਹਰੇ ਮਾਰਦੇ ਸਾਂ। ਪੁਲਸ ਨੇ ਜੁਗਤ ਨਾਲ਼ ਜਲੂਸ ਨੂੰ ਦਾਣਾ ਮੰਡੀ ਚ ਵਾੜ ਲਿਆ ਸੀ ਤੇ ਦੋਵੇਂ ਪਾਸਿਓਂ ਗੇਟ ਬੰਦ ਕਰ ਲਏ ਸੀ। ਜਦੋਂ ਪੁਲਸ ਨੇ ਮੰਡੀ ਚ ਘੇਰ ਕੇ ਡਾਂਗਾਂ ਵਰ੍ਹਾਈਆਂ, ਤਾਂ ਪਤਾ ਲੱਗਾ ਕਿ ਕੀ ਭਾਅ ਵਿਕਦੀ ਆ। ਸੱਭ ਤਿਤਰ-ਬਿਤਰ ਹੋ ਗਏ। ਭੱਜਦਿਆਂ ਨੂੰ ਰਾਹ ਨਾ ਲੱਭੇ, ਲੁਕਦਿਆ ਨੂੰ ਥਾਂ। ਨਾ ਪਿੰਡ ਵਾਲ਼ੇ ਮੁੰਡਿਆਂ ਨੂੰ ਮੇਰੀ ਖ਼ਬਰ ਸੀ ਕਿ ਮੈਂ ਕਿੱਥੇ ਸੀ, ਨਾ ਮੈਨੂੰ ਉਨ੍ਹਾਂ ਦੀ। ਬੱਸ ਆਪੋ-ਧਾਪੀ ਪੈ ਗਈ ਸੀ।

ਹਰ ਪਾਸੇ ਨਕਸਲਬਾੜੀ ਨਕਸਲਬਾੜੀ ਹੋਈ ਜਾ ਰਹੀ ਸੀ। ਨੈਸ਼ਨਲ ਕਾਲਜ ਨਕੋਦਰ ਉਨ੍ਹਾਂ ਕਾਲਜਾਂ ’ਚ ਸੀ, ਜਿੱਥੇ ਇਹਦਾ ਜ਼ੋਰ ਮੰਨਿਆ ਜਾਂਦਾ ਸੀ। ਉਦੋਂ ਲਾਲਾ ਜਗਤ ਨਾਰਾਇਣ ਆਵਦੀਆਂ ਅਖ਼ਬਾਰਾਂ ’ਚ ਖ਼ਬਰਾਂ ਲਾਉਂਦਾ ਹੁੰਦਾ ਸੀ: ਨਕੋਦਰ ਨਕਸਲੀਓਂ ਕਾ ਅੱਡਾ ਬਨਤਾ ਜਾ ਰਹਾ ਹੈ। ਸਰਕਾਰ ਨੇ ਬਹੁਤ ਸਾਰੇ ਕਾਲਜ ਬੰਦ ਕਰ ਦਿੱਤੇ ਸੀ। ਸਟੂਡੈਂਟ ਲੀਡਰ ਚੱਕ ਕੇ ਜੇਲੀਂ ਡੱਕ ਦਿੱਤੇ ਸੀ। ਮਾਰਕਸੀ ਪਾਰਟੀ ਤੇ ਸੀ ਪੀ ਆਈ ਦੇ ਲੀਡਰ ਵੀ। ਇਨਾਮਾਂ ਫੀਤਿਆਂ ਵੱਟੇ ਝੂਠੇ ਮੁਕਾਬਲਿਆਂ ਦਾ ਭਰ ਪੈ ਗਿਆ ਸੀ। ਹਰ ਵੇਲ਼ੇ ਪੁਲਸ ਕੁੱਤੇ ਸੂਹ ਚ ਰਹਿੰਦੀ ਸੀ। ਜਵਾਨ ਮੁੰਡਿਆਂ ਦੇ ਘਰਦਿਆਂ ਦੇ ਸਾਹ ਸੂਤੇ ਰਹਿੰਦੇ। ਸਹਿਮੇ ਹੋਏ ਬਹੁਤੇ ਲੁਕ ਕੇ ਘਰੀਂ ਬਹਿ ਗਏ ਸੀ। ਕੁਝ ਉਰ੍ਹੇ ਪਰ੍ਹੇ ਹੋ ਗਏ ਸੀ ਜਾਂ ਅੰਡਰਗਰਾਂਊਂਡ ਹੋ ਗਏ ਸੀ।

ਵੇਲ਼ੇ ਕੁਵੇਲ਼ੇ ਜਦੋਂ ਕਿਤੇ ਘਰ ਦਾ ਬੂਹਾ ਖੜਕਣਾ, ਮੇਰੇ ਡਰੇ ਹੋਏ ਮਾਂ ਬਾਪ ਪਹਿਲਾਂ ਮੈਨੂੰ ਅੰਦਰ ਲੁਕਾਉਂਦੇ, ਫਿਰ ਬੂਹਾ ਖੋਲ੍ਹਦੇ। ਲੋਕਾਂ ਨੇ ਸੱਚ ਜਾਣ ਲਿਆ ਸੀ ਕਿ ਪੁਲਸ ਨੂੰ ਤਰੱਕੀਆਂ ਦਾ ਲਾਲਚ ਸੀ। ਹੁਣ ਮੌਕਾ ਇਨ੍ਹਾਂ ਦੇ ਹੱਥ ਸੀ – ਵਗਦੀ ਗੰਗਾ ਚ ਹੱਥ ਧੋਣ ਦਾ। ਇਹ ਜੁਆਨੀ ਦੇ ਝੂਠੇ ਮੁਕਾਬਲੇ ਬਣਾਈ ਜਾਂਦੀ ਸੀ। ਬੱਸ ਬਹਾਨੇ ਹੀ ਭਾਲ਼ਦੀ ਸੀ।

ਏਸੇ ਦੌਰਾਨ ਮੈਂ ਅਣਜਾਣਪੁਣੇ ਚ ਲੁਕ-ਲੁਕਾ ਕੇ ਅੰਦਰੋ-ਅੰਦਰੀ ਨਕਸਲਬਾੜੀ ਲਹਿਰ ਦੀ ਮਦਦ ਕਰਨ ਲੱਗ ਪਿਆ ਸੀ। ਅੰਦਰ ਕੋਈ ਭਾਂਬੜ ਮਚੀ ਜਾਂਦਾ ਸੀ, ਜਿਹੜਾ ਠੰਢਾ ਹੋਣ 'ਚ ਨਹੀਂ ਸੀ ਆਉਂਦਾ। ਇਹ ਰੁੱਤ ਸਿਖਰ ਦੇ ਸ਼ਹੀਦੀ ਰੋਮਾਂਚ ਦੀ ਸੀ। ਕਈਆਂ ਨੂੰ ਇਹਦੀ ਖ਼ੁਮਾਰੀ ਚੜ੍ਹੀ ਹੋਈ ਸੀ। ਤਾਂ ਵੀ ਕਾਲਜ ਦਾ ਪਹਿਲਾ ਸਾਲ ਸੁੱਖ-ਸਬੀਲੀ ਨਾਲ਼ ਨਿਕਲ ਗਿਆ ਸੀ। ਅਗਲੀ ਜਮਾਤੇ ਵੀ ਚੜ੍ਹ ਗਿਆ ਸਾਂ। ਪਰ ਅੰਦਰ ਲੱਗੀ ਇਨਕਲਾਬ ਦੀ ਅੱਗ ਕਿੱਦਾਂ ਮੱਠੀ ਹੋਵੇ। ਇਨਕਲਾਬ ਦੇ ਜਿਹੜੇ ਸੁਪਨੇ ਚੜ੍ਹਦੀ ਜੁਆਨੀ ਨੇ ਕਿਆਸੇ ਸਨ, ਪੂਰੇ ਨਾ ਹੁੰਦੇ ਦਿਸਣ। ਮੈਨੂੰ ਤਾਂ ਅਬੀ ਤੋ ਤਬੀ ਇਨਕਲਾਬ ਚਾਹੀਦਾ ਸੀ – ਹੁਣੇ ਹੀ। ਤੇ ਇਹ ਊਠ ਦਾ ਬੁੱਲ੍ਹ ਬਣਿਆ ਹੋਇਆ ਸੀ। ਨਿਰਾਸਤਾ ਦਾ ਪੂਰਾ ਆਲਮ ਤਾਰੀ ਸੀ। ਚਾਰ ਚੁਫ਼ੇਰੇ ਬਗ਼ਾਵਤ ਦਾ ਮਹੌਲ ਸੀ। ਮੈਂ ਅਪਣੇ ਆਪ ਹੀ ਕੰਧਾਂ 'ਤੇ ਨਾਹਰੇ ਲਿਖਣੇ ਸ਼ੁਰੂ ਕਰ ਦਿੱਤੇ – ਮੁਰਦਾਬਾਦ, ਜ਼ਿੰਦਾਬਾਦ। ਆਵਦੇ ਲਿਖੇ ਨਾਹਰਿਆਂ ਨੂੰ ਦੇਖ ਕੇ ਮੈਂ ਅੰਦਰੋ ਅੰਦਰੀ ਖੁਸ਼ ਹੁੰਦਾ ਸੀ। ਮੈਂ ਇਨ੍ਹਾਂ ਨੂੰ ਹਥਿਆਰਾਂ ਵਾਂਗ ਚਲਦੇ ਦੇਖਣ ਦਾ ਭਰਮ ਪਾਲ਼ੀ ਬੈਠਾ ਸੀ। ਫਿਰ ਮੈਨੂੰ ਹੈਰਾਨੀ ਵੀ ਹੋਣੀ ਬਈ ਇਨ੍ਹਾਂ ਦਾ ਰਾਤੋ-ਰਾਤ ਅਸਰ ਕਿਉਂ ਨਹੀਂ ਹੁੰਦਾ। ਮੈਂ ਤਾਂ ਹੱਥਾਂ ਤੇ ਸਰੋਂ ਜੰਮੀ ਦੇਖਣੀ ਚਾਹੁੰਦਾ ਸੀ।

1974 ਦੇ ਦਿਨ ਸੀ। ਮਾਰਚ ਅਪਰੈਲ ਦੇ ਮਹੀਨੇ। ਕਣਕਾਂ ਪੱਕਣ 'ਤੇ ਆਈਆਂ ਹੋਈਆਂ ਸੀ। ਇਮਤਿਹਾਨ ਵੀ ਸਿਰ 'ਤੇ ਸੀ। ਪੇਪਰਾਂ ਦੀ ਤਿਆਰੀ 'ਚ ਲੱਗੇ ਹੋਏ ਸੀ। ਇਮਤਿਹਾਨਾਂ ਦਾ ਫ਼ਿਕਰ ਵੀ ਸੀ। ਫਰੱਸਟ੍ਰੇਸ਼ਨ ਵੀ ਮੱਠੀ ਨਾ ਹੋਵੇ। ਮੈਂ ਇਹ ਗੁੱਸਾ ਹੋਰ ਤਰ੍ਹਾਂ ਕੱਢਿਆ। 'ਵੱਡਾ ਇਨਕਲਾਬੀ' ਮਾਅਰਕਾ ਮਾਰਿਆ। ਚੁੱਪ-ਚੁਪੀਤੇ ਨੇ ਜਾ ਕੇ ਨਾਈ ਤੋਂ ਸਿਰ ਮੁਨਾ ਲਿਆ। ਸੋਚਿਆ ਵੀ ਬਾਅਦ ਵਿਚ ਈ, ਬਈ ਘਰ ਕਿੱਦਾਂ ਜਾਣਾ। ਡਰ ਤਾਂ ਲੱਗਣਾ ਸੀ। ਮੈਂ ਰਾਤ ਨੂੰ ਪੜ੍ਹਦੇ ਪੜ੍ਹਦੇ ਨੇ ਸਾਰਿਆਂ ਤੋਂ ਬਾਅਦ ਚ ਸੌਣਾ ਤੇ ਸੱਭ ਤੋਂ ਪਹਿਲਾਂ ਉੱਠ ਕੇ ਨਵੇਂ ਮੋਨੇ ਹੋਏ ਸਿਰ 'ਤੇ ਫਿਰ ਪੱਗ ਸਜਾ ਲੈਣੀ। ਘਰੋਂ ਵੀ ਕਿਸੇ ਨੂੰ ਨਾ ਖੁੜਕੀ; ਬਈ ਭਰ ਗਰਮੀਆਂ 'ਚ ਵੀ ਇਮਤਿਹਾਨਾਂ ਦੇ ਦਿਨੀਂ ਇਹ ਸਵੇਰੇ ਹੀ ਉੱਠ ਕੇ ਪੱਗ ਕਿਉਂ ਬੰਨ੍ਹ ਲੈਂਦਾ ਹੈ। ਹਫ਼ਤਾ ਦੋ ਹਫ਼ਤੇ ਏਦਾਂ ਹੀ ਨਿਕਲ਼ ਗਏ। ਨਾ ਕਿਸੇ ਨੂੰ ਪਤਾ ਈ ਲੱਗਾ ਤੇ ਨਾ ਹੀ ਖੁੜਕੀ ਕਿ ਵਿੱਚੋਂ ਗੱਲ ਕੀ ਹੈ। ਚੋਰੀ ਦੇ ਪੁੱਤ ਗੱਭਰੂ ਕਦ ਹੋਣੇ ਸੀ। ਅਖ਼ੀਰ ਪਤਾ ਲੱਗਣਾ ਈ ਸੀ; ਲੱਗ ਗਿਆ।

ਮੇਰੀ ਦਾਦੀ ਖੁਸ਼ ਸੀ। ਉਹਨੇ ਮੇਰੇ ਮੋਨੇ ਸਿਰ 'ਤੇ ਹੱਥ ਫੇਰਿਆ। ਫਿਰ ਗਿੱਚੀ 'ਤੇ। ਕਹਿੰਦੀ: ਭੋਰਾ ਕੁ ਧੌਣ 'ਤੇ ਏਨੇ ਭਾਰੇ ਕੇਸ ਲਈ ਫਿਰਦਾ ਸੀ। ਉੱਤੋਂ ਟੋਕਰੇ ਜਿੱਡੀ ਪੱਗ ਰੱਖੀ ਫਿਰਦਾ ਸੀ। ਐਈਨਾ ਭਾਰ ਚੁੱਕੀ ਫਿਰਦਾ ਸੀ, ਤਾਂ ਹੀ ਤਾਂ ਵੱਧਦਾ ਫੁੱਲਦਾ ਨਹੀਂ ਸੀ। ਉੱਤੋਂ ਰਾਤ ਦਿਨ ਕਿਤਾਬਾਂ ਨਾਲ਼ ਮਗ਼ਜ਼ ਮਾਰਦਾ ਰਹਿਨਾਂ। ਲੈ, ਹੁਣ ਤੇਰੀ ਧੌਣ ਮੋਟੀ ਹੋਊਗੀ। ਔਹ ਲਿਆ ਤੇਲ ਚੁੱਕ ਕੇ, ਤੇਰੇ ਸਿਰ 'ਚ ਝੱਸਾਂ, ਜਰਾ ਡਮਾਕ ਨੂੰ ਤਰੌਤ ਹੋਵੇ। ਇਹ ਇੱਕ ਤਰ੍ਹਾਂ ਦਾ ਮੈਨੂੰ ਧਰਵਾਸ ਈ ਸੀ, ਬਈ ਸ਼ਾਇਦ ਮੇਰਾ ਡਰ ਝੂਠਾ ਸੀ। ਮੈਂ ਸੋਚਿਆ ਖ਼ਤਰਾ ਟਲ਼ ਗਿਆ। ਹੁਣ ਕਿਸੇ ਨੇ ਕੁਝ ਨਹੀਂ ਕਹਿਣਾ। ਅੰਦਰੋਂ ਪਤਾ ਨਹੀਂ ਦਾਦੀ ਕਿੰਨੀ ਕੁ ਖ਼ੁਸ਼ ਸੀ।

ਮੇਰੀ ਮਾਂ ਨੂੰ ਰੋਸਾ ਵੀ ਸੀ। ਉਹ ਰੋਣਹਾਕੀ ਹੋਈ ਫਿਰਦੀ ਸੀ। ਕਹਿੰਦੀ: ਵੇ ਪੁੱਤਾ, ਮੈਂ ਏਨੀ ਮਿਹਨਤ ਨਾਲ਼ ਪਾਲ਼ਦੀ ਰਹੀ, ਤਾਂ ਕਿਤੇ ਜਾ ਕੇ ਏਡੇ ਏਡੇ ਹੋਏ ਸੀ। ਮੈਂ ਦਹੀਂ ਪਾ ਪਾ ਕੇ ਨੁਹਾਉਂਦੀ ਰਹੀ। ਮੀਢੀਆਂ ਕਰਦੀ ਰਹੀ। ਮੈਨੂੰ ਪੁੱਛ ਤਾਂ ਲੈਂਦਾ। ਮਾਂ ਨੇ ਬਹੁਤਾ ਬਾਬ੍ਹਰ ਕੇ ਤਾਂ ਕੀ ਕਹਿਣਾ ਸੀ। ਆਖ਼ਰਕਾਰ ਮੋਹਰੇ ਸਰਫ਼ੇ ਦਾ ਪੁੱਤ ਸੀ। ਵਾਲ਼ ਤਾਂ ਫਿਰ ਆ ਸਕਦੇ ਸੀ। ਸਾਰੀ ਉਮਰ ਮੇਰੀ ਮਾਂ ਨੂੰ ਵੱਡਾ ਰੰਜ ਏਸ ਗੱਲ ਦਾ ਰਿਹਾ ਕਿ ਜੇ ਮੈਂ ਵਾਲ਼ ਕਟਾ ਹੀ ਲਏ ਸੀ ਤਾਂ ਨਾਈ ਦੇ ਕਿਉਂ ਛੱਡ ਆਇਆ ਸੀ। ਘਰ ਕਿਉਂ ਨਹੀਂ ਲੈ ਕੇ ਆਂਦੇ। ਲਾਗੇ ਬੰਨੇ ਦੀਆਂ ਬੀਬੀਆਂ, ਮਾਂ ਨੂੰ ਚੰਗੀਆਂ-ਮਾੜੀਆਂ ਗੱਲਾਂ ਦਸਦੀਆਂ ਰਹਿੰਦੀਆਂ ਸੀ। ਮਾਂ ਇਨ੍ਹਾਂ ਦੀਆਂ ਗੱਲਾਂ ਚ ਆ ਜਾਂਦੀ ਸੀ। ਦੋ ਹਫਤੇ ਬਾਅਦ ਵੀ ਮਾਂ ਕਹਿੰਦੀ ਰਹੀ ਸੀ: ਜਾਹ ਨਾਈ ਨੂੰ ਪੁੱਛ ਕੇ ਆ, ਜੇ ਉਹਨੇ ਵਾਲ਼ ਅਜੇ ਸਿੱਟੇ ਨਹੀਂ ਤਾਂ, ਘਰੇ ਲੈ ਆ। ਮਾਂ ਦਾ ਧੁੜਕੂ ਹੋਰ ਗੱਲੋਂ ਵੀ ਸੀ ਕਿ ਬਾਪ ਦਾ ਨਿੱਤ ਦਾ ਕਲੇਸ਼ ਹੋਰ ਦਾ ਹੋਰ ਪੁਆੜਾ ਵੀ ਖੜ੍ਹਾ ਕਰ ਸਕਦਾ ਸੀ।

ਤਾਇਆ ਖੁਸ਼ ਸੀ। ਹੋਣਾ ਈ ਸੀ। ਉਹ ਆਪ ਵੀ ਤਾਂ ਇਹੀ ਕੁਝ ਕਰ ਚੁੱਕਿਆ ਸੀ। ਪਰ ਮੇਰੇ ਬਾਪ ਨੂੰ ਸੱਭ ਤੋਂ ਵੱਧ ਗੁੱਸਾ ਸੀ। ਇਹਦੇ ਭਾਣੇ ਮੈਂ ਕੋਈ ਵੱਡਾ ਪਾਪ ਕੀਤਾ ਸੀ। ਬੜਾ ਚਿਰ ਬਾਪ ਨੇ ਮੇਰੀ ਏਸ 'ਕਰਤੂਤ' ਨੂੰ ਮੁਆਫ਼ ਨਹੀਂ ਸੀ ਕੀਤਾ। ਮਹੀਨਾ ਭਰ ਘਰ ਚ ਘੈਂਸ-ਘੈਂਸ ਹੁੰਦੀ ਰਹੀ ਸੀ। ਮਹਾਂਭਾਰਤ ਚਲਦਾ ਰਿਹਾ। ਬਾਪ ਕਹੇ: ਤੂੰ ਸਾਡਾ ਧਰਮ ਭਰਿਸ਼ਟ ਕਰ 'ਤਾ। ਮੈਂ ਪੁੱਛਦਾਂ, ਇਹ ਤੈਨੂੰ ਕਹਿੰਦੇ ਕੀ ਸੀ। ਮੈਨੂੰ ਦੱਸ ਜਰਾ, ਇਹ ਤੈਨੂੰ ਦੰਦੀਆਂ ਵੱਢਦੇ ਸੀ। ਜਾਹ ਦਫਾ ਹੋ ਜਾਹ, ਜਿੱਥੇ ਜਾਣਾ। ਹੁਣ ਕੀ ਕਰਦਾਂ ਏਥੇ, ਨਿਕਲ਼ ਜਾਹ ਏਥੋਂ। ਜਾਹ ਭਰਵੱਟੇ ਵੀ ਮੁਨਾ ਕੇ ਆ। ਬਾਪ ਨੂੰ ਵੱਡੀ ਨਮੋਸ਼ੀ ਹੋਈ ਸੀ। ਮੇਰਾ ਬਾਪ ਕਾਮਰੇਡਾਂ ਨੂੰ ਵੀ ਬੁਰਾ ਭਲਾ ਕਹਿੰਦਾ ਸੀ: ਦੇਖੋ ਤਾਂ ਵੱਡੇ ਇਨਕਲਾਬੀ। ਚੱਕੇ ਹੋਏ ਇਨਕਲਾਬਾਂ ਦੇ। ਉਏ ਜੱਦਿਓ ਕਿਸੇ ਥਾਂ ਦਿਓ, ਵਾਲ਼ ਕਟਾ ਕੇ ਇਨਕਲਾਬ ਬਹੁਤੇ ਛੇਤੀ ਆਉਣੇ ਆਂ। ਇਨ੍ਹਾਂ ਪੁੱਠੇ ਕੰਮਾਂ ਕਰਕੇ ਤਾਂ ਕੋਈ ਤੁਹਾਡੇ ਨਾਲ਼ ਤੁਰਕੇ ਰਾਜੀ ਨਹੀਂ।

ਤਾਏ ਤੋਂ ਬਾਅਦ ਪਹਿਲੀ ਵੇਰ ਘਰ 'ਚ ਕਿਸੇ ਨੇ ਕੇਸ ਕਟਾਏ ਸੀ। ਬਾਪ ਨਾਲ਼ ਬੋਲ ਚਾਲ ਵਾਲੇ ਵੀ ਇਹਨੂੰ ਨੂੰ ਤੁੱਖਣਾ ਦੇਈ ਰੱਖਦੇ ਸੀ। ਉਹ ਕਹਿੰਦੇ: ਦੇਖ ਯਾਰ ਕਿੱਡਾ ਸੋਹਣਾ ਲੱਗਦਾ ਸੀ ਮੁੰਡਾ, ਕੇਸਾਂ ਨਾਲ਼। ਪੱਗ ਬੱਧੀ ਬੜੀ ਸੱਜਦੀ ਸੀ ਇਹਨੂੰ; ਬੰਨ੍ਹਦਾ ਵੀ ਸੁਆਰ ਕੇ ਸੀ। ਲੋਕਾਂ ਦੇ ਨਿਆਣੇ ਤਾਂ ਇਹਤੋਂ ਪੱਗਾਂ ਬੰਨ੍ਹਾ ਕੇ ਲਿਜਾਂਦੇ ਸੀ। ਸੋਹਣਾ ਜੁਆਨ ਸੀ। ਸਾਰੇ ਮੁੰਡਿਆਂ ਤੋਂ ਸਿਰ ਕੱਢਵਾਂ। ਫੱਬਦਾ ਵੀ ਸੀ। ਇਹਨੂੰ ਹੋ ਕੀ ਗਿਆ। ਮੈਂ ਇਹ ਗੱਲਾਂ ਝੂਠੀਆਂ ਸਮਝਦਾ ਸੀ। ਕਿਸੇ ਨੇ ਕਹਿਣਾ: ਇਹਦਾ ਪੇ ਦਾਦਾ ਸਾਰੇ ਸਿੱਖ, ਓਏ ਏਨ੍ਹੇ ਕੀ ਚੰਦ ਚਾੜ੍ਹ

ਦਿੱਤਾ। ਕਿਸੇ ਨੂੰ ਪਤਾ ਈ ਨਾ ਸੀ ਲੱਗਦਾ ਕਿ ਮੁੰਡਾ ਮਜ਼ਬ੍ਹੀਆਂ ਦਾ ਜਾਂ ਜੱਟਾਂ ਦਾ। ਇਹ ਕੀ ਲੋਹੜਾ ਮਾਰਿਆ ਇਹਨੇ। ਕਿਸੇ ਨੇ ਕਹਿਣਾ ਬਈ, ਇਹਦੇ ਚਾਲੇ ਚੰਗੇ ਨਹੀਂ। ਇਹ ਹੁਣੇ ਈ ਮਾਂ ਪੇ ਦੇ ਕਹਿਣੇ ਚ ਨਹੀਂ, 'ਗਾਂਹ ਨੂੰ ਕੀ ਕਰੂ। ਕਿਸੇ ਕਿਸੇ ਨੇ ਮੇਰੇ ਬਾਪ ਨੂੰ ਸਲਾਹ ਦੇਣੀ: ਤੂੰ ਛੇਤੀ ਛੇਤੀ ਇਹਦੇ ਰੱਸਾ ਪੈੜਾ ਪਾ ਦੇ। ਵਿਆਹ ਕਰਦੇ ਹੁਣੇ ਈ। ਫੇ ਇਹਨੇ ਤੇਰੇ ਹੱਥ ਨਹੀਂਓ ਆਉਣਾ। ਕਿਸੇ ਨੇ ਕਹਿਣਾ: ਓਏ ਕਮਲ਼ਿਓ ਕੱਲਾ ਪੁੱਤ ਵੀ ਪਿਓ ਹੀ ਹੁੰਦਾ। ਕਿਸੇ ਨੇ ਕਹਿਣਾ: ਇਹਨੂੰ ਇਸ਼ਕ-ਮੁਸ਼ਕ ਹੋ ਗਿਆ। ਕਈ ਕਹਿੰਦੇ: ਲੈ ਬਈ ਦੇਖ ਲਿਓ, ਹੁਣ ਇਹਨੇ ਛੇਤੀ ਈ ਬਾਹਰ ਚਲਿਆ ਜਾਣਾ ਈਂ, ਬਾਕੀ ਦੀਆਂ ਗੱਲਾਂ ਤਾਂ ਐਵੇਂ ਮੂੰਹ ਰਖਾਈ ਆ; ਅਸਲ ਗੱਲ ਇਹ ਆ। ਤੁਸੀਂ ਸੋਚੋ , ਬਈ ਅੱਗੇ ਨਾ ਇਹਨੇ ਵਾਲ਼ ਕਟਾਏ ਐਨੇ ਚਿਰ ਦੇ। ਕਿਸੇ ਨੇ ਕਹਿਣਾ ਇਹ ਫਿਲਮਾਂ-ਫੁਲਮਾਂ ਦੇਖਦਾ, ਤਾਂ ਹੀ ਕੇਸ ਕਟਾ'ਤੇ। ਜਿੰਨੇ ਮੂੰਹ ਓਨੀਆਂ ਈ ਗੱਲਾਂ। ਪਿੰਡਾਂ 'ਚ ਏਦਾਂ ਦੇ ਮਾਮਲੇ ਸਾਰੇ ਪਿੰਡ ਦੇ ਸਾਂਝੇ ਹੀ ਹੁੰਦੇ ਸੀ। ਜਿਹਦਾ ਜਦੋਂ ਚਿੱਤ ਕਰੇ, ਦਖ਼ਲ ਦੇ ਸਕਦਾ ਸੀ। ਬਿਨ ਮੰਗੀ, ਚੰਗੀ ਮੰਦੀ ਰਾਏ ਵੀ ਦੇ ਸਕਦਾ ਸੀ।

ਗੱਲਾਂ ਸੁਣ ਕੇ ਮੇਰੇ ਬਾਪ ਨੂੰ ਹੋਰ ਤਾਅ ਚੜ੍ਹਦਾ ਸੀ। ਉਹ ਇਹੀ ਗੁੱਸਾ ਘਰ ਆ ਕੇ ਕੱਢਦਾ ਸੀ। ਜੇ ਕਿਤੇ ਛਿੱਟ ਕੁ ਲੱਗੀ ਹੋਈ ਹੁੰਦੀ, ਤਾਂ ਦੇਰ ਰਾਤ ਤਾਈਂ ਉੱਚਾ ਨੀਵਾਂ ਬੋਲਣਾ ਤੇ ਬੋਲੀ ਜਾਣਾ। ਮੈਂ ਅੰਦਰੇ ਅੰਦਰ ਖਿਝਦਾ ਸੀ। ਮੇਰਾ ਮਨ ਕਹਿੰਦਾ ਸੀ ਕਿ ਤੁਹਾਨੂੰ ਤਾਂ ਕੋਈ ਸਿੱਖ ਹੀ ਨਹੀਂ ਗਿਣਦਾ। ਤੁਸੀਂ ਕਿਹੜੀਆਂ ਭੁੱਲਾਂ 'ਚ ਫਸੇ ਹੋਏ ਹੋ? ਬਾਪ ਤੋਂ ਡਰਦਾ ਇਹ ਗੱਲਾਂ ਮੈਂ ਬੁੱਲ੍ਹਾਂ 'ਤੇ ਲਿਆਉਣ ਜੋਗਾ ਨਹੀਂ ਸੀ। ਪਰ ਜੋ ਹੋਣਾ ਸੀ, ਉਹ ਹੋ ਗਿਆ ਸੀ। ਤਾਏ ਨੂੰ ਵੀ ਪਤਾ ਲੱਗ ਗਿਆ ਸੀ। ਉਹਨੇ ਆ ਕੇ ਸਾਰਿਆਂ ਨੂੰ ਘੂਰ ਦਿੱਤਾ। ਕਹਿੰਦਾ: ਐਂਵੇ ਨਾ ਤੰਗ ਕਰੋ ਮੁੰਡੇ ਨੂੰ। ਏਨ੍ਹੇ ਕੁਛ ਨਹੀਂ ਵਿਗਾੜਿਆ ਤੁਆਡਾ। ਵਾਲ਼ ਹੀ ਕਟਾਏ ਆ। ਕੋਈ ਕਤਲ ਤਾਂ ਨਹੀਂ ਕਰ 'ਤਾ। ਆਪੇ ਫਿਰ ਆ ਜਾਣਗੇ। ਜੇ ਨਾ ਵੀ ਆਉਣਗੇ ਤਾਂ ਨਾ ਸਹੀਂ। ਇਹ ਦੁੱਧ ਨਹੀਂ ਦਿੰਦੇ। ਇਹਦਾ ਮੈਨੂੰ ਆਸਰਾ ਹੋਇਆ ਸੀ। ਓਦਾਂ ਵੀ ਤਾਇਆ ਆਪਣੀ ਆਈ ਤੇ ਆਇਆ ਡਾਢਾ ਹੋ ਜਾਂਦਾ ਸੀ। ਘਰਦਿਆਂ ਨੂੰ ਇਹਦੀ ਖ਼ਬਰ ਸੀ। ਸਾਰੇ ਇਹਤੋਂ ਕੰਨ ਭੰਨਦੇ ਸੀ।

ਨਿੱਤ ਦੇ ਕਲੇਸ਼ ਤੋਂ ਸੱਭ ਔਖੇ ਸੀ। ਘਰ ਦੀ ਸ਼ਾਂਤੀ ਭੰਗ ਹੋ ਗਈ ਸੀ। ਅਖ਼ੀਰ ਮੇਰੀ ਦਾਦੀ ਦਾ ਸਬਰ ਟੁੱਟਾ। ਇਕ ਦਿਨ ਬਾਬ੍ਹੁਰ ਕੇ ਮੇਰੇ ਬਾਪ ਨੂੰ ਕਹਿੰਦੀ: ਰੋਜ਼ ਘੁੱਟ ਕੁ ਪੀ ਕੇ ਸਾਨੂੰ ਤੰਗ ਕਰਦਾਂ ਆਂ, ਇੱਕੋ ਵਾਰੀ ਗੱਲ ਨਿਬੇੜ ਲੈ। ਚਲੋ, ਇਹ ਤਾਂ ਨਿਆਣਾ ਸਿਆਣਾ ਆ, ਗਲਤੀ ਕਰ ਲਈ, ਤੂੰ ਤਾਂ ਸਿਆਣਾ ਬਿਆਣਾ ਆਂ। ਬਥੇਰਾ ਹੋ ਗਿਆ। ਬੰਦ ਕਰ ਦੇਹ ਹੁਣ। ਨਾ਼ਲੇ ਕੰਨ ਖੋਲ੍ਹ ਕੇ ਸੁਣ ਲੈ। ਮੇਰਾ ਇੱਕੋ ਇੱਕ ਪੋਤਾ। ਰੋਜ਼ ਦੇ ਕੁੱਤਖਾਨੇ ਨੇ ਕੋਈ ਮਾੜੀ ਚੰਗੀ ਕਰਾ 'ਤੀ, ਤਾਂ ਮੈਤੋਂ ਤੋਂ ਬੁਰਾ ਕੋਈ ਨਹੀਂ। ਏਦੂੰ ਬਾਅਦ ਹੌਲ਼ੀ ਹੌਲ਼ੀ ਘਰ ਦੀ ਸ਼ਾਂਤੀ ਪਰਤ ਆਈ ਸੀ। ਅਗਲਾ ਸਾਲ ਭਰ ਵੀ ਮੈਂ ਮੋਨੇ ਸਿਰ ਤੇ ਪੱਗ ਬੰਨ੍ਹੀਂ ਗਿਆ। ਬਾਪ ਨੂੰ ਅਜੇ ਵੀ ਆਸ ਸੀ ਕਿ ਮੈਂ ਕੇਸ ਫਿਰ ਰੱਖ ਲਊਂਗਾ। ਫਿਰ ਹੌਲ਼ੀ ਹੌਲ਼ੀ ਮੈਂ ਪੱਗ ਬੰਨ੍ਹਣੀ ਛੱਡ ਹੀ ਦਿੱਤੀ। ਮੈਨੂੰ ਬੋਦੇ ਸੁਆਰਨ ਦਾ ਭੁਸ ਜੁ ਪੈ ਗਿਆ ਸੀ।

ਬਾਅਦ 'ਚ ਜਦੋਂ ਸੁਰਤ ਆਈ ਤਾਂ ਬਾਪ ਦਾ ਮਨ ਦੁਖਾਉਣ ਕਰਕੇ ਮੈਂ ਬੜਾ ਚਿਰ ਦੁਖੀ ਰਿਹਾ। ਇੱਜ਼ਤਦਾਰ ਸਰੀਫ਼ ਬਾਪ ਨੂੰ ਮੇਰੇ ਕਰਕੇ ਨਮੋਸ਼ੀ ਝੱਲਣੀ ਪਈ। ਲੋਕਾਂ ਦੀਆਂ ਊਜਾਂ ਸੁਣਨੀਆਂ ਪਈਆਂ ਸੀ। ਮੈਨੂੰ ਏਦਾਂ ਨਹੀਂ ਸੀ ਕਰਨੀ ਚਾਹੀਦੀ; ਇਨ੍ਹਾਂ ਦੀਆਂ ਅੱਖਾਂ ਸਾਹਵੇਂ ਤਾਂ ਬਿਲਕੁਲ ਹੀ ਨਹੀਂ ਸੀ ਕਰਨੀ ਚਾਹੀਦੀ।

ਮੇਰਾ ਬਾਪ ਜਦੋਂ ਪਹਿਲੀ ਵਾਰ ਵਲੈਤ ਆਇਆ ਤਾਂ ਰੋਜ਼ ਕਿਹਾ ਕਰੇ: ਮੇਰਾ ਏਥੇ ਜੀਅ ਨਹੀਂ ਲੱਗਦਾ। ਮੈਨੂੰ ਕੰਮ ਤੇ ਲੁਆਓ, ਮੈਨੂੰ ਕੰਮ ਤੇ ਲੁਆਓ। ਆਪ ਤਾਂ ਤੁਸੀਂ ਸਾਰੇ ਕੰਮੀਂ ਕਾਰੀਂ ਚਲੇ ਜਾਨੇ ਆਂ, ਮੈਂ ਬਿਟਰ-ਬਿਟਰ ਝਾਕਦਾ ਰਹਿਨਾਂ, ਬਈ ਕਦੋਂ ਕੋਈ ਘਰ ਆਵੇ ਤਾਂ ਗੱਲਬਾਤ ਕਰੀਏ। ਮੈਂ ਤਾਂ ਏਥੇ ਆ ਕੇ ਜੇਹਲੀ ਹੋ ਗਿਆਂ। ਨਾ ਕੋਈ ਬੰਦਾ ਦੀਹਦਾ, ਨਾ ਪਰਿੰਦਾ। ਮੇਰੀ ਭੂਆ ਦੇ ਪੁੱਤ ਕਹਿੰਦੇ: ਮਾਮਾ ਜੀ ਜਿੰਨੇ ਪੈਸੇ ਤੁਸੀਂ ਕਮਾਉਣੇ ਆਂ, ਅਸੀਂ ਦੇ ਦਿਆਂਗੇ। ਬੱਸ ਤੁਸੀਂ ਵਲੈਤ ਫਿਰਨ ਆਏਂ ਓਂ, ਮੌਜਾਂ ਕਰੋ। ਫਿਰੋ ਤੁਰੋ, ਸੈਲਾਂ ਕਰੋ। ਪਰ ਜਿਹਨੇ ਸਾਰੀ ਉਮਰ ਕੀਤਾ ਹੀ ਕੰਮ ਹੋਵੇ, ਉਹ ਘਰ 'ਰਾਮ ਨਾ਼ਲ ਬੈਠੇ, ਤਾਂ ਕਿੱਦਾਂ ਬੈਠੇ। ਰੋਜ਼ ਦਿਹਾੜੀ ਮੁੜ ਮੁੜ ਕੇ ਉਹੀ ਗੱਲ। ਅਖ਼ੀਰ ਚ ਮੈਨੂੰ ਜੁਗਤ ਸੁੱਝੀ। ਮੈਂ ਕਿਹਾ, ਕੰਮ ਤਾਂ ਲੱਭ ਪਿਆ ਆ, ਪਰ ਦਾੜ੍ਹੀ ਕੇਸਾਂ ਵਾਲ਼ੇ ਬੰਦੇ ਨੂੰ ਨਹੀਂ ਰੱਖਦੇ ਉਹ; ਕੇਸ ਕਟਾਉਣੇ ਪੈਣੇ ਆ। ਬਾਪ ਮੋੜਵੀਂ ਜੀਭੇ ਕਹਿੰਦਾ: ਮੈਨੂੰ ਨਹੀਂ ਚਾਹੀਦੇ ਇਹੋ 'ਜੇ ਕੰਮ। ਰੱਖਣ ਆਵਦੇ ਕੋਲ਼ ਹੀ ਏਦਾਂ ਦੇ ਕੰਮ।

ਫਿਰ ਮਾਂ ਬਾਪ ਮੇਰੇ ਕੋਲ਼ ਪੱਕੇ ਈ ਆ ਗਏ। ਇਕ ਦਿਨ ਬੈਠਿਆਂ ਨੂੰ ਮੈਂ ਸਹਿ-ਸੁਭਾਅ ਕਿਹਾ: ਤੁਸੀਂ ਉਦੋਂ ਕੇਸ ਕਟਾਉਣ ਤੋਂ ਏਨਾ ਰੌਲ਼ਾ ਪਾਇਆ ਸੀ, ਏਥੇ ਆ ਕੇ ਮੈਨੂੰ ਵਾਲ਼ ਕਟਾਉਣੇ ਹੀ ਪੈਣੇ ਸੀ। ਬਾਪ ਨੂੰ ਪਤਾ ਸੀ ਕਿ ਮੈਂ ਉਦੋਂ ਭੱਠੇ ਤੇ ਕੰਮ ਕਰਦਾ ਸੀ। ਮਿੱਟੀ ਘੱਟੇ ਵਾਲ਼ਾ ਭਾਰਾ ਕੰਮ ਸੀ। ਮੇਰੇ ਬਾਪ ਨੇ ਏਨਾ ਹੀ ਕਿਹਾ: ਜੋ ਮਰਜ਼ੀ ਕਰ, ਖ਼ੁਸ਼ ਰਹੁ। ਮੈਨੂੰ ਲੱਗਾ, ਮੈਂ ਕਤਲ ਕੇਸ 'ਚੋਂ ਬਰੀ ਹੋ ਗਿਆਂ।•

# ਸਾਧਾਂ ਦਾ ਭੇੜ

ਸਮਾਂ:1973-74
ਸਥਾਨ: ਉੱਧੋਵਾਲ

ਉਹ ਗ਼ੌਰ ਫਰਮਾਉਣ; ਜਿਨ੍ਹਾਂ ਨੂੰ ਏਸ ਪਿੰਡ ਦਾ ਪਤਾ ਨਹੀਂ। ਇਲਾਕੇ ਚ ਵਲੈਤੀਆਂ ਦੇ ਪੁਰਾਣੇ ਪਿੰਡ ਵਜੋਂ ਜਾਣਿਆ ਜਾਂਦਾ, ਉੱਧੋਵਾਲ ਨਕੋਦਰ ਤਸੀਲ ਚ ਪੈਂਦਾ ਹੈ। ਨਕੋਦਰੋਂ ਛੇ ਮੀਲ ਦੱਖਣ ਨੂੰ ਮਹਿਤਪੁਰ; ਮਹਿਤਪੁਰੋਂ ਦੋ-ਢਾਈ ਮੀਲ ਲਹਿੰਦੇ ਨੂੰ ਉੱਧੋਵਾਲ। ਡੰਡੀਓ ਡੰਡੀ ਵਾਟ ਏਦੂੰ ਵੀ ਘੱਟ ਹੋਊ। ਸਤਲੁਜ ਦਰਿਆ ਤੋਂ ਦੋ ਮੀਲ ਉੱਤਰ ਨੂੰ ਸੀ ਮੇਰਾ ਗਰੀਬ ਨਿਵਾਸ - ਉੱਧੋਵਾਲ। ਪਿੰਡ ਸਾਢੇ ਤਿੰਨ ਹਿੱਸਿਆਂ ਚ ਆਪੇ ਈ ਵੰਡ ਹੋ ਗਿਆ। ਵੱਡੇ ਹਿੱਸੇ ਨੂੰ ਪੁਰਾਣਾ ਪਿੰਡ ਕਹਿੰਦੇ ਹਨ, ਤੇ ਛੋਟੇ ਨੂੰ ਨਵਾਂ ਪਿੰਡ। ਦੋਹਾਂ ਦੇ ਵਿਚਾਲ਼ੇ ਕਰਕੇ ਬਾਲਮੀਕੀ/ਮਜ਼੍ਹਬੀਆਂ ਦੇ ਘਰ ਵਸਦੇ ਹਨ। ਚੂਲ਼ ਵਾਂਗ ਫਸੇ ਹੋਏ। ਤੁੰਨੇ ਹੋਏ। ਰਤਾ ਕੁ ਵਿੱਥ 'ਤੇ ਵਸਿਆਂ ਚੌਂਹ ਕੁ ਘਰਾਂ ਨੂੰ ਬਾਹਰਲੇ ਘਰ ਕਹੀਦਾ ਸੀ। ਇਹ ਅੰਦਰੂਨੀ ਵੰਡ ਸੀ। ਸਾਰਾ ਪਿੰਡ ਉੱਧੋਵਾਲ ਈ ਸੀ।

ਪਿੰਡ ਦੇ ਤਿੰਨ ਗੁਰਦੁਆਰੇ ਹਨ। ਇਕ ਜੱਟਾਂ ਤੇ ਰਾਮਗੜ੍ਹੀਆਂ ਦਾ ਸਾਂਝਾ -ਪੁਰਾਣੇ ਪਿੰਡ ਵਾਲ਼ਾ ਵੱਡਾ ਗੁਰਦੁਆਰਾ। ਦੂਸਰਾ ਨਵੇਂ ਪਿੰਡ ਵਾਲ਼ਾ 'ਕੱਲੇ ਜੱਟਾਂ ਦਾ ਤੇ ਐਨ ਵਿਚਾਲ਼ੇ ਕਰਕੇ ਮਜ਼੍ਹਬੀ/ਬਾਲਮੀਕੀਆਂ ਦਾ। ਕਿਸੇ ਨੂੰ ਕਿਸੇ ਵੀ ਗੁਰਦੁਆਰੇ ਜਾਣ ਤੋਂ ਕਨੂੰਨੀ ਤਾਂ ਕੋਈ ਰੋਕ ਨਹੀਂ ਸੀ। ਸਭ ਨੂੰ ਓਂ ਈਂ ਪਤਾ ਹੈ ਕਿ ਕਿਹਨੂੰ, ਕਿਹੜੇ ਰੱਬ ਦੇ ਘਰ ਜਾਣਾ ਦਰਕਾਰ ਸੀ। ਹਾਂ, ਜੰਞੇਂ ਚੜ੍ਹਨ ਤੋਂ ਪਹਿਲਾਂ ਪਿੰਡ ਦੇ ਸਾਰੇ ਲਾੜੇ ਇੱਕੋ ਰੱਬ ਦੇ ਤਿੰਨੀਂ ਘਰੀਂ ਮੱਥਾ ਟੇਕ ਕੇ ਹੀ ਵਿਆਹੁਣ ਚੜ੍ਹਦੇ ਸੀ। ਸੱਭ ਅੱਛੇ ਭਲੇ ਦੀ ਅਸ਼ੀਰਵਾਦ ਲੈਂਦੇ ਸੀ।

ਇਲਾਕੇ ਦਾ ਨਾਮੀ ਸੰਤ ਕੌਲ ਦਾਸ ਵੱਡੇ ਗੁਰਦੁਆਰੇ ਦਾ ਭਾਈ ਸੀ। ਇਹਦਾ ਅਸਲ ਨਾਂ ਸੀ, ਸੰਤ ਕੰਵਲ ਦਾਸ ਜੀ ਕੰਵਲ। ਪਿੰਡ ਦਿਆਂ ਇਹਨੂੰ ਕੌਲ ਦਾਸ ਬਣਾ ਲਿਆ ਤੇ ਇਲਾਕੇ ਵਾਲ਼ਿਆਂ ਇਹੋ ਕਬੂਲ ਲਿਆ। ਪਿੰਡਾਂ ਵਾਲੇ ਨਾਂ-ਕੁਨਾਂ ਏਦਾਂ ਹੀ ਰੱਖ ਲੈਂਦੇ ਹਨ। ਕੌਲ ਦਾਸ ਦਾ ਖੱਬਾ ਪਾਸਾ ਨਕਾਰਾ ਸੀ। ਲੱਤੋਂ ਲੰਙਾ। ਹੱਥ ਬਿਲਕੁਲ ਖੜ੍ਹਾ ਸੀ। ਟੁੰਡ ਮੁੜਿਆ ਹੋਇਆ ਸੀ। ਇਹ ਮੰਜਕੀ ਦੇ ਪਿੰਡ ਰੁਪੋਵਾਲ਼ ਦਾ ਸੀ। ਨਾਈਆਂ ਦੇ ਘਰ ਜੰਮਿਆ ਜਾਇਆ, ਆ ਪਹੁੰਚਾ ਉੱਧੋਵਾਲ। ਹੀਣਾ ਬੱਚਾ ਮਾਂ ਬਾਪ ਦੇ ਕਿਸ ਕੰਮ ਆਉਣਾ ਸੀ। ਮਾਪੇ ਭਾਰ ਹੀ ਸਮਝਦੇ ਹੋਣਗੇ। ਨਿਆਣੇ ਹੁੰਦੇ ਨੂੰ ਹੀ ਇਹਦੇ ਘਰ ਦੇ, ਇਹਨੂੰ ਘਨੇੜੀਂ ਬਿਠਾ ਕੇ ਉੱਧੋਵਾਲ ਛੱਡ ਗਏ। ਅੱਠਾ-ਦਸਾਂ ਸਾਲਾਂ ਦੇ ਨੂੰ ਵੱਡੇ ਮਹੰਤਾਂ ਦੀ ਸੇਵਾ ਚ ਗੁਰਦੁਆਰੇ ਚੜ੍ਹਾ ਗਏ ਸੀ। ਮਹੰਤ ਦੇਵਾ ਦਾਸ ਤੇ ਧਰਮ ਦਾਸ ਦੋਵੇਂ ਮੋਨੇ ਸੀ। ਇਕ ਅੱਖਾਂ ਤੋਂ ਬਸੀਰ ਸੀ। ਪਿੰਡ ਵਾਲੇ ਇਨ੍ਹਾਂ ਨੂੰ ਰੋਡੇ ਸਾਧ ਕਹਿੰਦੇ ਸੀ। ਗੁਰਦੁਆਰੇ ਦੇ ਹਾਤੇ ਚ ਇਨ੍ਹਾਂ ਨੇ ਗਊਆਂ ਰੱਖੀਆਂ ਹੁੰਦੀਆਂ ਸੀ। ਇਹ ਸਾਧ ਆਪ ਮਸਾਂ ਪਾਠ ਈਂ ਕਰਨ ਜੋਗੇ ਸੀ। ਮਹੀਨੇ ਬਾਅਦ ਸੰਗਰਾਂਦ ਮਨਾ ਲੈਂਦੇ। ਪਰ ਦਿਲ ਦੇ ਸਾਫ਼ ਸੀ। ਇਨ੍ਹਾਂ ਨੇ ਸਭ ਗੁਰੂਆਂ ਪੀਰਾਂ ਦੀਆਂ ਫੋਟੋ ਵੀ ਗੁਰਦੁਆਰੇ ਚ ਲਾਈਆਂ ਹੁੰਦੀਆਂ ਸੀ। ਇਹ ਵੱਡੀ ਸ਼ਰਧਾ ਭਾਵਨਾ ਵਾਲੇ ਸੀ। ਵੱਡੇ ਮਹੰਤਾਂ ਤੋਂ ਬਾਅਦ ਕੌਲ ਦਾਸ ਇਲਾਕੇ ਚ 'ਨਾਮੀ ਸੰਤ' ਹੋ ਗਿਆ ਸੀ। ਇਹਦਾ ਸੱਜਾ ਹੱਥ ਪੂਰਾ ਚਲਦਾ ਸੀ। ਕਿਸੇ ਹੋਰ ਦਾ ਖੱਬਾ ਚਲਦਾ ਸੀ। ਇਹ ਦੋਵੇਂ ਜਣੇ ਰਲ਼ਕੇ ਵਾਜਾ ਵਜਾ ਲੈਂਦੇ। ਇਕ ਨੇ ਪੱਖਾ ਚਲਾਉਣਾ; ਦੂਜੇ ਨੇ ਸੁਰ ਦੱਬਣੇ। ਇਕ ਨੇ ਢੋਲਕੀ ਇਕ ਪਾਸਿਓਂ ਵਜਾਉਣੀ ਦੂਸਰੇ ਨੇ ਦੂਜੇ ਪਾਸਿਓ। ਵਾਹ ਬਈ ਵਾਹ। ਇਹ ਵੀ ਅਜ਼ਬ ਨਜ਼ਾਰਾ ਹੁੰਦਾ ਹੋਊਗਾ। ਇਨ੍ਹਾਂ ਦੋਹਾਂ ਨੂੰ ਸਾਜ਼ ਵਜਾਂਉਂਦੇ ਦੇਖ ਕੇ ਲੋਕ ਬੜੇ ਖੁਸ਼ ਹੁੰਦੇ - ਕਈ ਅਜੇ ਵੀ ਯਾਦ ਕਰਦੇ ਹਨ। ਵੱਡੇ ਮਹੰਤਾਂ ਦੀ ਛਾਂਵੇ ਕੌਲ ਦਾਸ ਪ੍ਰਵਾਨ ਚੜ੍ਹਿਆ ਤੇ ਮਗਰੋਂ ਨਾਮੀ ਗ੍ਰੰਥੀ ਤੇ ਵੱਡਾ ਵਿਆਖਿਆਕਾਰ ਹੋ ਗਿਆ।

ਸੰਤ ਕੌਲ ਦਾਸ ਸੀਗਾ ਤਾਂ ਗੁਰਦੁਆਰੇ ਦਾ ਗ੍ਰੰਥੀ ਹੀ, ਪਰ ਹੌਲ਼ੀ ਹੌਲ਼ੀ ਇਹਨੇ ਸਿਆਸੀ ਹਲਕਿਆਂ ਚ ਵੀ ਚੰਗਾ ਗਾਂਢ੍ਹਾ ਸਾਂਢ੍ਹਾ ਕੀਤਾ ਹੋਇਆ ਸੀ। ਵੋਟਾਂ ਵੇਲ਼ੇ ਇਹ ਵਾਹਵਾ ਭੱਜ-ਨੱਠ ਕਰ ਲੈਂਦਾ ਸੀ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਚ ਇਹ ਸਹਿਜਧਾਰੀਆਂ ਦੀਆਂ 'ਵੋਟਾਂ ਵੱਧ ਬਣਾ' ਲੈਂਦਾ ਸੀ। ਬਾਅਦ ਚ ਏਸੇ ਖੱਟੀ ਦਾ ਖੱਟਿਆ ਖਾਂਦਾ। 1967 ਚ ਇਹਨੇ ਫੇਰਾ ਤੋਰਾ ਕਰਕੇ ਲਛਮਣ ਸਿਓਂ ਗਿੱਲ ਵੇਲੇ ਪਿੰਡ ਦੇ ਪ੍ਰਾਇਮਰੀ ਨੂੰ ਮਿਡਲ ਸਕੂਲ ਬਣਾਇਆ ਸੀ। 1969-70 ਚ ਖਜ਼ਾਨਾ ਮੰਤਰੀ ਬਲਵੰਤ ਸਿੰਘ ਰਾਹੀਂ ਮਿਡਲ ਸਕੂਲ ਨੂੰ ਹਾਈ ਕਰਵਾ ਲਿਆ ਸੀ। ਪਿੰਡ ਨੂੰ ਪੱਕੀ ਸੜਕ ਪੈਣ ਵੇਲ਼ੇ ਵੀ ਇਹਨੇ ਨੱਠ ਭੱਜ ਕੀਤੀ ਸੀ।

ਇਲਾਕੇ ਚ ਵੀ ਇਹਦੀ ਵਾਹਵਾ ਪੁੱਛ-ਦੱਸ ਸੀ। ਪਿੰਡ ਦੇ ਭਲੇ ਕੰਮਾਂ ਚ ਇਹ ਮੋਹਰੀ ਹੋ ਜਾਂਦਾ ਸੀ। ਪਿੰਡ ਜਦੋਂ ਟੂਰਨਾਮੈਂਟ ਹੋਣਾ ਇਹਨੇ ਕਬੱਡੀ ਮੈਚਾਂ ਦੀ ਕੁਮੈਂਟਰੀ ਵੀ ਕਰ ਦੇਣੀ। ਝਕ ਤਾਂ ਇਹਦੀ ਪਹਿਲਾਂ ਈ ਲੱਥੀ ਹੋਈ ਸੀ। ਕੁਮੈਂਟਰੀ ਕਰਦੇ ਨੇ ਇਹਨੇ ਕਹਿਣਾ:

ਲੈ ਬਈ, ਹੁਣ ਚਲਿਆ ਈ ਸ਼ਿੰਦੀ ਠਾਕਰ ਦਾ। ਖ਼ਬਰਦਾਰ ਹੋ ਜਓ, ਇਹ ਨਹੀਂ ਕਿਸੇ ਦੇ ਹੱਥ ਆਉਣਾ। ਜਾਂ ਕਹਿਣਾ: ਲੈ ਬਈ ਗੇਜੀ ਆਉਣ ਲੱਗਾ ਈ। ਫਿਰ ਜ਼ਰਾ ਕੁ ਅਟਕ ਕੇ ਕਹਿਣਾ: ਹੁਣ ਗੇਜੀ ਜਾਣ ਲੱਗਾ ਈ। ਰੋਕ ਲਓ ਜੀਹਨੇ ਰੋਕਣਾ। ਆਹ ਲੈ, ਚਲੇ ਗਿਆ ਈ ਗੇਜੀ – ਨੰਬਰ ਗੇਜੀ ਦਾ। ਜਾਂ ਫਿਰ ਕਹਿਣਾ: ਲਓ ਬਈ ਕਾਲ਼ਾ ਆਇਆ ਈ, ਬਚ ਜਾਓ ਇਹਦੇ ਤੋਂ। ਇਹ ਨਿਰਾ ਭੂੰਡ ਈ। ਨਾਗ ਦਾ ਬੱਚਾ। ਬਾਅਦ ਚ ਕਾਲ਼ੇ ਦੀ ਅੱਲ ਈ 'ਕਾਲ਼ਾ ਨਾਗ' ਪੈ ਗਈ। ਕੌਲ ਦਾਸ ਦੀ ਰੰਗਲੀ ਕੁਮੈਂਟਰੀ ਲੋਕਾਂ ਨੂੰ ਭਾਅ ਜਾਂਦੀ। ਬਹੁਤਿਆਂ ਲੋਕਾਂ ਨੂੰ ਕਬੱਡੀ ਖ਼ੁਸ਼ ਕਰਦੀ। ਰਹਿੰਦਿਆਂ ਨੂੰ ਕੌਲ ਦਾਸ ਦੇ ਬੋਲ। ਸਾਰਾ ਮੇਲਾ ਖ਼ੁਸ਼।

ਸੰਤ ਕੌਲ ਦਾਸ 1968-69 ਦੇ ਗੇੜ ਚ ਵਲੈਤ ਦੇ ਕਈ ਗੇੜੇ ਲਾ ਗਿਆ ਸੀ। ਇਹਦੀ ਬੜੀ ਬੱਲੇ-ਬੱਲੇ ਹੋ ਗਈ ਸੀ। ਵਲੈਤ ਵਸਦੇ ਪਿੰਡ ਦੇ 'ਲਾਟੀਏ ਤੇ ਰਾਮਗੜ੍ਹੀਏ ਸ਼ਰਧਾਲੂ ਇਹਦੀ ਸੇਵਾ ਚ ਹਾਜ਼ਰ ਰਹਿੰਦੇ ਸੀ। ਇਹਨੇ ਵਾਹਵਾ ਖੱਟੀ ਕਮਾਈ ਕਰ ਲਈ ਸੀ। ਇਕ ਵਾਰੀ ਇਹ ਵਲੈਤੋਂ ਟੇਪ ਰਿਕਾਰਡਰ ਵੀ ਲੈ ਆਇਆ ਸੀ। ਰੇਡੀਓ ਜਾਂ ਟੇਪ ਰਿਕਾਰਡਰ ਉਦੋਂ ਬਹੁਤ ਵੱਡੀ ਗੱਲ ਹੁੰਦੀ ਸੀ। ਇਹਨੇ ਅਪਣੀ ਆਵਾਜ਼ ਚ ਜਪੁਜੀ ਸਾਹਿਬ ਤੇ ਰਹਿਰਾਸ ਦਾ ਪਾਠ ਭਰ ਲਿਆ। ਫਿਰ ਕੀ ਸੀ। ਸਵੇਰੇ ਸ਼ਾਮ ਇਹ ਟੇਪ ਦਾ ਬਟਣ ਦਬ ਦਿੰਦਾ। ਆਪ ਜੁੱਲੇ ਚ ਵੜਿਆ ਰਹਿੰਦਾ ਸੀ। ਬੜਾ ਚਿਰ ਭੋਲ਼ੇ ਲੋਕਾਂ ਨੂੰ ਪਤਾ ਹੀ ਨਾ ਲੱਗਾ, ਬਈ ਸੰਤ ਜੀ ਆਪ ਤਾਂ ਪਾਠ ਕਰਦਾ ਈ ਨਹੀਂ। ਇਹ ਤਾਂ ਟੇਪ ਈ ਬੋਲੀ ਜਾਂਦੀ ਸੀ। ਲੋਕ ਤਾਂ ਸੰਤ ਕੌਲ ਦਾਸ ਦੇ ਮੁੱਖੋਂ ਸੱਜਰਾ ਪਾਠ ਸੁਣਨਾ ਚਾਹੁੰਦੇ ਸੀ। ਚਲਦਾ ਪ੍ਰਵਾਹਿ।

ਏਦਾਂ ਈ ਇਕ ਵਾਰ ਜੈਲਦਾਰਾਂ ਦਾ ਸੂਬੇਦਾਰ ਜਸਵੰਤ ਸਿਹੁੰ ਦਿਹਾੜੀਦਾਰਾਂ ਨੂੰ ਚਾਹ ਦੇਣ ਗਿਆ ਸ਼ਰਤ ਹਾਰ ਗਿਆ। ਸੂਬੇਦਾਰ ਜਾਂਦਾ ਹੀ ਕਹਿੰਦਾ: ਦੇਖੋ ਜੀ, ਕੌਲ ਦਾਸ ਕੇਡਾ ਸੋਹਣਾ ਪਾਠ ਕਰਦਾ, ਸਵੇਰੇ-ਸਵੇਰੇ। ਗਿੰਦੂ ਮੋੜ ਕੇ ਕਹਿੰਦਾ: ਛੱਡੋ ਜੀ ਪਰ੍ਹੇ, ਓਹ ਕਿਹੜਾ ਆਪ ਕਰਦਾ। ਇਹ ਤਾਂ ਮਸ਼ੀਨ ਲੱਗੀ ਹੋਈ ਆ। ਸੂਬੇਦਾਰ ਕਹੇ: ਓਏ ਨਹੀਂ, ਭਾਈ ਆਪ ਬੋਲਦਾ। ਗਿੰਦੂ ਕਹੇ: ਨਹੀਂ ਬੋਲਦਾ, ਮਸ਼ੀਨ ਬੋਲਦੀ ਆ। ਘੈਂਸ ਘੈਂਸ ਹੁੰਦੀ ਤੋਂ ਲੱਗ ਗਈ ਸ਼ਰਤ। ਦਸਾਂ ਦਸਾਂ ਰੁਪੱਈਆਂ ਦੀ। ਦੋਵੇਂ ਜਣੇ ਦਰਿਆਫ਼ਤ ਕਰਨ ਤੁਰ ਪਏ। ਗੁਰਦੁਆਰੇ ਪਹੁੰਚ ਗਏ। ਅੱਗੇ ਕੀ ਕੌਤਕ ਦੇਖਦੇ ਹਨ: ਕੌਲ ਦਾਸ ਤਾਂ ਰਜਾਈ ਦਾ ਭੁੰਬ ਮਾਰੀ ਬੈਠਾ ਸੀ; ਪਾਠ ਅਪਣੇ-ਆਪ ਹੋਈ ਜਾਂਦਾ ਸੀ। ਸੂਬੇਦਾਰ ਸ਼ਰਤ ਹਾਰ ਗਿਆ। ਏਸ ਨਿੱਕੀ ਜਿਹੀ ਗੱਲ ਦੀ ਪਿੰਡ ਚ ਬੜੀ ਚਰਚਾ ਹੋਈ।

ਕੌਲ ਦਾਸ ਬਾਬੇ ਨਾਨਕ ਦੇ ਦੁਆਰੇ ਸੇਵਾਦਾਰ ਚੜ੍ਹਿਆ ਸੀ। ਏਥੇ ਬਹਿ ਕੇ ਇਹ ਫੂਕਾਂ ਵੀ ਮਾਰ ਲੈਂਦਾ ਸੀ। ਹੱਥ ਹੌਲ਼ੇ ਵੀ ਕਰ ਦਿੰਦਾ ਸੀ। ਲੋੜਵੰਦਾਂ ਨੂੰ ਤਵੀਤ ਵੀ ਦੇ ਦਿੰਦਾ ਸੀ; ਤੇ ਨਾਲ਼ੇ ਵਿਆਜੂ ਪੈਸੇ ਵੀ। ਮਾਲਦਾਰ ਸਾਮੀ ਸੀ। ਮੌਜਾਂ ਈ ਮੌਜਾਂ ਸਨ। ਪੰਜੇ ਈ ਘਿਓ ਚ। ਸਾਫ਼ ਦਿਲ ਲੋਕ ਇਹਨੂੰ ਗੁਰੂ ਸਮਝ ਮੱਥਾ ਵੀ ਟੇਕ ਦਿੰਦੇ। ਇਹਨੇ ਕਦੇ ਕਿਸੇ ਨੂੰ ਹੋੜਿਆ ਨਾ। ਸਗੋਂ ਅਗਲੇ ਦੇ ਸਿਰ ਤੇ ਹੱਥ ਵੀ ਰੱਖ ਦਿੰਦਾ ਸੀ।

ਏਥੇ ਸੇਵਾ ਕਰਦੀ ਕਿਸੇ ਤੀਵੀਂ ਨੂੰ ਉਹਦੇ ਆਦਮੀ ਨੇ ਇਹਦੇ ਨਾਲ ਦੇਖ ਲਿਆ ਸੀ। ਤੀਵੀਂ ਦਾ ਬੰਦਾ ਪ੍ਰੇਸ਼ਾਨ ਹੋਇਆ ਕੌਲ ਦਾਸ ਨੂੰ ਮਾਰਨ ਨੂੰ ਪਵੇ। ਉਹ ਕਹੇ: ਜੋ ਮਰਜੀ ਹੋ ਜਾਏ, ਇਹਨੂੰ ਸਾਲੇ ਲੰਗੜੇ ਸਾਧ ਨੂੰ ਹੁਣ ਮੈਂ ਨਹੀਂ ਛੱਡਣਾ। ਸਿਆਣਿਆ ਲੋਕਾਂ ਉਹਨੂੰ ਸਮਝਾਇਆ: ਓਏ ਕੋੜ੍ਹੀਆ, ਕਿਓਂ ਆਵਦੀ ਮਿੱਟੀ ਪੱਟੀ ਜਾਨਾਂ। ਇਹ ਪਹੁੰਚ ਵਾਲਾ ਸਾਧ ਆ। ਜਾਹ ਜਾਂਦੀ ਹੋ ਜਾਊ। ਇਹਦੇ ਕੋਲ਼ ਪੈਸਿਆਂ ਦਾ ਵੀ ਘਾਟਾ ਨਹੀਂ। ਬੰਦਾ ਬਣ ਜਾਹ, ਇਹ ਪੁਲਸ ਤੋਂ ਤੇਰੀ ਢੂਹੀ ਕੁਟਵਾ ਦਊਗਾ। ਦੇਖੀਂ ਕਿਤੇ ਦਹੀਂ ਦੇ ਭੁਲੇਖੇ ਕਪਾਹ ਦੇ ਫੁੱਟਾਂ ਨੂੰ ਮੂੰਹ ਨਾ ਮਾਰ ਬੈਠੀਂ। ਥੋੜ੍ਹਾ ਚਿਰ ਗੱਲ ਧੁਖਦੀ ਰਹੀ। ਫਿਰ ਦੱਬੀ ਦਬਾਈ ਗਈ।

ਨਵੇਂ ਪਿੰਡ ਵਾਲ਼ੇ ਗੁਰਦੁਆਰੇ ਦਾ ਭਾਈ ਸੰਤ ਰਾਮ ਸੀ। ਇਹ ਪਿੰਡ ਦੇ ਜੱਟਾਂ ਦਾ ਹੀ ਪੁੱਤ ਸੀ। ਬੁੱਤੇ ਜੋਗੀ ਗੁਰਮੁਖੀ ਜਾਣਦਾ ਸੀ। ਇਹ ਪੰਜਾਂ ਭਰਾਵਾਂ ਚੋਂ ਤੀਜੇ ਥਾਂ ਸੀ। ਛੜਾ। ਸ਼ਰੀਫ਼। ਇਹ ਹਿਸਾਬ ਦਾ ਹੀ ਬੋਲਦਾ ਸੀ। ਮਸੀਂ ਪੰਜ ਛੇ ਕਿੱਲੇ ਜ਼ਮੀਨ ਸੀ ਇਨ੍ਹਾਂ ਦੀ; ਮਸਾਂ ਸੰਨਵੀਆਂ ਫ਼ਸਲਾਂ ਨਿਕਲਦੀਆਂ ਸੀ। ਇਹਦੇ ਦੋ ਭਾਈ ਲਾਗਲੇ ਪਿੰਡੀਂ ਚਲੇ ਗਏ ਸੀ। ਬੁਰੇ ਹਾਲ ਤੇ ਬੌਂਕੇ ਦਿਹਾੜੇ। ਪੰਜਾਂ ਭਾਈਆਂ ਨੂੰ ਵੰਡ ਕੇ ਕਿੱਲਾ ਕਿੱਲਾ ਹੀ ਆਉਣਾ ਸੀ। ਇਹ ਸੰਤ ਕੌਲ ਦਾਸ ਦੇ ਚਰਨੀਂ ਲੱਗ ਗਿਆ। ਪਾਠ ਕਰਦਾ, ਦਿਨ ਪੁਰਬ ਮਨਾ ਲੈਂਦਾ। ਗੱਡੀ ਰੁੜ੍ਹ ਪਈ। ਫਿਰ ਨਾਲ਼ ਨਾਲ਼ ਜੜ੍ਹੀ-ਬੂਟੀ ਵੀ ਦੇਣ ਲਗ ਪਿਆ। ਇਹ ਭਲਾ ਪੁਰਸ਼ ਸੀ। ਕਿਸੇ ਦੀ ਵਧੀ ਘਟੀ ਚ ਨਹੀਂ ਸੀ ਆਉਂਦਾ। ਰੱਬ ਦਾ ਨਾਂ ਲੈਣ ਵਾਲ਼ੀ ਭਲੀ ਰੂਹ। ਇਹ ਹਲਕੇ ਭਗਵੇਂ ਵੇਸ ਚ ਰਹਿੰਦਾ।

ਸੰਤ ਮਿਹਰ ਦਾਸ ਦੇ ਅੱਗੇ ਪਿੱਛੇ ਦਾ ਕਿਸੇ ਨੂੰ ਥਹੁ ਪਤਾ ਨਹੀਂ ਸੀ। ਹਾਂ, ਓਂ ਡੱਬਘੋਈ ਵਾਲੇ ਇਹਨੂੰ ਆਸਾਮ ਤੋਂ ਜਾਣਦੇ ਸੀ। ਡਿਗਬੋਈ ਨੂੰ ਪੰਜਾਬੀਆਂ ਡੱਬਘੋਈ ਬਣਾ ਲਿਆ ਸੀ। ਇਹ ਮਾਲਵੇ ਦੇ ਕਿਸੇ ਪਿੰਡੋਂ ਉੱਠ ਕੇ ਆਸਾਮ ਨੂੰ ਗਿਆ ਹੋਣਾ। ਓਥੋਂ ਉੱਧੋਵਾਲ ਆ ਟਿਕਿਆ। ਇਹ ਵੱਡੀ ਸਾਰੀ ਤੇਲ ਨਾਲ਼ ਤਰ ਕੀਤੀ ਨਰੋਈ ਡਾਂਗ ਹਰ ਵੇਲੇ ਕੋਲ਼ ਰੱਖਦਾ ਸੀ। ਡਾਂਗ ਦਾ ਇਹਨੂੰ ਵੱਡਾ ਆਸਰਾ ਸੀ। ਇਹ ਤਾਂ ਤੁਰਦਾ ਈ ਡਾਂਗ ਦੀ ਓਟੇ ਸੀ। ਢਿਚਕ ਢਿਚਕ। ਇਹਦੀ ਸੱਜੀ ਲੱਤ ਨੂੰ ਮੋਛਾ ਪਿਆ ਹੋਇਆ ਸੀ। ਗੋਡੇ ਤੇ ਗਿੱਟੇ ਦੇ ਗੱਭਿਓਂ। ਟੁੱਟੀ ਲੱਤ ਨੂੰ ਮੁੜਕੇ ਜੋੜ ਨਹੀਂ ਸੀ ਪਿਆ। ਟੁੱਟੀਆਂ ਹੱਡੀਆਂ ਕਈ ਵਾਰ ਲੱਤ ਦਾ ਮਾਸ ਪਾੜ ਕੇ ਬਾਹਰ ਨਿਕਲ਼ ਆਉਂਦੀਆਂ। ਫਿਰ ਇਹ ਜ਼ਖ਼ਮ ਕਈ ਚਿਰ ਰਿਸਦਾ ਰਹਿਣਾ। ਵਿਚਾਰੇ ਨੇ ਤੁਰਨ ਤੋਂ ਆਤੁਰ ਹੋ ਜਾਣਾ। ਸੰਤ 'ਤੇ ਬੜਾ ਤਰਸ ਆਉਣਾ। ਕਦੇ ਕਦੇ ਇਹਨੇ ਲੱਤ ਤੇ ਪੱਟੀ ਬੰਨ੍ਹ ਲੈਣੀ ਤਾਂ ਕਿਤੇ ਜਾ ਕੇ ਮੁੜ ਕੇ ਤੁਰਨ ਜੋਗਾ ਹੋਣਾ।

ਮਿਹਰ ਦਾਸ ਦੀ 'ਵਾਜ ਡਾਢੀ ਕੜਾਕੇਦਾਰ ਸੀ। ਪੰਚਮ ਸੁਰ ਵਾਲ਼ੀ। ਵੱਡੇ ਤੜਕੇ ਉੱਠਦੇ ਨੇ ਹੀ ਇਹਨੇ ਅਓ…ਲੱਖ, ਅਓ…ਲੱਖ ਕਰਨ ਲੱਗ ਜਾਣਾ। ਇਸ਼ਨਾਨ ਕਰਨਾ। ਸੁੱਚੇ ਮੂੰਹ ਹੋਣਾ। ਫਿਰ ਜ਼ਿੱਦ ਚ ਪੂਰੇ ਜ਼ੋਰ ਨਾਲ ਰਾਮਾਇਣ ਦਾ ਪਾਠ ਸ਼ੁਰੂ ਕਰਨਾ। ਪੂਰੇ ਜੋਸ਼ ਚ ਆ ਕੇ। ਇਹਦਾ ਤਾਣ ਏਸ ਗੱਲ 'ਤੇ ਲੱਗਾ ਹੋਣਾ ਕਿ ਇਹ ਹੀ ਪਾਠ ਪਹਿਲਾਂ ਸ਼ੁਰੂ ਕਰੇ।ਿਕ ਕਿਤੇ ਜਪੁ ਜੀ ਸਾਹਿਬ ਪਹਿਲਾਂ ਨਾ ਸੁਣ

ਲੈਣ। ਇਹਦੀ ਸੁਣਾਈ ਬਾਣੀ ਹੀ ਪਹਿਲਾਂ ਸੁਣਨ। ਓਸੇ ਜ਼ਿੱਦ ਚ ਇਹ ਅਪਣੇ ਪੱਲਿਓਂ ਪੈਸੇ ਲਾ ਕੇ ਵੱਡਾ ਸਾਰਾ ਸਪੀਕਰ ਲੈ ਆਇਆ ਸੀ। ਨਾਲ਼ ਦੋ ਸਪੀਕਰ। ਇਕ ਦਾ ਮੂੰਹ ਨਵੇਂ ਪਿੰਡ ਵੱਲ ਨੂੰ ਤੇ ਦੂਸਰੇ ਦਾ ਪੁਰਾਣੇ ਪਿੰਡ ਵੱਲ ਨੂੰ ਕਰਕੇ ਫਿੱਟ ਕਰ ਦਿੱਤਾ। ਜਦੋਂ ਪਾਠ ਕਰਦਾ ਆਵਾਜ਼ ਫੁੱਲ ਕਰ ਦਿੰਦਾ। ਇਹ ਬੜਾ ਖ਼ੁਸ਼ ਲੱਗਦਾ ਸੀ। ਬੜਾ ਚਿਰ ਲੋਕਾਂ ਨੂੰ ਪਤਾ ਈ ਨਾ ਲੱਗਾ ਕਿ ਇਹ ਕੀ ਹੋ ਰਿਹਾ ਸੀ। ਜਦੋਂ ਸੁਰਤ ਆਈ, ਤਾਂ ਖ਼ਬਰ ਹੋਈ ਕਿ ਇਹ ਸਾਧ ਤਾਂ ਲੜਾਈ ਕਰਾਊ।

ਅਖ਼ੀਰ ਓਹੀ ਗੱਲ ਹੋ ਗਈ, ਜਿਹਦਾ ਡਰ ਸੀ। ਰੌਲ਼ਾ ਪੈ ਗਿਆ ਬਈ, ਇਹ ਸਾਧ ਤਾਂ ਬਹੁਤ ਉੱਚੀ ਬੋਲਦਾ। ਇਹਦੇ ਕਰਕੇ ਸਾਨੂੰ ਸਾਡਾ ਜਪਜੀ ਸੈਹਬ ਨਹੀਂ ਸੁਣਦਾ। ਪਹਿਲਾਂ ਉਨ੍ਹਾਂ ਕੌਲ ਦਾਸ ਨੂੰ ਕਿਹਾ: ਭਾਈ ਜੀ, ਤੂੰ ਤਾਂ ਬੜਾ ਪੁਰਾਣਾ ਆਂ; ਔਹ ਕੱਲ ਆਇਆ ਸਾਧ ਕਿੱਦਾਂ ਉੱਚੀ ਪਾਠ ਕਰਦਾ। ਤੂੰ ਮੂੰਹ ਨ੍ਹੇਰੇ ਉੱਠ ਕੇ ਪਾਠ ਕਰਿਆ ਕਰ। ਕੌਲ ਦਾਸ ਚਾਲੂ ਸੀ। ਘਾਟ ਘਾਟ ਦਾ ਪਾਣੀ ਪੀਤਾ ਸੀ। ਇਹਨੇ ਮੋਹਰਿਓਂ ਹੋਰ ਈ ਫ਼ਾਨਾ ਠੋਕ ਦਿੱਤਾ। ਕਹਿੰਦਾ- ਗੱਲ ਉੱਚੀ ਨੀਵਾਂ ਬੋਲਕੇ ਪਾਠ ਕਰਨ ਦੀ ਨਹੀਂ ਹੈ। ਜਪੁ ਜੀ ਸਾਹਿਬ ਤਾਂ ਪਹਿਲਾਂ ਵੀ ਸੱਭ ਨੂੰ ਸੁਣਦਾ ਹੀ ਸੀ। ਗੱਲ ਤਾਂ ਸਭ ਕੁਝ ਹਿਸਾਬ ਚ ਰਹਿ ਕੇ ਕਰਨ ਦੀ ਹੈ। ਕੌਲ ਦਾਸ ਜੱਟਾਂ ਦੇ ਹੰਕਾਰ ਨੂੰ ਆਰਾਂ ਲਾਉਂਦਾ ਸੀ। ਕੌਲ ਦਾਸ ਦੀਆਂ ਇਸ਼ਾਰਿਆਂ ਨਾਲ ਕਹੀਆ ਗੱਲਾਂ ਬੜੀਆਂ ਖ਼ਤਰਨਾਕ ਸੀ। ਪਿੰਡ ਦੇ ਭਲੇ ਦੀਆਂ ਨਹੀਂ ਸੀ। ਕੁਛ ਲੋਕ ਇਹਦੀ ਮੁੱਠ ਚ ਸੀ। ਇਹਦੇ ਇਸ਼ਾਰੇ ਤੇ ਕੁਛ ਵੀ ਕਰਨ ਨੂੰ ਤਿਆਰ ਹੋ ਸਕਦੇ ਸੀ।

ਮੁਤਬਾਰ ਬੰਦਿਆਂ ਸਿਰ ਜੋੜ ਮਤਾ ਪਕਾਇਆ। ਕਹਿੰਦੇ: ਪਹਿਲਾਂ ਕੌਲ ਦਾਸ ਬੋਲੂ। ਫਿਰ ਸੰਤ ਰਾਮ; ਤੇ ਅਖ਼ੀਰ ਚ ਮਿਹਰ ਦਾਸ ਬੋਲ ਲਵੇ। ਇਹ ਕਹਿੰਦਾ: ਇਹ ਨਿਆਂ ਕਿਹੜੀ ਕਿਤਾਬ ਚ ਲਿਖਿਆ ਬਈ। ਏਸ ਹਿਸਾਬ ਸਾਡੀ ਵਾਰੀ ਤਾਂ ਦੁਪਿਹਰ ਬਾਅਦ ਨੂੰ ਆਊ। ਫਿਰ ਮੈਂ ਪਾਠ ਕਿਹਨੂੰ ਸੁਣਾਉਣਾ? ਕੋਈ ਨਿਆਂ ਦੀ ਗੱਲ ਕਰੋ। ਮੋੜ ਕੇ ਕਹਿੰਦਾ: ਏਦਾਂ ਕਰੋ, ਪਹਿਲਾਂ ਜਿਹੜਾ ਮਰਜ਼ੀ ਬੋਲ ਲਵੇ। ਸਾਨੂੰ ਮੰਨਜ਼ੂਰ। ਪਰ ਅਖ਼ੀਰ 'ਤੇ ਮੈਂ ਨਹੀਂ ਬੋਲਣਾ। ਦੂਜਾ ਮਤਾ ਉੱਠਿਆ: ਪਹਿਲਾਂ ਕੌਲ ਦਾਸ ਬੋਲੇ ਫਿਰ ਮਿਹਰ ਦਾਸ ਤੇ ਅਖ਼ੀਰ ਚ ਸੰਤ ਰਾਮ। ਨਵੇਂ ਪਿੰਡ ਦਾ ਪੰਚ ਕਪੂਰਾ ਕਹਿੰਦਾ: ਫਿਰ ਅਸੀਂ ਪਾਠ ਕੀ ਸੁਣਨਾ। ਉਦੋਂ ਤਾਈਂ ਤਾਂ ਲੋਕ ਕੰਮੀਂ ਕਾਰੀਂ ਲੱਗ ਜਾਂਦੇ ਆ। ਰੱਬ ਦਾ ਨਾਂ ਤਾਂ ਸੁੱਚੇ ਮੂੰਹ ਸੁਣੀਂਦਾ। ਕਪੂਰੇ ਨੇ ਸੁਝਾਅ ਦਿੱਤਾ, ਏਦਾਂ ਕਰੋ: ਪਹਿਲਾਂ ਸਾਡਾ ਭਾਈ ਬੋਲੂ। ਫਿਰ ਮਿਹਰ ਦਾਸ ਬੋਲ ਲਵੇ ਤੇ ਅਖ਼ੀਰ ਚ ਕੌਲ ਦਾਸ ਬੋਲੇ। ਪੁਰਾਣੇ ਪਿੰਡ ਵਾਲੇ ਕਹਿੰਦੇ ਇਹ ਕਿੱਦਾਂ ਹੋ ਸਕਦਾ? ਵੱਡਾ ਪਿੰਡ ਤਾਂ ਐਧਰ ਵਸਦਾ। ਕਪੂਰੇ ਨੇ ਹੁਕਮ ਸੁਣਾ ਦਿੱਤਾ: ਚਲੋ ਫਿਰ ਜਿੱਦਾਂ ਚਲਦਾ ਹੈ, ਓਦਾਂ ਈ ਚੱਲੀ ਜਾਣ ਦਿਓ। ਕਪੂਰਾ ਇਹ ਕਹਿ ਕੇ ਉੱਠ ਪਿਆ। 'ਫੈਸਲਾ ਹੋ ਗਿਆ'। 'ਸਿਆਣੇ' ਸਮਝਦਾਰ 'ਫ਼ੈਸਲਾ' ਸੁਣ ਕੇ ਘਰੋ-ਘਰੀ ਚਲੇ ਗਏ। ਜਾਣੀ, ਊਠ ਜਿੱਦਾਂ ਅੱਗੇ ਬਹਿੰਦਾ ਸੀ, ਓਸੇ ਰੁਕ ਈ 'ਗਾਂਹ ਵੀ ਬੈਠੀ ਜਾਇਆ ਕਰੂ। ਏਸ ਸਬੱਬ, ਮਿਹਰ ਦਾਸ ਦੀ ਲੱਤ ਉੱਤੇ ਹੋ ਗਈ ਸੀ। ਕੌਲ ਦਾਸ ਬਾਹਰੋਂ ਤਾਂ ਚੁੱਪ ਜਿਹਾ ਹੋ ਗਿਆ।

ਸੰਤ ਰਾਮ ਤਾਂ ਓਂ ਈ ਭਲਾ ਬੰਦਾ ਸੀ। ਪਿੰਡ ਦਾ ਵੀ ਸੀ। ਹਿਸਾਬ ਦਾ ਬੋਲਦਾ ਸੀ। ਕਿਸੇ ਦੀ ਸਿੱਧੀ ਪੁੱਠੀ ਚ ਨਹੀਂ ਸੀ ਆਉਂਦਾ। ਕੌਲ ਦਾਸ ਤੇ ਮਿਹਰ ਦਾਸ ਆਮ੍ਹੋ ਸਾਮ੍ਹਣੇ ਹੋ ਗਏ। ਉਪਰੋਂ ਉਪਰੋਂ ਦੋਹਾਂ ਨੇ ਬਣਦਾ ਸ਼ਿਸ਼ਟਾਚਾਰ ਬਣਾਈ ਰੱਖਿਆ। ਆਖ਼ਿਰਕਾਰ ਮਹਾਤਮਾ ਸਰੀਰ ਸਨ। ਸੰਤ ਲੋਕ। ਸੁਰਜਨ। ਸਤੋ ਗੁਣਾਂ ਦੇ ਮਾਲਕ। ਮੁਨੀ ਜਨ। ਸੰਤੋਖੀ। ਪਹੁੰਚੇ ਹੋਏ। ਸਾਧੂ ਬਿਰਤੀ ਦੇ। ਸਾਂਤ ਰੂਹਾਂ। ਉਹਦੀ ਰਜ਼ਾ ਚ ਰਹਿਣ ਵਾਲ਼ੇ। ਪਹਿਲਾਂ ਇਨ੍ਹਾਂ ਨੇ ਇਕ ਦੂਜੇ ਅੱਗੇ ਸਿਰ ਨਿਵਾਂ ਨਿਵਾਂ ਕੇ ਲੰਘਣਾ। ਲੋਕਾਂ ਨੂੰ ਵੀ ਇਨ੍ਹਾਂ ਨੇ ਸਿੱਖਿਆ ਦੇਣੀ। ਕਹਿਣਾ: ਫਲ਼ ਨੀਵਿਆਂ ਈ ਰੁੱਖਾਂ ਨੂੰ ਲਗਦੇ, ਬੰਦਿਆਂ ਤੂੰ ਮਾਣ ਨਾ ਕਰੀਂ। ਸਵੇਰੇ ਜੰਗਲ਼ ਪਾਣੀ ਜਾਂਦਿਆਂ ਇਕ ਦੂਜੇ ਨੂੰ ਝੁਕ-ਝੁਕ ਨਮਸਕਾਰੀਆਂ ਕਰਨੀਆਂ। ਪਰ ਅੰਦਰੋਂ ਇਨ੍ਹਾਂ ਦੇ ਮਨ ਦੀ ਤਾਂ ਇਨ੍ਹਾਂ ਦਾ ਰੱਬ ਜਾਣਦਾ ਹੋਊ। ਸੰਤ ਕੌਲ ਦਾਸ ਪੂਰਾ ਸ਼ਾਤਰ ਸੀ। ਘਾਗ ਸਿਆਸਤੀਆਂ ਦੇ ਅੱਗੇ ਪਿੱਛੇ ਤੁਰਿਆ ਫਿਰਿਆ ਸੀ। ਮਿਹਰ ਦਾਸ ਪੂਰਾ ਅੜ੍ਹਬ ਸੀ। ਨਿਰੀ ਅੱਗ ਦੀ ਨਾਲ਼। ਪਤਾ ਨਹੀਂ ਸੀ ਹੁੰਦਾ ਕਿਹੜੇ ਵੇਲੇ ਭੜਕ ਪਵੇ। ਫਿਰ ਇਹ ਜੋ ਚਾਹੇ ਬੋਲ ਲੈਂਦਾ ਸੀ। ਗੱਲ-ਗੱਲ 'ਤੇ ਇਹਨੇ ਜਣੇ-ਖਣੇ ਨੂੰ ਸੁਸਰਾ ਸੁਸਰਾ, ਸੁਸਰੀ ਸੁਸਰੀ, ਕਰੀ ਜਾਂਦਾ ਸੀ। ਸੰਤ ਰਾਮ ਤਾਂ ਦੇਵਤਾ ਆਦਮੀ ਸੀ। ਰੱਬ ਦਾ ਭਗਤ। ਸ਼ਾਂਤ, ਭਲੀ ਰੂਹ।

ਇਕ ਵਾਰ ਸੰਤ ਮਿਹਰ ਦਾਸ ਨੇ ਕਿਸੇ ਵਿਆਹ 'ਤੇ ਕਿਸੇ ਨਿਆਣੇ ਨੂੰ ਸ਼ਿਸ਼ਕਾਰ ਕੇ ਸਪੀਕਰ ਵਾਲ਼ੇ ਤੋਂ ਤਵਾ ਲਾਉਣ ਦੀ ਫ਼ਰਮੈਸ਼ ਕਰ ਦਿਤੀ। ਪੁੱਛ-ਪੁਛਾਈ ਤੇ ਜੁਆਕ ਬਕ ਪਿਆ। ਕਹਿੰਦਾ: ਮੈਨੂੰ ਤਾਂ ਬਾਬਾ ਜੀ ਕਹਿੰਦੇ ਸੀ ਕਿ ਤੂੰ 'ਕੁੱਕੜੀ ਨੂੰ ਸਮਝਾ ਲੈ, ਸਾਡੇ ਕੁੱਕੜ ਨੂੰ ਭਰਮਾ ਲੈਂਦੀ' ਵਾਲ਼ਾ ਤਵਾ ਲੁਆ ਕੇ ਆ। ਬਦਨਾਮੀ ਡਰੋਂ ਭਲੇ ਲੋਕਾਂ ਨੇ ਗੱਲ ਬੋਚ ਕੇ ਦੱਬ ਲਈ। ਇਹ ਬਾਬੇ ਨਾਨਕ ਨੂੰ ਵੀ ਗ਼ਲਤ ਬੋਲ ਦਿੰਦਾ ਸੀ। ਤੇ ਹੋਰ ਸਭਨਾਂ ਨੂੰ ਵੀ। ਗੁਰੂ ਗੋਬਿੰਦ ਸਿੰਘ ਨੂੰ ਇਹ ਗੋਬਿੰਦ ਰਾਏ ਹੀ ਕਹਿੰਦਾ ਸੀ। ਭਾਈ ਜੀਵਨ ਸਿੰਘ ਨੂੰ ਬਾਬਾ ਜੈਤਾ ਆਖਦਾ। ਸੰਗਤ ਸਿੰਘ ਨੂੰ ਸੰਗਤਾ।

ਸੰਤ ਮਿਹਰ ਦਾਸ ਦੀਆਂ ਜਟਾਵਾਂ ਬੜੀਆਂ ਲੰਮੀਆਂ ਲੰਮੀਆਂ ਸੀ। ਛੇ ਫੁੱਟ ਦੇ ਏੜ ਗੇੜ ਚ ਤਾਂ ਜ਼ਰੂਰ ਹੋਣਗੀਆਂ; ਇਹ ਇਨ੍ਹਾਂ ਨੂੰ ਜੋਗ ਕਹਿੰਦਾ ਸੀ। ਹਫ਼ਤੇ ਚ ਇਕ ਵਾਰੀ ਇਹ ਜੋਗ ਧੋਂਦਾ। ਰੀਠਿਆਂ ਨਾਲ਼। ਪਹਿਲਾਂ ਰੀਠੇ ਭੰਨਦਾ। ਫਿਰ ਉਨ੍ਹਾਂ ਨੂੰ ਗਰਮ ਪਾਣੀ ਚ ਉਬਾਲ਼ਦਾ ਤੇ ਫਿਰ ਠੰਢੇ ਕਰਕੇ ਰੱਖਦਾ। ਫਿਰ ਕਿਤੇ ਜਾ ਕੇ ਓਸ ਪਾਣੀ ਨਾਲ਼ ਜੋਗ ਧੋਂਦਾ। ਜੋਗ ਭਾਰਾ ਸੀ, ਏਸ ਕਰਕੇ ਗੁਰਦੁਆਰੇ ਦੀ ਖੂਹੀ ਤੇ ਇਹਦੇ ਵਲ਼ ਚ ਨਾ ਆਉਂਦਾ। ਇਹ ਲਾਗੇ ਸਰਪੰਚਾਂ ਦੀ ਜਾਂ ਚੌਧਰੀਆਂ ਦੀ ਮੋਟਰ 'ਤੇ ਚਲਿਆ ਜਾਂਦਾ। ਇਹਦਾ ਸਿਰ ਝੱਗੋ-ਝੱਗ ਹੋ ਜਾਂਦਾ, ਨਾਲ ਈ ਮੋਟਰ ਦਾ ਚਲ੍ਹਾ। ਸਾਰਾ ਕੰਮ ਪੂਰੇ ਦਿਨ ਚ ਮਸੀਂ ਨਿਬੜਦਾ। ਜੋਗ ਧੋ ਕੇ ਇਹ ਪੂਰਾ ਦਿਨ ਧੁੱਪੇ ਬੈਠਾ ਰਹਿੰਦਾ। ਜੋਗ ਸੁਕਾਉਂਦਾ, ਸਾਂਭਦਾ ਸੁਆਰਦਾ ਤੇ ਦੁਆਲ਼ੇ ਕਪੜਾ ਵਲ਼ ਕੇ ਸੰਤੋਖਦਾ।

ਹਾੜ ਹੋਵੇ ਜਾਂ ਸਿਆਲ਼, ਸੰਤ ਮਿਹਰ ਦਾਸ ਤੇੜ ਚਾਦਰ ਹੀ ਬੰਨ੍ਹਦਾ ਸੀ। ਇਹਦਾ ਧੜ ਨੰਗਾ ਹੁੰਦਾ। ਇਹਦਾ ਵੱਡਾ ਢਿੱਡ, ਇਹਦੇ ਵਲ਼ ਚ ਨਹੀਂ ਸੀ ਆਉਂਦਾ। ਗੋਗੜ ਬਾਕੀ ਦੇ ਸਰੀਰ ਨਾਲੋਂ ਅੱਡ ਈ ਦਿਸਦੀ ਸੀ। ਅਪਣਾ ਭੋਜਨ ਪਾਣੀ ਅਪਣੇ ਹੱਥੀਂ ਤਿਆਰ ਕਰਦਾ। ਵਾਹਵਾ ਸਾਰਾ ਦੇਸੀ ਘੇ ਪਾ ਕੇ। ਥੰਦੇ ਦਾ ਚੰਗਾ ਸ਼ੌਕੀਨ ਸੀ। ਓਹ ਵੀ ਸਿਰਫ਼ ਦੇਸੀ ਘੇ ਦਾ। ਕੁਝ ਮੁਫ਼ਤਖੋਰੇ ਵੀ ਇਹਦੇ ਆਲ਼ੇ-ਦੁਆਲ਼ੇ ਹੋ ਗਏ ਸੀ। ਇਹ ਘੇ ਨੂੰ ਘਿਓ ਤੇ ਘੈਂਟੇ ਨੂੰ ਘੰਟਾ ਕਹਿੰਦਾ। ਮਲਵਈ ਸੀ ਨਾ। ਅਪਣੇ ਅੱਗੇ-ਪਿੱਛੇ ਬਾਰੇ ਕਦੇ ਖੁੱਲ੍ਹ ਕੇ ਨਾ ਦਸਦਾ। ਜੇ ਕਿਸੇ ਨੇ ਪੁੱਛ ਵੀ ਲੈਣਾ ਤਾਂ ਇਹਨੇ ਬਸ, ਹੂੰ ਹਾਂ ਕਰਕੇ ਟਾਲ਼ ਦੇਣਾ। ਕਹਿਣਾ: ਓ ਭੋਲਿਓ, ਸੰਤਾਂ ਮਹਾਤਮਾ  ਦਾ ਕੋਈ ਪਤਾ ਟਿਕਾਣਾ ਨਹੀਂ ਹੁੰਦਾ। ਰੱਬ ਦਾ ਨਾਂ ਹੀ ਇਨ੍ਹਾਂ ਦਾ ਪਤਾ ਹੁੰਦਾ ਹੈ। ਸੱਭ ਦੁਨੀਆਂ ਹੀ ਅਤਾ ਪਤਾ ਹੁੰਦੀ ਹੈ ਜੀ। ਸਾਡਾ ਦੁਨਿਆਵੀ ਚੀਜ਼ਾਂ ਨਾਲ ਮੋਹ ਨਹੀਂ ਹੁੰਦਾ ਜੀ ਤੇ ਨਾ ਹੀ ਨੇੜਤਾ ਹੁੰਦੀ ਹੈ ਜੀ। ਗੱਲਾਂ ਤਾਂ ਇਹ ਬੌਂਗੀਆਂ ਈ ਸੀ।

ਕੌਲ ਦਾਸ ਨੇ ਸਪੀਕਰ ਤੇ ਇਕ ਦਿਨ ਚੌਥੇ ਗੁਰੂ ਦੀ ਬਾਣੀ ਦੀ ਵਿਆਖਿਆ ਕੀਤੀ। ਲੰਮੀ ਚੌੜੀ ਵਿਥਿਆ ਕਹੀ। ਮਸਾਲਾ ਲਾ ਕੇ। ਪਹਿਲਾਂ ਇਹਨੇ ਕਦੇ ਏਦਾਂ ਨਹੀਂ ਸੀ ਕੀਤਾ। ਇਹ ਸੰਤ ਕੌਲ ਦਾਸ ਦਾ ਪਹਿਲਾ ਅਗਨ ਬਾਣ ਸੀ। ਛੱਡਿਆ ਇਹਨੇ ਗੁਰੂ ਬਾਬੇ ਦੀ ਬਾਣੀ ਓਹਲੇ ਹੋ ਕੇ। ਸਬੱਬ ਬਣਾਈ ਗੁਰੂ ਗ੍ਰੰਥ ਦੇ ਪੰਨਾ 995 ਦੀ 13ਵੀਂ ਸਤਰ:

ਧੰਨਾ ਜਟ ਬਾਲਮੀਕੁ ਬਟਵਾਰਾ
ਗੁਰਮੁਖਿ ਪਾਰਿ ਪਇਆ ॥ਮਾਰੂ ਮਹਲਾ ੪॥ਰਹਾਓ॥

ਇਹ ਸੁਣਦਾ ਮਿਹਰ ਦਾਸ ਕਚੀਚੀਆਂ ਲਵੇ। ਹੱਥਾਂ ਤੇ ਦੰਦੀਆਂ ਵੱਢੇ, ਅੱਗ ਬਬੂਲਾ ਹੋਇਆ, ਸੰਤ ਮਿਹਰ ਦਾਸ। ਪਰ ਕਰੇ ਤਾਂ ਕੀ ਕਰੇ। ਗੁਰਦੁਆਰੇ ਨੂੰ ਜਾਣੋ ਰਿਹਾ। ਸਿੱਧਾ ਹਮਲਾ ਕੀਤਿਆਂ ਪਿੰਡ ਦੇ ਜੱਟਾਂ ਨਾਲ ਵੈਰ ਪੈ ਜਾਣਾ ਸੀ। ਇਹਦਾ ਰੰਜ ਤਾਂ ਕੌਲ ਦਾਸ ਨਾਲ਼ ਸੀ। ਇਹਨੇ ਅਪਣੇ ਸ਼ਰਧਾਵਾਨਾਂ ਨੂੰ ਸਿਸ਼ਕਾਰਿਆ। ਕੋਈ ਗੱਲ ਨਾ ਤੁਰੀ ਬਣੀ। ਮਿਹਰ ਦਾਸ ਨੂੰ ਆਪ ਹੀ ਅੱਡੀਆਂ ਚੱਕ ਕੇ ਫਾਹਾ ਲੈਣਾ ਪਿਆ। ਸੰਤ ਜੀ ਮੌਕਾ ਤਾੜਨ ਲੱਗੇ। ਇਕ ਦਿਨ ਬਿਧ ਬਣ ਹੀ ਗਈ। ਹਮੇਸ਼ਾਂ ਵਾਂਗ ਕੌਲ ਦਾਸ ਅਮ੍ਰਿਤ ਵੇਲੇ ਖੇਤਾਂ ਵਲ ਨੂੰ ਜੰਗਲ ਪਾਣੀ ਗਿਆ। ਮਿਹਰ ਦਾਸ ਨੇ ਦੇਖ ਲਿਆ। ਇਹਨੇ ਵੀ ਉਹਦੇ ਮਗਰੇ ਤਿਆਰੀ ਫੜੀ। ਡਾਂਗ ’ਤੇ ਹੱਥ ਫੇਰਿਆ। ਕੌਲ ਦਾਸ ਦੇ ਪਿੱਛੇ ਤੁਰ ਪਿਆ। ਕੌਲ ਦਾਸ ਭਾਵੇਂ ਲੰਙਾ ਕੇ ਤੁਰਦਾ ਸੀ, ਪਰ ਤੁਰਦਾ ਵਾਹਵਾ ਤੇਜ਼ ਸੀ। ਆਮ ਆਦਮੀ ਜਿੰਨਾ ਹੀ ਤੁਰ ਲੈਂਦਾ ਸੀ। ਮਿਹਰ ਦਾਸ ਓਨਾ ਤੁਰ ਨਹੀਂ ਸੀ ਸਕਦਾ। ਡਾਂਗ ਤੋਂ ਬਿਨਾਂ ਤਾਂ ਉੱਕਾ ਈ ਨਹੀਂ ਸੀ ਤੁਰ ਸਕਦਾ। ਇਹ ਹਿਸਾਬ ਲਾ ਕੇ ਤੁਰਿਆ ਕਿ ਮੁੜਦੇ ਕੌਲ ਦਾਸ ਨੂੰ ਰਾਹ ਚ ਟੱਕਰ ਜਾਵੇ। ਭਲੀ ਇਹ ਹੋਈ ਜਾਂ ਕੌਲ ਦਾਸ ਤਾੜ ਗਿਆ ਸੀ ਤੇ ਉਹ ਜ਼ਰਾ ਵਿਥ ਤੋਂ ਦੂਸਰੇ ਪਾਸੇ ਹੋ ਗਿਆ। ਮਿਹਰ ਦਾਸ ਇਹ ਮਸੀਂ ਟਕਰਿਆ ਮੌਕਾ ਨਹੀਂ ਸੀ ਖੁੰਝਾਉਣਾ ਚਾਹੁੰਦਾ। ਇਹ ਕਹਿੰਦਾ: ਓਏ ਸਾਲ਼ਿਆ ਕੌਲਿਆ। ਜ਼ਰਾ ਐਧਰ ਆ ਓਏ। ਮੈਨੂੰ ਦੱਸੀਂ ਕਿਹੜਾ ਬਾਲਮੀਕ ਬਟਵਾਰਾ ਸੀ, ਓਏ। ਤੇਰੇ ਫ਼ਲਾਨੇ ਦੀ ਓਏ…। ਤੇਰੇ ਢਿਮਕਾਨੇ ਦੀ ਓਏ…। ਹੋਰ ਵੀ ਚੰਗਾ ਮੰਦਾ ਬੋਲਿਆ। ਕੌਲ ਦਾਸ ਦੇ ਕੁਛ ਕਹਿਣ ਤੋਂ ਪਹਿਲਾਂ ਹੀ ਡਾਂਗ ਵੀ ਉਹਦੇ ਵਗਾਹ ਮਾਰੀ। ਡਾਂਗ ਕੌਲ ਦਾਸ ਤਕ ਨਾ ਅਪੜੀ। ਰਤਾ ਕੁ ਉਰ੍ਹੇ ਰਹਿ ਗਈ। ਇਹ ਵੀ ਭਲਾ ਈ ਹੋਇਆ। ਲੱਗ ਜਾਂਦੀ ਤਾਂ ਹੋਰ ਝਮੇਲੇ ਪੈਣੇ ਸੀ। ਪਰ ਮਿਹਰ ਦਾਸ ਹੱਥਲ਼ ਹੋ ਗਿਆ। ਹੁਣ ਇਹ ਤੁਰਨ ਜੋਗਾ ਨਹੀਂ ਸੀ। ਨਾ ਓਧਰ ਜੋਗਾ ਨਾ ਓਧਰ ਜੋਗਾ। ਇਕ ਲੱਤ ਆਸਰੇ ਕੁਢਬਾ ਜਿਹਾ ਹੋ ਕੇ ਖੜਾ। ਕੌਲ ਦਾਸ ਪਰ੍ਹੇ ਦੀ ਹੋ ਕੇ ਫੁਰਤੀ ਨਾਲ ਅਪਣੇ ਗੁਰਦੁਆਰੇ ਚਲੇ ਗਿਆ। ਸ਼ਿੰਦਰੀ ਲੋਕਾਂ ਵਧਾ ਚੜ੍ਹਾ ਕੇ ਗੱਲਾਂ ਕੀਤੀਆਂ – ਚਸਕੇ ਲੈ ਲੈ ਕੇ। ਕਈਆਂ ਨੇ ਕੌਲ ਦਾਸ ਦਾ ਮਖ਼ੌਲ ਬਣਾਇਆ। ਕੁਝ ਨੇ ਮਿਹਰ ਦਾਸ ਦੀ ਬੱਲੇ ਬੱਲੇ ਕੀਤੀ। ਪਿੰਡ ਚ ਦੋਹਾਂ ਸਾਧਾਂ ਦੇ ਦੋਖੀ ਵੀ ਬੈਠੇ ਸੀ।

ਖਹਿ ਬਾਜ਼ੀ ਸਾਧਾਂ ਦੀ ਸੀ। ਰੁਕ ਆ ਗਈ ਸ਼ੁਰਲੀਬਾਜਾਂ ਦੇ। ਉਨ੍ਹਾਂ ਲਾਵਾਂ ਲੂਤ੍ਹੀਆਂ ਲਾਈਆਂ। ਗੱਲਾਂ ਘੜ ਲਈਆਂ ਸੀ। ਉਨ੍ਹਾਂ ਮਿਹਰ ਦਾਸ ਦੇ ਨਾਂ ਇਹ ਗੱਲ ਵੀ ਪਾ ਦਿੱਤੀ। ਅਖੇ ਇਹ ਕਹਿੰਦਾ: ਸੌਣ ਭਾਂਦੋਂ ਦੇ ਮਰੋੜਿਆਂ ਤੋਂ ਡਰਦਾ ਕੋਈ ਜੱਟ ਸਾਧ ਹੋ ਗਿਆ। ਸ਼ਰਧਾਲੂ ਬੀਬੀਆਂ ਰੱਬ ਦੇ ਨਾਂ ਤੇ ਅੰਨ ਪਾਣੀ ਦੇ ਜਾਂਦੀਆਂ। ਜੱਟ ਮੁਫ਼ਤ ਦਾ ਅੰਨ ਛਕ ਕੇ ਖਾ ਧੜੀ ਧੜੀ ਦੇ ਡਕਾਰ ਮਾਰਿਆ ਕਰੇ। ਇਕ ਮਾਈ ਨੇ ਕਿਹਾ: ਮਾਂਹਰਾਜ ਜੀ, ਅੱਜ ਭੋਜਨ ਸਾਡੇ ਛਕਣਾ। ਜੱਟ ਖ਼ੁਸ਼ ਹੋ ਗਿਆ, ਬਈ ਪੁਛ ਪ੍ਰਤੀਤ ਹੋਣ ਲੱਗ ਪਈ ਆ; ਕਿਸੇ ਨੇ ਘਰ ਸੱਦ ਕੇ ਰੋਟੀ ਦੇ ਸੇਵਾ ਕੀਤੀ ਆ। ਹਾਬੜਿਆ ਜੱਟ ਭੋਜਨ ਕਰਨ ਗਿਆ। ਰੋਟੀ ਖਾ ਲਈ। ਤੁਰਨ ਲੱਗਾ ਤਾਂ ਬੀਬੀ ਕਹਿੰਦੀ: ਬਾਬਾ ਜੀ ਅਰਦਾਸ ਵੀ ਕਰ ਦਿਓ। ਜੱਟ ਮੋਹਰਿਓਂ ਕਹਿੰਦਾ: ਹੁਣ ਤਾਂ ਔਖਾ ਬਈ। ਅਰਦਾਸ ਤਾਂ ਰੋਟੀਆਂ ਥੱਲੇ ਦੱਬੀ ਗਈ ਆ। ਪਹਿਲਾਂ ਦੱਸਣਾ ਸੀ। ਜੱਟ ਨੂੰ ਅਰਦਾਸ ਤਾਂ ਆਉਂਦੀ ਈ ਨਹੀਂ ਸੀ। ਬੀਬੀ ਵੀ ਪੱਕੀ ਨਿਕਲ਼ੀ। ਹੰਢੀ ਵਰਤੀ ਹੋਈ ਸੀ। ਪਰਖਣਾ ਚਾਹੁੰਦੀ ਸੀ। ਕਹਿੰਦੀ: ਚਲੋ ਕੋਈ ਨਹੀਂ ਬਾਬਾ ਜੀ, ਕੱਲ ਨੂੰ ਵੀ ਰੋਟੀ ਸਾਡੇ ਘਰੋਂ ਹੀ ਛਕਿਓ। ਦੇਗ ਵੀ ਅਪਣੇ ਹੱਥੀਂ ਆ ਕੇ ਤਿਆਰ ਕਰਿਓ। ਜੱਟ ਹੁਣ ਕੁੜਿੱਕੀ ਚ ਫਸ ਗਿਆ। ਸੋਚੇ ਬਈ, ਏਸ ਸਹੁਰੀ ਔਖ ਦਾ ਕਰਕੇ ਤਾਂ ਸਾਧ ਬਣੇ ਸੀ; ਮੋਹਰਿਓਂ ਫਿਰ ਆਫ਼ਤ ਹੀ ਆ ਪਈ। ਹੁਣ ਕੀ ਕਰ ਸਕਦਾ ਸੀ। ਉਹਨੇ ਕੜਾਹ ਪ੍ਰਸਾਦਿ ਬਣਾਇਆ। ਪ੍ਰਸ਼ਾਦਾ ਛਕਣ ਲਈ ਤਿਆਰ ਹੁੰਦਾ ਜੱਟ ਖੂਹ ’ਤੇ ਮੂੰਹ ਹੱਥ ਧੋਵੇ। ਖੂਹ ਵਗਦਾ ਸੀ। ਗਾਧੀ ’ਤੇ ਨਿਆਣਾ ਬੈਠਾ, ਜੋੜੀ ਹੱਕੇ। ਬੌਲ਼ਦ ਵਗਣ ਅਪਣੀ ਚਾਲੇ। ਕੁੱਤਾ ਟਿਕ ਟਿਕ ਕਰੇ। ਮਾਹਲ ਵਗੇ। ਟਿੰਡਾਂ ਆਉਣ ਜਾਣ। ਪਾਣੀ ਦੀਆਂ ਟਿੰਡਾਂ ਭਰਕੇ ਆਉਣ ਖਾਲੀ ਜਾਣ ਫਿਰ ਭਰਨ ਨੂੰ। ਜੱਟ ਅਰਦਾਸਾਂ ਬੇਨਤੀਆਂ ਕਰੇ: ਅੱਜ ਬੁਰੇ ਫਸ ਗਏ ਆਂ। ਕਿਸੇ ਤਰ੍ਹਾਂ ਜਾਨ ਬਚੇ। ਵਗਦੇ ਖੂਹ ਨੂੰ ਦੇਖ ਕੇ ਜੱਟ ਨੇ

ਅਰਦਾਸ ਜੋੜ ਲਈ। ਜਾਣੋ ਸਾਹ ਸੌਖਾ ਆਇਆ। ਬੜਾ ਖੁਸ਼ ਹੋਇਆ। ਫਿਰ ਰੋਟੀ ਖਾਧੀ। ਢਿੱਡ ਤੋਂ ਦੀ ਹੱਥ ਫੇਰਿਆ। ਅਰਦਾਸ ਸ਼ੁਰੂ ਕੀਤੀ। ਕਹਿੰਦਾ:

ਟਿਕ ਟਿਕ ਕਰੇ ਟਕੇਰਨਾ
ਗੇੜਾ ਆਵੇ ਫੇਰਮਾਂ
ਟਿੰਡਾਂ ਆਵਣ ਜਾਵਣ
ਨੌਣ੍ਹ ਕਰਨ ਸਮੇਰਮਾਂ
ਭਾਈ ਨੇ ਖੁਰਚਾ ਫੇਰਿਆ ਪ੍ਰੇਮ ਨਾਲ਼

ਜੋਰ ਨਾਲ ਬੋਲੋ ਜੀ ਸਤਨਾ...ਮ ਵੈਗੁਰੂ। ਇਹ ਸੁਣ ਕੇ ਘਰਦੀ ਦੀ ਮਾਈ ਦੀ ਤਸੱਲੀ ਨਾ ਹੋਈ। ਓਹ ਕਹਿੰਦੀ: ਬਾਬਾ ਜੀ ਆਹ ਲਾਗੇ ਪੱਕਿਆਂ ਵਾਲਿਆਂ ਨੇ ਦੂਸਰੇ ਬਾਬੇ ਨੂੰ ਰੋਟੀ ਛਕਾਈ ਸੀ, ਓਹਨੇ ਤਾਂ ਬੜੀ ਲੰਮੀ ਅਰਦਾਸ ਕੀਤੀ ਸੀ। ਜੱਟ ਮੋੜਕੇ ਕੇ ਕਹਿੰਦਾ: ਤੂੰ ਪੱਕਿਆਂ ਵਾਲਿਆਂ ਦੀ ਤੇ ਓਸ ਸਾਧ ਦੀ ਰੰਨ ਬਣ ਜਾ ਕੇ। ਸਾਡਾ ਤਾਂ ਅਪਣਾ ਈ ਤੁੱਥ-ਮੁੱਥ ਆ। ਇਹ ਗੱਲ ਸੁਣਕੇ ਲੋਕਾਂ ਬੜਾ ਹੱਸਣਾ। ਕਿਸੇ ਕਹਿਣਾ - ਇਹ ਗੱਲ ਮਿਹਰ ਦਾਸ ਨੇ ਕਹੀ ਆ; ਕਿਸੇ ਨੇ ਕਹਿਣਾ ਨਹੀਂ, ਕੌਲ ਦਾਸ ਨੇ ਕਹੀ। ਸੱਚ ਤਾਂ ਵੈਗੁਰੂ ਨੂੰ ਹੀ ਪਤਾ ਹੋਊ। ਇਹੋ ਗੱਲ ਮੈਂ ਵਲੈਤ ਦੇ ਵੀ ਕਿਸੇ ਬਜ਼ੁਰਗ ਦੇ ਮੂੰਹੋਂ ਵੀ ਸੁਣੀ ਸੀ।

ਏਦੂੰ ਬਾਅਦ ਇਨ੍ਹਾਂ ਦੀ ਲਾਲ ਝੰਡੀ ਹੀ ਰਹੀ। ਸ਼ਿਸਟਾਚਾਰ ਦੀਆਂ ਫਰਜ਼ੀ ਹੱਦਾਂ ਢਹਿ ਗਈਆਂ। ਇੱਕੋ ਝਟਕੇ ਨਾਲ। ਰੇਤ ਦੀ ਕੰਧ ਵਾਂਗੂੰ। ਇੱਟ ਖੜਿੱਕਾ ਚਾਲੂ ਹੋ ਗਿਆ। ਪੂਰੀ ਖੁੰਦਕਬਾਜ਼ੀ। ਇਹ ਇਕ ਦੂਜੇ ਦੇ ਖਿਲਾਫ਼ ਬੋਲਦੇ ਰਹਿੰਦੇ। ਫਿਰ ਇਕ ਦੂਜੇ ਦਾ ਰਾਹ ਛੱਡ ਕੇ ਤੁਰਦੇ। ਕੌਲ ਦਾਸ ਰਤਾ ਕੁ ਸੋਚ ਸਮਝ ਕੇ ਬੋਲਦਾ। ਪਰ ਲੁਕਵੇਂ ਵਾਰ ਕਰਨੋਂ ਨਾ ਟਲ਼ਦਾ। ਭੇੜ ਸਾਧਾਂ ਦਾ ਸੀ। ਨਾਸ ਲੋਕਾਂ ਦਾ ਹੋਣਾ ਸੀ। ਪਿੰਡ ਦੀ ਭਲੀ ਕਿਸਮਤ ਰਹੀ। ਸਾਂਝ ਬਣੀ ਰਹੀ।

# ਗ਼ਦਰੀ ਬਾਬਾ ਰਲ਼ਾ ਸਿੰਘ

ਗ਼ਦਰ ਪਾਰਟੀ ਦਾ ਇਤਿਹਾਸ ਵੱਡੀਆਂ ਸ਼ਾਨਾਂ ਵਾਲ਼ਾ ਹੈ। ਗ਼ਦਰੀਆਂ ਦੀ ਮਹਿਮਾ ਬਾਹਲ਼ੀ ਵੱਡੀ ਹੈ। ਇਹੀ ਸਾਡੇ ਵੱਡੇ ਵਡੇਰੇ ਸਨ, ਜਿਨ੍ਹਾਂ ਨੇ ਤਮਾਮ ਸੁੱਖਾਂ ਨੂੰ ਲੱਤ ਮਾਰਕੇ ਦੇਸ਼ ਦੀ ਆਜ਼ਾਦੀ ਦਾ ਰਾਹ ਚੁਣਿਆ ਸੀ। ਗ਼ਦਰੀ ਬਾਬਿਆਂ ਨੇ ਬੜੇ ਦੁੱਖ ਤਸੀਹੇ ਝੇਲੇ ਸਨ, ਆਜ਼ਾਦੀ ਦੀ ਖ਼ਾਤਿਰ। ਇਤਿਹਾਸ ਇਹਦਾ ਗਵਾਹੀ ਭਰਦਾ ਹੈ। ਤੇ ਜਦੋਂ ਆਜ਼ਾਦੀ ਆਈ ਈ ਆਈ, ਤਾਂ ਆਸੋਂ ਬਹੁਤੀ ਊਣੀ। ਨਿਰੀ ਬੌਣੀ। ਇਹਦੇ ਮੋਹਰੀ ਸੱਚੀਓਂ ਹੀ ਤਨ ਮਨ ਤੇ ਧੰਨ ਵਾਰਨ ਵਾਲੇ ਸਨ। ਇਹ ਸਾਰੇ ਆਈ ਆਜ਼ਾਦੀ ਤੋਂ ਨਾਖ਼ੁਸ਼ ਸੀ।

ਇਸ ਲਹਿਰ ਦੇ ਨਾਮੀ ਲੀਡਰਾਂ ਚੋਂ ਲਾਲਾ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਤਾਰਿਕ ਨਾਥ ਦਾਸ, ਮੌਲਵੀ ਬਰਕਤ ਉੱਲਾ ਤੇ ਕਰਤਾਰ ਸਿੰਘ ਸਰਾਭਾ ਆਦਿ ਸੀ। ਪੜ੍ਹਾਈ ਲਈ ਅਮਰੀਕਾ ਗਏ ਨੌਜਵਾਨ ਵੀ ਸਿਰ ਜੋੜ ਤੁਰ ਪਏ ਸੀ। ਇਹ ਲਹਿਰ ਭਾਂਵੇ ਸ਼ੁਰੂ ਤਾਂ ਅਮਰੀਕਾ-ਕਨੇਡਾ ਤੋਂ ਹੋਈ, ਪਰ ਇਹਦਾ ਅਸਰ ਬਹੁ-ਪਸਾਰੀ ਸੀ। ਇਹ ਜੰਗਲ ਦੀ ਅੱਗ ਵਾਂਗੂੰ ਫੈਲੀ, ਜਿੱਥੇ ਜਿੱਥੇ ਵੀ ਹਿੰਦੋਸਤਾਨੀ ਵਸਦੇ ਸੀ। ਇਹਦੇ ਦਫ਼ਤਰ ਕਈ ਹੋਰ ਕਈ ਥਾਈਂ ਵੀ ਸੀ। ਇਸ ਲਹਿਰ ਤੋਂ ਅੰਗਰੇਜ਼ ਬਸਤੀਵਾਦੀ ਬਹੁਤ ਤ੍ਰਹਿੰਦੇ ਸੀ, ਇਹਦਾ ਮਨਸ਼ਾ ਵੀ ਤਾਂ ਅੰਗਰੇਜ਼ ਬਸਤੀਵਾਦ ਤੋ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਸੀ।। ਸ਼ਹੀਦ ਊਧਮ ਸਿੰਘ ਨੇ ਵੀ ਇਹਦਾ ਅਸਰ ਕਬੂਲਿਆ ਸੀ।

ਪਨਾਮੇ ਵਿਚ ਗ਼ਦਰ ਪਾਰਟੀ ਦੇ ਕਰਤਿਆਂ ਧਰਤਿਆਂ ਚੋਂ ਹੀ ਬਾਬਾ ਰਲ਼ਾ ਸਿੰਘ ਸੀ। ਬਾਬੇ ਰਲ਼ੇ ਸਿਓਂ ਹੋਣੀ ਚਾਰ ਭਾਈ ਸੀ। ਭੋਲਾ ਸਿਓਂ, ਰਲ਼ਾ ਸਿਓਂ, ਰਾਮ ਸਿਓਂ ਤੇ ਕਿਸ਼ਨ ਸਿਓਂ। ਗਭਲੇ ਦੋਵੇਂ ਛੜੇ ਸੀ। ਵੱਡਾ ਭੋਲ਼ਾ ਜ਼ੈਲਦਾਰਾਂ ਨਾਲ਼ ਲੱਗਾ ਰਹਿੰਦਾ ਸੀ। ਪਨਾਮੇ ਨੂੰ ਜਾਣ ਤੋਂ ਪਹਿਲਾਂ ਇਨ੍ਹਾਂ ਦੀ ਹਾਲਤ ਪਤਲੀ ਸੀ।

ਬਾਬਾ ਰਲ਼ਾ ਨਵਿਆਂ ਨੂੰ ਦੇਸ਼ ਭਗਤੀ ਵਾਲ਼ੇ ਪਾਸੇ ਜੋੜੀ ਜਾਂਦਾ ਸੀ। ਪਨਾਮਾ, ਸੋਵੀਅਤ ਯੂਨੀਅਨ ਨੂੰ ਜਾਂਦਿਆਂ ਦੀ ਠਹਿਰ ਵੀ ਸੀ। ਇਹ ਉਨ੍ਹਾਂ ਦਾ ਅੱਗੇ ਦਾ ਪ੍ਰਬੰਧ ਵੀ ਕਰਦਾ ਸੀ। ਇਹਦੇ ਬਾਰੇ ਗ਼ਦਰ ਡਾਇਰੈਕਟਰੀ ਚ ਇੰਟਰੀ ਸਿਰਫ਼ ਏਦਾਂ ਹੈ: "ਰਲ਼ਾ ਸਿੰਘ ਵਲਦ ਖੇਮ ਸਿੰਘ ਵਾਸੀ ਉੱਧੋਵਾਲ਼ ਜ਼ਿਲਾਂ ਜਲੰਧਰ 1902 ਦੇ ਆਸ ਪਾਸ ਅਮਰੀਕਾ ਨੂੰ ਗਿਆ। ਹਾਲੇ ਤੱਕ ਮੁੜਿਆ ਨਹੀਂ। ਘਰ ਰਹਿੰਦਿਆਂ ਇਹਦਾ ਆਚਰਣ ਵਧੀਆ ਸੀ।" ਉੱਧੋਵਾਲ ਮੇਰਾ ਗ਼ਰੀਬਖਾਨਾ ਹੈ। ਬੇਟ ਦਾ ਇਹ ਮਸ਼ਹੂਰ ਪਿੰਡ ਨਕੋਦਰ ਤਹਿਸੀਲ ਚ ਪੈਂਦਾ ਹੈ। ਇਲਾਕੇ ਚ ਵਲੈਤੀਆਂ ਦੇ ਪਿੰਡ ਕਰਕੇ ਵੀ ਇਹਦੀ ਭੱਲ ਬਣੀ ਹੋਈ ਹੈ। ਮਾਨ ਜੱਟਾਂ ਦੇ ਪਿੰਡ, ਬਾਬੇ ਰਲ਼ਾ ਸਿਓਂ ਦੇ ਵਡੇਰੇ ਇੱਥੇ ਆਏ ਸੀ – ਨਾਨਕੀਂ ਢੇਰੀ। ਹੁਣ ਇਨ੍ਹਾਂ ਦੀ ਔਲਾਦ ਚੋਂ ਵੀ ਪਿੰਡ ਵਿਚ ਕੋਈ ਨਹੀਂ ਵਸਦਾ। ਸਾਰੇ ਪਨਾਮਾ, ਕਨੇਡਾ ਤੇ ਵਲੈਤ ਚ ਵਸਦੇ ਹਨ। ਇਹਦੇ ਭਾਈ ਕਿਸ਼ਨ ਸਿੰਘ ਦਾ ਦੋਹਤਾ ਹੀ ਜ਼ਮੀਨ ਭਾਂਡਾ ਸਾਂਭਦਾ ਹੈ। ਭਲਾ ਏਦੂੰ ਵੱਡੀ ਨਿਮੋਸ਼ੀ ਦੀ ਗੱਲ ਹੋਰ ਕੀ ਹੋ ਸਕਣੀ ਹੈ ਕਿ ਬਾਬੇ ਦੇ ਨਗਰ ਵਾਸੀਆਂ ਨੂੰ ਇਹਦੀ ਗ਼ਦਰ ਪਾਰਟੀ ਨੂੰ ਦੇਣ ਦਾ ਹੀ ਪਤਾ ਨਹੀਂ। ਪਿੰਡ ਦੇ ਇਹਨੂੰ 'ਖੈਹਿਰਆਂ ਦੇ ਰਲ਼ੇ' ਕਰਕੇ ਹੀ ਜਾਣਦੇ ਨੇ।

ਬਾਬੇ ਰਲ਼ੇ ਸਿਓਂ ਦੀ ਗ਼ਦਰੀ ਵਜੋਂ ਪਿੰਡ ਵਿਚ ਕੋਈ ਯਾਦ ਨਿਸ਼ਾਨੀ ਵੀ ਨਹੀਂ ਬਣੀ ਹੋਈ। ਇਹਦੇ ਛੋਟੇ ਭਾਈ ਨੇ ਬੜੇ ਦਹਾਕੇ ਪਹਿਲਾਂ ਬਾਬੇ ਦੀ ਯਾਦ ਵਿਚ ਪਿੰਡ ਦੇ ਸਕੂਲ ਲਈ ਇਕ ਕਮਰਾ ਬਣਾ ਦਿੱਤਾ ਸੀ। ਓਥੇ ਲੱਗੇ ਪੱਥਰ ਮੁਜ਼ਬ, ਇਹਦਾ ਜ਼ਿਕਰ ਇਸ ਤਰ੍ਹਾਂ ਹੈ: "ਇਹ ਕਮਰਾ ਸ੍ਰ ਕਿਸ਼ਨ ਸਿੰਘ ਖਹਿਰਾ ਨੇ ਅਪਣੇ ਭਰਾ ਰਲ਼ਾ ਸਿੰਘ ਦੀ ਯਾਦ ਵਿਚ ਬਣਾਇਆ ਹੈ।" ਇਹਦੇ ਪਿਛੋਕੜ ਬਾਰੇ ਏਦੂੰ ਵੱਧ ਜਾਣਕਾਰੀ ਨਹੀਂ ਮਿਲਦੀ। ਇਹਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਾਬਾ ਰਲ਼ਾ ਸਿੰਘ ਆਪ ਸਾਰੀ ਉਮਰ ਛੜਾ ਹੀ ਰਿਹਾ। ਪਨਾਮੇ ਵਿਚ ਇਹਨੇ ਕਈ ਦੁਕਾਨਾਂ ਵੀ ਬਣਾਈਆਂ ਹੋਈਆਂ ਸੀ ਜੋ ਬਾਅਦ ਵਿਚ ਇਹਦੇ ਭਾਈ ਤੇ ਉਹਦੇ ਲੜਕਿਆਂ ਨੇ ਸਾਂਭ-ਸੰਭਾਲ਼ ਲਈਆਂ। ਅੱਜ ਵੀ ਇਹਦੇ ਭਤੀਜੇ, ਹਰਭਜਨ ਸਿੰਘ ਤੇ ਗੁਰਚਰਨ ਸਿੰਘ ਟੱਬਰਾਂ ਸਣੇ ਓਥੇ ਹੀ ਵਸਦੇ ਹਨ। ਦੂਜਿਆਂ ਚੋਂ ਕਨੇਡੇ ਵੀ ਹਨ। ਇੱਕ ਭਤੀਜਾ ਗੁਰਦੇਵ ਖਹਿਰਾ ਪਨਾਮੇ ਨੂੰ ਮੁੜਕੇ ਜਾਂਦਾ ਜਾਂਦਾ ਕਨੇਡੇ ਦੇ ਵੈਨਕੂਵਰ ਸ਼ਹਿਰ ਚ ਹੀ ਵਸ ਗਿਆ ਸੀ।

ਬਾਬੇ ਦੀ ਮਾਰਫ਼ਤ ਇਹਦਾ ਪਰਿਵਾਰ ਕਮਿਊਨਿਸਟਾਂ ਦੇ ਨੇੜੇ ਹੋਇਆ ਸੀ। ਇਹਦੀ ਵੀ ਬੜੇ ਘੱਟ ਲੋਕਾਂ ਨੂੰ ਭਿਣਕ ਸੀ – ਏਸ ਭੇਤ ਦਾ ਰਾਜ਼ ਮੈਨੂੰ ਅੱਜ ਤਾਂਈ ਸਮਝ ਨਹੀਂ ਆਇਆ। ਮੈਨੂੰ ਯਾਦ ਹੈ ਜਦੋਂ ਅਸੀਂ ਨਿਆਣਪੁਣੇ ਵਿਚ ਹੀ ਕਾਮਰੇਡਾਂ ਦੇ ਹੱਕ ਚ ਨਾਹਰੇ ਮਾਰਿਆ ਕਰਦੇ ਸੀ, ਤਾਂ ਵੋਟਾਂ ਵੇਲੇ, ਮਾਂ ਜੀ (ਸਾਰੇ ਇਸਨੂੰ ਇਓਂ ਹੀ ਬੁਲਾਉਂਦੇ ਸਨ) ਸ਼ਾਮ ਕੌਰ ਪਤਨੀ ਕਿਸ਼ਨ ਸਿੰਘ, ਇੱਕੋ ਵੇਲ਼ੇ ਕਾਮਰੇਡਾਂ ਦੇ ਚਾਹ ਪਾਣੀ ਦਾ ਪ੍ਰਬੰਧ ਵਿਹੜੇ ਵਿਚ ਤੇ ਕਾਂਗਰਸੀਆਂ ਦਾ ਚੁਬਾਰੇ ਵਿਚ ਕਰਵਾ ਲਿਆ ਕਰਦੀ ਸੀ। ਸਾਡੇ ਨਾਲ ਪੜ੍ਹਦਾ ਇਹਦਾ ਦੋਹਤਾ -ਦਾਰੀ- ਏਸ ਗੱਲ ਦੀ ਵੀ ਸੇਖ਼ੀ ਮਾਰ ਲਿਆ ਕਰਦਾ ਸੀ। ਜਦੋਂ ਰਤਾ ਕੁ ਸੁਰਤ ਆਈ ਤਾਂ ਗਰਮ ਸਿਆਸਤ ਦੇ ਦਿਨ ਸੀ। ਇਹ ਗੱਲ

ਮੈਨੂੰ ਬੜਾ ਚਿਰ ਪਰੇਸ਼ਾਨ ਕਰਦੀ ਰਹੀ ਸੀ ਕਿ ਭਲਾ ਕੋਈ ਇਕੋ ਵੇਲੇ ਕਾਂਗਰਸੀ ਤੇ ਕਾਮਰੇਡ ਕਿਵੇਂ ਹੋ ਸਕਦਾ ਸੀ। ਉਦੋਂ ਮੈਨੂੰ ਨਾ ਗ਼ਦਰ ਪਾਰਟੀ ਦੀ ਸਮਝ ਸੀ, ਨਾ ਬਾਬੇ ਰਲ਼ਾ ਸਿੰਘ ਦੀ ਦੇਣ ਬਾਰੇ ਕੋਈ ਪਤਾ ਸੀ।

ਏਸੇ ਬਾਬੇ ਸਦਕਾ ਸਾਨੂੰ ਨਿਆਣੀ ਉਮਰੇ ਹੀ ਸਿਖ਼ਰਲੇ ਇਨਕਲਾਬੀ ਲੀਡਰਾਂ ਦੇ ਦਰਸ਼ਣਾਂ ਦਾ ਸਬੱਬ ਬਣਿਆ। ਤੇਜਾ ਸਿੰਘ ਸੁਤੰਤਰ ਇੱਕ ਵਾਰ ਏਥੇ ਚੋਣ ਪ੍ਰਚਾਰ ਕਰਨ ਆਇਆ ਸੀ। ਇਹ ਕੁਰਸੀ ਡਾਹ ਕੇ ਧੁੱਪੇ ਹੀ ਬੈਠਾ ਸੀ। ਆਮ ਸਧਾਰਨ ਲਗਦਾ ਬੰਦਾ। ਅਸੀਂ ਇਹਦੇ ਆਲੇ ਦੁਆਲੇ ਖੜੋਤੇ ਸਾਂ – ਬਿਨਾਂ ਕਿਸੇ ਮਤਲਬ ਦੇ। ਇਹ ਪੰਜਾਬ ਦਾ ਮਹਾਂ ਨਾਇਕ ਸੀ; ਇਹਦੇ ਹੋਣੇ ਦਾ ਕਿਤੇ ਬਾਅਦ ਵਿਚ ਜਾ ਕੇ ਪਤਾ ਲੱਗਾ। ਬਾਬੇ ਕਰਮ ਸਿੰਘ ਚੀਮੇਂ ਦੀ ਇੱਥੇ ਰਿਸ਼ਤੇਦਾਰੀ ਦਸੀਂਦੀ ਸੀ। ਉਹਦੇ ਦਰਸ਼ਣ ਅਕਸਰ ਸਾਇਕਲ ਸਵਾਰੀ ਕਰਦਿਆਂ ਹੋ ਜਾਇਆ ਕਰਦੇ ਸੀ।

ਮਾਂ ਜੀ ਸ਼ਾਮ ਕੌਰ ਨੂੰ ਵਲੈਤ ਦੇ ਪੁਰਾਣੇ ਸੰਗੀ–ਸਾਥੀ, ਕਾਮਰੇਡ ਸ਼ਾਮ ਕੌਰ ਕਹਿਕੇ ਯਾਦ ਕਰਦੇ ਹਨ। ਇਹ ਜ਼ਿਲੇ ਪੱਧਰ ਦੀ ਪਾਰਟੀ ਮੈਂਬਰ ਸੀ। ਪਰ ਮੈਨੂੰ ਇਹਦੇ ਚ ਕਾਮਰੇਡਾਂ ਵਾਲੀ ਗੱਲ ਕਦੇ ਨਹੀਂ ਸੀ ਦਿਸੀ; ਸ਼ਾਇਦ ਮੇਰੀ ਅੱਖ ਵੇਖਣ ਵਾਲੀ ਨਹੀਂ ਸੀ। ਪਰ ਇਹਨੇ ਆਪਣੀ ਗ਼ੁਰਬਤ ਦੇ ਦਿਨ ਲੁਕੋਏ ਨਹੀਂ ਸ। ਵੱਡੇ ਵੱਡੇ ਹਵੇਲਾਂ ਚ ਇਹਨੇ ਇਕ ਕੱਚਾ ਕੋਠਾ ਵੀ ਰੱਖਿਆ ਹੋਇਆ ਸੀ। ਸਾਲੋ ਸਾਲ ਏਸ ਕੋਠੇ ਦੀ ਲਿਪ ਲਪਾਈ ਕਰਾਉਂਦੀ ਹੁੰਦੀ ਸੀ। ਕੋਠਾ ਇਨ੍ਹਾਂ ਦੇ ਗ਼ਰੀਬੀ ਦੇ ਦਿਨਾਂ ਦੀ ਨਿਸ਼ਾਨੀ ਸੀ। ਇਹ ਦੱਸਦੀ ਹੁੰਦੀ ਸੀ ਕਿ ਏਨੇ ਕੁ ਥਾਂ ਚ ਪਸੂ ਬੱਧੇ ਹੁੰਦੇ ਸੀ। ਵਿੱਚੇ ਹੀ ਸਾਰਾ ਟੱਬਰ ਰਹਿੰਦਾ ਸੀ। ਕੁਝ ਸਾਲ ਪਹਿਲਾਂ ਇਹ ਪੂਰੀ ਹੋ ਗਈ ਸੀ। ਇਹਦੇ ਤੋਂ ਬਾਬਾ ਰਲ਼ਾ ਸਿੰਘ ਬਾਰੇ ਵਧੇਰੇ ਜਾਣਕਾਰੀ ਲੈਣ ਦੀ ਆਸ ਵੀ ਵਿਚੇ ਹੀ ਰਹਿ ਗਈ ਹੈ।

ਏਡੇ ਵੱਡੇ ਪਿੰਡ ਲਈ ਭਲਾ ਏਦੂੰ ਮਾੜੀ ਗੱਲ ਕੀ ਹੋ ਸਕਣੀ ਹੈ, ਕਿ ਵੱਡੇ ਨਾਮਣੇ ਵਾਲ਼ੇ ਗ਼ਦਰੀ ਦੀ ਇਹਦੇ ਅਪਣੇ ਪਿੰਡ ਚ ਵੀ ਕੋਈ ਯਾਦਗਾਰ ਨਾ ਹੋਵੇ। ਪਿੰਡ ਦੇ ਸਮੁੱਚੇ ਲੋਕ ਤਾਂ ਏਦਾਂ ਦੇ ਕੰਮਾਂ ਦੇ ਸਮਰੱਥ ਹੁੰਦੇ ਹੀ ਹਨ, ਬਾਬੇ ਦਾ ਅਪਣਾ ਟੱਬਰ ਵੀ ਇਹਦੀ ਯਾਦਗਾਰ ਬਣਾਉਣ ਦੀ ਪੂਰੀ ਸੂਰੀ ਸਮਰੱਥਾ ਰੱਖਦਾ ਹੈ। ਇਹਦੇ ਪਰਿਵਾਰ ਚੋਂ ਕਨੇਡਾ ਵਾਸੀ ਗੁਰਦੇਵ ਖਹਿਰੇ ਤੋਂ ਅਜੇ ਵੀ ਆਸ ਹੈ ਕਿ ਉਹ ਇਹ ਕੰਮ ਕਰ ਲਏਗਾ; ਇਹਦਾ ਲਗਾਅ ਏਸ ਪਾਸੇ ਵੱਲ ਬਣਿਆ ਰਿਹਾ ਹੈ। ਸੁਆਲਾਂ ਦਾ ਸਆਲ ਉਠਦਾ ਹੈ ਕਿ ਪਿੰਡ ਵਾਲਿਆਂ ਤੇ ਨਾ ਹੀ ਇਹਦੇ ਪਰਿਵਾਰ ਨੇ ਅਜੇ ਤਾਂਈ ਅਜੇਹਾ ਨਹੀਂ ਕੀਤਾ, ਤਾਂ ਕਿਓਂ?

ਪਿਛਲੇ ਕਈ ਸਾਲਾਂ ਤੋਂ ਮੈਂ ਬਾਬੇ ਦੇ ਟੱਬਰ ਨੂੰ ਏਸ ਪਾਸੇ ਹਿੰਮਤ ਕਰਕੇ ਥੱਕ ਗਿਆ ਹਾਂ। ਜੇ ਗ਼ਦਰੀ ਬਾਬਿਆਂ ਦੇ ਘਰਦੇ ਜਾਂ ਪਿੰਡ ਦੇ ਲੋਕ ਉਨ੍ਹਾਂ ਦੀ ਦੇਣ ਨੂੰ ਭੁੱਲ ਵੀ ਜਾਣ ਤਾਂ ਸਮੁੱਚੀ ਲਹਿਰ ਤਾਂ ਯਾਦ ਕਰਦੀ ਹੈ!

ਅਪਣੇ ਆਪ ਨੂੰ ਇਹ ਸੁਆਲ ਮੈਂ ਬੜੇ ਚਿਰ ਤੋਂ ਕਰਦਾ ਆਇਆਂ ਹਾਂ ਕਿ ਸਾਨੂੰ ਪੁਰਖਿਆਂ ਦੇ ਚੰਗੇ ਕੰਮਾਂ ਦਾ ਮਾਣ ਕਰਨਾ ਕਦੋਂ ਆਊ। •

# ਵੱਡਾ ਸਾਧੂ ਸੋਂਹ

ਮੇਰੇ ਪਿੰਡ ਦੇ ਚਾਰ ਸਾਧੂ ਹੋਏ ਆ। ਸਾਧੂ ਸਿਓਂ ਬਾਹਰਲੇ ਘਰਾਂ ਵਾਲ਼ਾ; ਸਾਧੂ ਚੰਦੇ ਦਾ ਨਵੇਂ ਪਿੰਡ ਵਾਲ਼ਾ। ਸਾਧੂ ਪਾਖਰ ਦਾ ਤੇ ਵੱਡਾ ਸਾਧੂ ਸੋਂਹ ਸਪੁੱਤਰ ਬੂੜਾ। ਸਾਰੇ ਆਪੋ ਅਪਣੇ ਥਾਂ ਚੰਗੇ; ਅਪਣੇ ਅਪਣੇ ਕਸਬਾਂ ਦੇ ਮਾਹਰ।

ਬਾਹਰਲੇ ਘਰਾਂ ਵਾਲ਼ਾ ਸਾਧੂ ਸਿੰਘ ਮੇਰਾ ਤਾਇਆ ਲੱਗਦਾ ਸੀ – ਮੇਰੇ ਤਾਏ ਦਾ ਬੇਲੀ। ਇਹ ਗ਼ਰੀਬ-ਗ਼ੁਰਬੇ ਦੀ ਮਦਦ ਕਰਦਾ; ਹੱਥ ਦਾ ਸਖੀ ਸੀ। ਹੱਕ ਸੱਚ ’ਤੇ ਪਹਿਰਾ ਦਿੰਦਾ। ਇਹਦੇ ਮਨ ਚ ਲੋਕਾਂ ਲਈ ਦਰਦ ਸੀ। ਇਹਨੂੰ ਕਾਮਰੇਡੀ ਦੀ ਪਹੁ ਵੀ ਲੱਗੀ ਹੋਈ ਸੀ; ਇਲਾਕੇ ਦੇ ਲੀਡਰਾਂ ਨਾਲ਼ ਇਹਦਾ ਜੋੜ-ਮੇਲ਼ ਸੀ। ਚੋਣਾਂ ਵੇਲ਼ੇ ਇਹ ਕਾਮਰੇਡਾਂ ਨਾਲ਼ ਹੁੰਦਾ। ਖਾਣਪੀਣ ਦਾ ਸ਼ੁਕੀਨ ਸੀ। ਇਹਨੂੰ ਛਿੰਞਾਂ ਮੇਲਿਆਂ ਤੇ ਘੋਲ਼-ਕਬੱਡੀਆਂ ਦੇਖਣ ਦਾ ਠਰਕ ਵੀ ਸੀ। ਸ਼ਾਇਰੀ, ਕਿੱਸੇ ਤੇ ਗੌਣ-ਪਾਣੀ ਸੁਣਨ ਦਾ ਵੀ ਸੌਂਕ ਸੀ। ਇਹ ਪੂਰੇ ਠਾਠ ਨਾਲ਼ ਰਹਿੰਦਾ ਰਿਹਾ। ਨਿੱਕੇ ਹੁੰਦਿਆਂ ਤੋਂ ਹੀ ਇਹਦੀ ਘੋੜੇ ’ਤੇ ਚੜ੍ਹੇ ਦੀ ਫ਼ੋਟੋ ਦੇਖਦਾ ਆਇਆ ਹਾਂ। ਇਸ ਫ਼ੋਟੋ ਚ ਇਹ ਕੋਈ ਮਹਾਰਾਜਾ ਲਗਦਾ ਹੈ। ਤਿੱਲੇ ਨਾਲ਼ ਕੱਢੀ ਹੋਈ ਨੋਕਾਂ ਵਾਲ਼ੀ ਜੁੱਤੀ। ਸ਼ਾਹੀ ਲਿਬਾਸ। ਗਲ਼ ਚ ਕੈਂਠਾ। ਮੂੰਹ ’ਤੇ ਖੜੀਆਂ ਵੱਡੀਆਂ ਭਰਵੀਆਂ ਮੁੱਛਾਂ। ਦਾੜ੍ਹੀ ਮੁੰਨੀ ਹੋਈ। ਸ਼ਾਹੀ ਤਰਜ਼ ਦੀ ਸਿਰ ’ਤੇ ਪੱਗ। ਛਾਤੀ ਦਾ ਚੌੜਾਅ। ਮੁਸਕੜੀ ਹਾਸਾ। ਚਿਹਰੇ ਤੇ ਸ਼ਾਹੀ ਜਲੌਅ। ਹੱਥ ਚ ਹਥਿਆਰ। ਇਹ ਫ਼ੋਟੋ ਤਾਏ ਨੇ ਕਿਤੇ ਮੇਲੇ ਚ ਖਿਚਾਈ ਹੋਣੀ ਆਂ। ਪਰ ਤਾਏ ਦੀ ਰੂਹ ਵੀ ਏਦਾਂ ਦੀ ਹੀ ਸੀ। ਪੂਰੀ ਸ਼ਾਹਾਨਾ। ਏਸ ਫ਼ੋਟੋ ਦਾ ਅਸਰ ਅਜੇ ਵੀ ਪੂਰਾ ਹੈ। ਫੋਟੋ ਦੇਖ ਕੇ ਕਨੇਡਾ ਵਸਦੇ ਇਹਦੇ ਵੱਡੇ ਪੁੱਤ ਨੂੰ ਵੀ ਲੋਕ ਪੁੱਛਦੇ: ਭਲਾ ਤੇਰਾ ਬਾਪ ਕਿੱਥੋਂ ਦਾ ਮਹਾਰਾਜਾ ਹੈ? ਘੱਟ ਜ਼ਮੀਨ ਦੇ ਬਾਵਜੂਦ ਵੀ ਤਾਏ ਨੇ ਨੌਕਰ ਰੱਖ ਕੇ ਵਾਹੀ ਕੀਤੀ। ਪਿੰਡ ਚ ਸਭ ਤੋਂ ਪਹਿਲਾਂ ਟੈਰਾਂ ਵਾਲ਼ਾ ਗੱਡਾ ਵੀ ਇਹਨੇ ਹੀ ਬਣਾਇਆ ਸੀ। ਫਿਰ ਇਹਦਾ ਵੱਡਾ ਪੁੱਤ ਕਨੇਡਾ ਚਲਾ ਗਿਆ, ਤਾਂ ਇਹਨੂੰ ਹੋਰ ਮੌਜਾਂ ਹੋ ਗਈਆਂ। ਫਿਰ ਇਹਦਾ ਛੋਟਾ ਪੁੱਤ ਵੀ ਟੱਬਰ ਸਣੇ ਕਨੇਡੇ ਚਲਾ ਗਿਆ ਤਾਂ ਇਹ ਆਪ ਵੀ ਉਥੇ ਚਲਾ ਗਿਆ।

ਤਾਏ ਦਾ ਨਿਆਣਿਆਂ ਨਾਲ਼ ਬੜਾ ਮੋਹ ਹੁੰਦਾ ਸੀ। ਲਾਡ ਨਾਲ਼ ਇਹ ਨਿੱਕਿਆਂ ਨੂੰ ਡੱਡੇ ਜਾਂ ਮੱਲਾ ਕਹਿ ਕੇ ਬੁਲਾਉਂਦਾ। ਲੋਹੜੀ ਦੇ ਦਿਨੀਂ ਲੋਹੜੀ ਮੰਗਦਿਆਂ ਮੁੰਡਿਆਂ ਨੂੰ ਘਰ ਸੱਦ ਕੇ ਲੋਹੜੀ ਗਾਉਂਦਿਆਂ ਸੁਣਨਾ। ਜਦੋਂ ਉਨ੍ਹਾਂ ਕਹਿਣਾ: ਕਣਕਾਂ ਵਿਚ ਬਟੇਰੇ, ਦੋ ਸਾਧੂ ਦੇ ਦੋ ਮੇਰੇ, ਤਾਂ ਤਾਏ ਨੇ ਸ਼ੁਗਲ ਕਰਦਿਆਂ ਕਹਿਣਾ: ਚਲੋ ਫੇ, ਮੇਰੇ ਆਲ਼ੇ ਤਾਂ ਦੋਵੇਂ ਮੈਨੂੰ ਦੇ ਦਿਓ। ਤਾਏ ਨੇ ਆਪ ਵੀ ਖ਼ੁਸ਼ ਹੋ ਜਾਣਾ ਤੇ ਨਿਆਣਿਆਂ ਨੂੰ ਵੀ ਖ਼ੁਸ਼ ਕਰ ਦੇਣਾ।

ਸਾਧੂ ਚੰਦੇ ਦਾ, ਪਿੰਡ ਦਾ ਨਾਮਲੂਮ ਮੁੰਡਾ ਸੀ। ਨਵੇਂ ਪਿੰਡ ਦਾ। ਤੂਫ਼ਾਨ ਵਾਂਗੂ ਉੱਠਿਆ। ਕਬੱਡੀਆਂ ਖੇਡਿਆ, ਜਲੰਧਰ ਸਪੋਰਟਸ ਸਕੂਲੇ ਚਲਾ ਗਿਆ। ਜਬ੍ਹੇ ਵਾਲ਼ੇ ਕਬੱਡੀ ਕੋਚ, ਅਜੀਤ ਸਿੰਘ ਮਾਲੜੀ, ਦਾ ਲਾਡਲਾ ਚੇਲਾ ਹੋਇਆ। ਕੌਡੀ ਪਾਉਣ ਜਾਂਦਾ, ਤਾਂ ਜਾਫੀਆਂ ਨੂੰ ਵਖ਼ਤ ਪੈ ਜਾਂਦਾ। ਥੱਪ-ਥੱਪ ਕਰਦਾ ਭੱਜਾ ਜਾਂਦਾ। ਧਰਤੀ ਹਿਲਾਉਂਦਾ। ਮੋਹਰਲੇ ਕਹਿੰਦੇ: ਲੈ ਬਈ ਸਾਧੂ ਸਾਹ ਪਾਉਣ ਆਉਂਦਾ ਈ – ਖ਼ਬਰਦਾਰ ਹੋ ਜਾਓ। ਗੇਲੀਆਂ ਵਰਗੇ ਪੱਟ। ਫ਼ੌਲਾਦੀ ਜੁੱਸਾ। ਆਂਢ-ਗੁਆਂਢ ਪਿੰਡਾਂ ਦੇ ਨਵੇਂ ਉੱਠਦੇ ਮੁੰਡੇ ਵੀ ਇਹਦੇ ਵਰਗਾ ਬਣਨਾ ਲੋਚਦੇ। ਖੇਡਾਂ ਚ ਪਿੰਡ ਨੂੰ ਬਲਾਕ, ਜ਼ਿਲੇ ਤੇ ਪੰਜਾਬ ਤਾਂਈ ਪਛਾਣ ਦੇ ਗਿਆ। ਸਾਰੇ ਪਾਸੇ ਸਾਧੂ ਹੀ ਸਾਧੂ ਹੋ ਗਈ। ਪਰ ਇਹ ਜਮਾਤਾਂ ਪਾਸ ਨਾ ਹੋਇਆ। ਤਿੰਨ ਚਾਰ ਸਾਲ ਹੀ ਖੇਡ ਸਕਦਾ ਸੀ – ਖੇਡ ਕੇ ਘਰੇ ਬਹਿ ਗਿਆ। ਵਾਹੀ ਚ ਪੈ ਗਿਆ। ਛੇਤੀ ਹੀ ਰਹਿ ਗਿਆ; ਟਹਿਲ ਖੁਣੋਂ।

ਸਾਧੂ ਪਾਖਰ ਦਾ, ਬਾਲਮੀਕੀਆਂ ਦਾ ਮੁੰਡਾ ਸੀ। ਚੌਂਹ ਭਰਾਵਾਂ ਚੋਂ ਸਭ ਤੋਂ ਛੋਟਾ। ਪੇਟ ਘਰੋੜੀ ਦਾ। ਸਵਾ ਛੇ ਫ਼ੁੱਟ ਜਵਾਨ ਨਿਕਲ਼ਿਆ। ਗੁਲਗੁਲੇ ਪੱਟ ਸਜਦੇ, ਉੱਤੇ ਮੋਰਨੀਆਂ ਪੈਲਾਂ ਪਾਉਂਦੀਆਂ ਫਿਰਦੀਆ। ਕੱਛੇ ਨੂੰ ਪਾਸਿਆਂ ਤੋਂ ਰਤਾ ਕੁ ਟੰਗ ਕੇ ਰੱਖਦਾ। ਇਹ ਝੂਮਦਾ ਫਿਰਦਾ ਗਲੀਆਂ ਵਿਚ ਦੀ ਲੰਘਦਾ। ਧਿਆਨ ਖਿੱਚਦਾ। ਇਹਦਾ ਮੁਸਕੜੀਏਂ ਹੱਸਣਾ ਤੇ ਮੁਸ਼ਕੀ ਰੰਗ ਵੀ ਸਜਦਾ। ਲੋਕ ਲੰਘਦੇ ਵੜਦੇ ਨੂੰ ਦੇਖ ਕੇ ਹਰਖ ਕਰਦੇ। ਇਹ ਤਕੜਾ ਕਾਮਾ ਹੋਇਆ। ਜੱਟ ਜ਼ਿੰਮੀਦਾਰ ਇਹਨੂੰ ਕਾਮਾ ਰੱਖਣ ਲਈ ਲਾਲਚ ਦਿੰਦੇ, ਕਈ ਢੰਗ ਤਰੀਕੇ ਵਰਤਦੇ। ਫਿਰ ਇਹ ਮਾਸਕਟ ਚਲਾ ਗਿਆ ਤੇ ਵਾਪਸ ਆ ਕੇ ਟੈਂਪੂ ਵਾਹੁਣ ਲਗ ਪਿਆ। ਟੈਂਪੂ ਤੇ ਖੜੇ ਦਾ ਇਹਦਾ ਸਰੀਰ ਦੂਰੋਂ ਹੀ ਦਿਸ ਪੈਂਦਾ।

ਚੌਥਾ ਬੂੜਾ ਸਿੰਘ ਦਾ ਸਾਧੂ ਸੋਂਹ ਸੀ। ਮੇਰੇ ਲਈ ਇਹ ਵੱਡਾ ਬੰਦਾ ਸੀ। ਉਮਰ ਚ ਵੀ ਇਹ ਸਾਰਿਆਂ ਤੋਂ ਵੱਡਾ ਸੀ। ਕਹਿਣੀ ਕਰਨੀ ਚ ਵੀ ਪੂਰਾ। ਸਾਰਾ ਪਿੰਡ ਇਹਨੂੰ ਸਾਧੂ ਝੀਰ ਕਹਿੰਦਾ ਸੀ; ਜਾਂ ਝੀਰਾਂ ਦਾ ਸਾਧੂ। ਮੈਂ ਇਹਨੂੰ ਤਾਇਆ ਕਹਿੰਦਾ ਸੀ। ਇਹ ਚੌਂਹ ਭਾਈਆਂ ਚੋਂ ਸੱਭ ਤੋਂ ਵੱਡਾ ਸੀ। ਬਾਬੇ ਬੂੜੇ ਦਾ ਜੇਠਾ ਪੁੱਤ। ਏਦੂੰ ਛੋਟਾ ਅਰਜਣ; ਫਿਰ ਮੱਖਣ ਸਿੰਘ ਤੇ ਸੱਭ ਤੋਂ ਛੋਟਾ ਮਨਮੋਹਣ ਸਿੰਘ। ਅਰਜਣ ਵੀ ਮੇਰੇ

ਤਾਏ ਦਾ ਪੱਕਾ ਆੜ੍ਹੀ ਸੀ। ਤਾਇਆ ਸਾਧੂ ਆਪ ਗੁਣਾਂ ਦੀ ਗੁੱਥਲੀ ਸੀ। ਹਰਫ਼ਨ ਮੌਲਾ। ਇਹ ਬਹੁਤੇ ਠੰਢੇ ਸੁਭਾਅ ਦਾ ਸੀ। ਮਿੱਠੇ ਮਿੱਠੇ ਬੋਲ, ਮਿਣ ਤੋਲ ਕੇ ਬੋਲਦਾ। ਰੁਤਬੇ ਤੇ ਉਮਰ ਦੇ ਹਿਸਾਬ ਨਾਲ਼। ਕੰਮ ਭਾਂਵੇ ਕੋਈ ਵੀ ਹੋਵੇ ਇਹਦੇ ਮੋਹਰੇ ਅੜਦਾ ਨਹੀਂ ਸੀ। ਇਹਦੇ ਹੱਥ ਚ ਕੋਈ ਬਰਕਤ ਸੀ। ਜਿਹੜੇ ਵੀ ਕੰਮ ਨੂੰ ਹੱਥ ਪਾਉਂਦਾ, ਕੰਮ ਇਹਦੇ ਅੱਗੇ ਲੱਗ ਤੁਰਦਾ। ਭੱਜ ਤੁਰਦਾ। ਤਾਏ ਦੀ ਨੀਅਤ ਬਾਹਲ਼ੀ ਸਾਫ਼ ਸੀ। ਕਿਸੇ ਨਾਲ਼ ਵੈਰ ਨਹੀਂ ਵਿਰੋਧ ਨਹੀਂ। ਗੁੱਸਾ ਇਹਦੇ ਲਾਗੇ ਨਹੀਂ ਸੀ ਪੋਂਹਦਾ। ਕੋਈ ਵਲ਼ ਨਹੀਂ, ਫ਼ਰੇਬ ਨਹੀਂ। ਦਸਾਂ ਨੌਹਾਂ ਦਾ ਕਿਰਤੀ।

ਪਹਿਲਾਂ ਇਹ ਜੱਦੀ ਕੰਮ ਕਰਦੇ ਰਹੇ – ਜੱਟਾਂ ਜ਼ਿੰਮੀਦਾਰਾਂ ਦੇ ਸਾਲ ਭਰ ਪਾਣੀ ਭਰੀ ਜਾਣਾ। ਪਹਿਲੀਆਂ ਚ ਵਹਿੰਗੀਆਂ ’ਤੇ; ਫਿਰ ਘੜਿਆਂ ਨਾਲ਼। ਹਾੜੀ ਸੌਣੀ ਮਿਹਨਤ ਲੈ ਲੈਣੀ। ਵਾਢੀਆਂ ਦੇ ਦਿਨੀਂ, ਵਾਢਿਆਂ ਨੂੰ ਪਾਣੀ ਪਿਲ਼ਾ ਦੇਣਾ। ਵਿਆਹ ਸ਼ਾਦੀਆਂ ’ਤੇ ਹੱਥ ਵਟਾ ਦੇਣਾ। ਪਾਣੀ ਢੋਅ ਦੇਣਾ। ਇਹਦਾ ਬਾਪ ਕਿਰਸੀ ਸੀ। ਲਵੇਰਾ ਜ਼ਰੂਰ ਰੱਖਦਾ। ਦੱਸਣ ਵਾਲ਼ੇ ਦਸਦੇ ਹਨ ਕਿ ਤਾਏ ਸਾਧੂ ਦਾ ਘੁਲ਼ਣ ਨੂੰ ਵੀ ਹੱਥ ਚੰਗਾ ਸੀ ਤੇ ਕਬੱਡੀ ਨੂੰ ਵੀ। ਪਿੰਡ ਦੇ ਚੜ੍ਹਦੀ ਮਾਲੀ ਮੁੰਡੇ ਇਹਨੂੰ ਕਬੱਡੀ ਖੇਡਣ ਨੂੰ ਨਾਲ਼ ਲੈ ਕੇ ਜਾਂਦੇ। ਉਨ੍ਹਾਂ ਕਹਿਣਾ: ਚਾਚਾ, ਬੱਸ ਫ਼ਲਾਨੇ ਨੂੰ ਤੂੰ ਸਾਂਭ ਲੈ, ਬਾਕੀ ਦਿਆਂ ਨੂੰ ਅਸੀਂ ਨਹੀਂ ਛੱਡਦੇ। ਉਹੀ ਗੱਲ ਹੋਣੀ। ਤਾਏ ਨੇ ਜੱਫੇ ਮਾਰਨੇ, ਤਾਂ ਪਹਾੜ ਵਾਂਗੂੰ ਮੋਹਰੇ ਖੜ੍ਹ ਜਾਣਾ। ਸਾਹ ਪਾਉਣਾ, ਤਾਂ ਜਾਫੀਆਂ ਨੂੰ ਵਖ਼ਤ ਪੈ ਜਾਣਾ। ਇਹਨੇ ਭੇਡਾਂ ਬੱਕਰੀਆਂ ਵਾਂਗੂੰ ਮੋਹਰੇ ਲਾ ਲੈਣੇ। ਏਧਰੋਂ ਓਧਰ ਤੇ ਓਧਰੋਂ ਏਧਰ ਭਜਾਈ ਫਿਰਨੇ। ਦੋਹੀਂ ਪਾਸੀਂ ਧੂਹ ਪਾਈ ਜਾਣੀ। ਤਾਏ ਦੇ ਸਿਰ ’ਤੇ ਮੁੰਡਿਆਂ ਬਾਜ਼ੀ ਮਾਰ ਲੈਣੀ। ਤਾਏ ਨੇ ਮੁੰਡਿਆਂ ਦਾ ਹੌਂਸਲਾ ਵਧਾਉਣਾ। ਸਹਿਜ-ਸੁਭਾਅ ਕਹਿਣਾ: ਤੁਸੀਂ ਐਵੇਂ ਮੈਨੂੰ ਨਾਲ਼ ਖਿੱਚੀ ਧੂਹੀ ਫਿਰਦੇ ਆਂ, ਦੇਖ ਲਓ ਇਹ ਕੰਮ ਤਾਂ ਤੁਸੀਂ ਆਪ ਹੀ ਸਰ ਕਰ ਲਿਆ ਹੈ। ਪਿਛਲੀ ਵਾਰੀ ਵੀ ਏਦਾਂ ਹੀ ਕੀਤੀ ਸੀ। ਹੁਣ ਤੁਸੀਂ ਜੁਆਨ ਹੋ ਗਏ ਆਂ। ਤਾਇਆ ਵਧਾਉਂਦਾ ਤਾਂ ਮੁੰਡਿਆਂ ਦਾ ਹੌਸਲਾ ਈ ਸੀ।

ਇਹ ਇਲਾਕੇ ਦਾ ਮੰਨਿਆ ਚੋਬ੍ਹਾ ਵੀ ਨਿਕਲ਼ਿਆ। ਸਬਮਰਸੀਬਲਾਂ, ਟਿਊਬਵੈੱਲਾਂ ਤੋਂ ਪਹਿਲਾਂ ਪੰਜਾਬ ਚ ਖੂਹ ਲਗਦੇ ਹੁੰਦੇ ਸੀ। ਉਦੋਂ ਤਾਏ ਦਾ ਕੰਮ ਜ਼ੋਰਾਂ ’ਤੇ ਹੁੰਦਾ ਸੀ। ਲੋਕਾਂ ਕਹਿਣਾ: ਸਾਧੂ ਨੂੰ ਸੱਦੋ। ਉਹਦੀ ਰੈਅ ਪੁੱਛੋ; ਨਾਲ਼ੇ ਪੁੱਛੋ ਬਈ ਇਹਦਾ ਵਿਹਲ ਕਦੋਂ ਕੁ ਹੈ। ਖੂਹ ਦਾ ਟੱਕ ਲਾਉਣ ਤੋਂ ਪਹਿਲਾਂ ਇਹਦੇ ਤੋਂ ਹਾਂ ਕਰਵਾ ਲੈਣੀ। ਟੱਕ ਲਾਉਣ ਵੇਲ਼ੇ ਅਰਦਾਸਾਂ ਕਰਨੀਆਂ। ਤਾਏ ਨੇ ਵੀ ਨਾਲ਼ ਹੋਣਾ। ਇਹਨੇ ਦੱਸਣਾ: ਹੁਣ ਧਰਤੀ ਜਾਗਦੀ ਹੈ। ਹੁਣ ਟੱਕ ਲਾਓ। ਸਿਆਣਿਆਂ ਕਹਿਣਾ: ਸਾਧੂ ਨੂੰ ਨਾਲ਼ ਲੈ ਕੇ ਤੁਰਿਓ, ਫਿਰ ਤੁਹਾਡਾ ਕੰਮ ਬੰਨੇ ਲਗ ਜਾਊ। ਇਹ ਸਾਫ਼ ਨੀਅਤ ਦਾ ਦਰਵੇਸ਼ ਆਦਮੀ ਆ। ਮਿੱਟੀ ਪੱਟ ਪੱਟ ਜਦੋਂ ਪਾਣੀ ਹਾਂਡੇ ਚਲੇ ਜਾਣਾ, ਤਾਂ ਗੰਡ ਬਣਾ ਕੇ ਉੱਤੇ ਖੂਹ ਦੀਆਂ ਕੰਧਾਂ ਉਸਾਰ ਲੈਣੀਆ, ਤਾਂ ਤਾਏ ਦੀ ਵਾਰੀ ਆ ਜਾਣੀ। ਇਹਨੇ ਫਿਰ ਉਹ ਖੂਹ ਹੌਲ਼ੀ ਹੌਲ਼ੀ ਹੇਠਾਂ ਗਾਲ਼ਣਾ। ਥੱਲਿਓਂ ਮਿੱਟੀ ਕੱਢ ਕੱਢ ਕੇ ਕੰਧਾਂ ਤੇ ਰੱਖੇ ਛਾਤੇ ਤੇ ਪਾਈ ਜਾਣੀ। ਏਦਾਂ ਖੂਹ ਦੀ ਕੰਧ ਹੇਠੋਂ ਮਿੱਟੀ ਪਟ-ਪਟ ਹੌਲ਼ੀ ਹੌਲ਼ੀ ਹੇਠਾਂ ਨੂੰ ਤੋਰੀ ਜਾਣੀ। ਪਾਂਡੂ ਤੇ ਜਾ ਕੇ ਜਦੋਂ ਖੂਹ ਬਿਠਾਓਣਾ ਤਾਂ ਸਭ ਨੂੰ ਖ਼ਬਰਦਾਰ ਕਰ ਦੇਣਾ: ਲੈ ਬਈ, ਹੁਣ ਖਿਆਲ ਰੱਖਿਓ; ਖੂਹ ਛਾਲ਼ ਮਾਰਨ ਵਾਲ਼ਾ ਈ ਓ। ਰਹਿੰਦੀ ਮਿੱਟੀ ਵੀ ਜਦੋਂ ਪੈਰਾਂ ਹੇਠੋਂ ਕੱਢ ਦੇਣੀ ਤਾਂ ਖੂਹ ਇਕ ਦਮ ਹੱਥ-ਹੱਥ ਦੋ-ਦੋ ਹੱਥ ਥੱਲੇ ਡਿੱਗ ਪੈਣਾ। ਪਾਣੀ ਇਕ ਦੱਮ ’ਤਾਂਹ ਚੜ੍ਹ ਆਉਣਾ।

ਚੁੱਬੀਆਂ ਮਾਰਦੇ ਤਾਏ ਦੇ ਕੇਸ ਆਪੇ ਈ ਖੁੱਲ੍ਹ ਜਾਣੇ ਤੇ ਵਿੱਚੋਂ ਰੜਾ ਪਟੱਕ ਸਿਰ ਨਿਕਲ਼ ਆਉਣਾ – ਲਟੂਰੀਆਂ ਪਾਸਿਆਂ ਨੂੰ ਲਟਕ ਜਾਣੀਆਂ। ਜਦੋਂ ਖੂਹੀ ਥੱਲੇ ਚਲੇ ਜਾਣੀ, ਉੱਤੇ ਮਿਸਤਰੀਆਂ ਨੇ ਹੋਰ ਬਣਾ ਦੇਣੀ। ਅਖ਼ੀਰ ਤੇ ਪੱਕੀ ਮੌਣ ਬਣਾਉਣੀ। ਤਾਏ ਨੇ ਹੋਰ ਕਿਸੇ ਪਾਸੇ ਧਿਆਨ ਨਾ ਕਰਨਾ। ਖੂਹ ਚਲਦਾ ਕਰਕੇ ਹੀ ਹਟਣਾ। ਫਿਰ ਖ਼ਵਾਜੇ ਖ਼ਿਜ਼ਰ ਦੇ ਦਲ਼ੀਏ ਦੇਣੇ। ਮਿੱਠੇ ਚੌਲ਼ ਤੇ ਗੁੜ ਵੰਡਣੇ। ’ਖੰਡ ਪਾਠ ਹੋਣੇ। ਕੜਾਹ ਪ੍ਰਸਾਦਿ ਦੀਆਂ ਦੇਗਾਂ ਵਰਤਾਉਣੀਆਂ। ਖੂਹ ਲਵਾਉਣ ਵਾਲ਼ਿਆਂ ਦੀ ਬੱਲੇ-ਬੱਲੇ ਹੋ ਜਾਣੀ – ਬਈ ਫ਼ਲਾਨਿਆਂ ਨੇ ਖੂਹ ਲਵਾਇਆ। ਫਿਰ ਖੂਹਾਂ ਦੀ ਵੁੱਕਤ ਘਟ ਗਈ। ਤਾਇਆ ਨਲ਼ਕੇ ਲਾਉਣ ਲੱਗ ਪਿਆ। ਇਹ ਕੰਮ ਖੂਹ ਲਾਉਣ ਨਾਲ਼ੋਂ ਸੌਖਾ ਸੀ। ਪਰ ਨਲ਼ਕੇ ਖ਼ਰਾਬ ਹੋਏ ਰਹਿੰਦੇ। ਬੋਕੀਆਂ ਪਾਟ ਜਾਂਦੀਆਂ। ਪੈਪਾਂ ਚ ਮੋਰੀਆਂ ਹੋ ਜਾਂਦੀਆਂ ਜਾਂ ਫਟ ਜਾਂਦੇ। ਨਲ਼ਕੇ ਰੇਤ ਮਾਰਨ ਲੱਗ ਪੈਂਦੇ। ਤਾਏ ਦੀਆਂ ਲੋੜਾਂ ਪੈਣੀਆਂ। ਨਾਲ਼ ਨਾਲ਼ ਇਹ ਵਿਰਲ਼ੇ ਵਿਰਲ਼ੇ ਮੋਟਰਾਂ ਦੇ ਬੋਰ ਵੀ ਕਰਨ ਲੱਗ ਪਿਆ।

ਤਾਏ ਨੂੰ ਚੋਬ੍ਹਗਿਰੀ ਕਰਦੇ ਨੂੰ ਸੱਭ ਤੋਂ ਔਖਾ ਕੰਮ ਖੂਹਾਂ-ਖੂਹੀਆਂ ਚ ਡਿੱਗੇ ਬੰਦੇ ਕੱਢਣ ਦਾ ਹੁੰਦਾ ਸੀ। ਖੂਹੀਆਂ ਚ ਡਿੱਗੇ ਤਾਂ ਬਹੁਤ ਸਾਰੇ ਜੀਂਦੇ ਹੀ ਨਿਕਲ਼ ਆਉਂਦੇ ਸੀ। ਪਰ ਖੂਹ ਚ ਡਿੱਗਿਆਂ ਦੀਆਂ ਕਈ ਵਾਰ ਲਾਸ਼ਾਂ ਹੀ ਨਿਕਲਦੀਆਂ। ਤਾਏ ਨੂੰ ਏਸੇ ਗੱਲ ਦਾ ਹੀ ਡਰ ਹੁੰਦਾ ਸੀ। ਖੇਡਦੇ ਮੱਲ੍ਹਦੇ ਬਾਲ ਪਲਾਂ ਚ ਲਾਸ਼ਾਂ ਬਣ ਜਾਂਦੇ। ਜਦੋਂ ਇਹਨੂੰ ਏਸ ਗੱਲ ਦੀ ਸੁੰਧਕ ਲੱਗਣੀ, ਬਈ ਕੋਈ ਖੂਹ ਚ ਡਿੱਗ ਪਿਆ, ਤਾਂ ਇਹਨੇ ਬੱਸ ਦੁੜਕੀ ਭੱਜਣਾ। ਇਹਦਾ ਮੂੰਹ ਦੇਖਣ ਵਾਲ਼ਾ ਹੁੰਦਾ ਸੀ, ਜਦੋਂ ਇਹਨੇ ਮੋਢਿਆਂ ’ਤੇ ਬੰਦਾ ਰੱਖੀ ਬਾਹਰ ਨਿਕਲਣਾ। ਫਿਰ ਘੜੇ ’ਤੇ ਮੂਧਾ ਪਾ ਕੇ ਹੌਲ਼ੀ ਹੌਲ਼ੀ ਦੱਬਣਾ। ਮੂੰਹ ਚੋਂ ਪਾਣੀ ਕੱਢਣਾ। ਜਦੋਂ ਬੱਘ ਬੱਘ ਕਰਦਾ ਪਾਣੀ ਨਿਕਲ ਆਉਣਾ ਤਾਂ ਸੁਰਤ ਆ ਜਾਣੀ। ਲੋਕਾਂ ਤਾਏ ਦੇ ਗੁਣ ਗਾਉਣੇ। ਜੇ ਕਿਤੇ ਲਾਸ਼ ਕੱਢ ਕੇ ਲਿਆਉਣੀ, ਤਾਂ ਇਹਨੇ ਟੱਬਰ ਨਾਲ਼ ਦੁਖ-ਸੁਖ ਕਰਕੇ ਛੇਤੀ ਛੇਤੀ ਓਥੋਂ ਨਿਕਲਣ ਦੀ ਕਰਨੀ। ਲਾਸ਼ ਨੂੰ ਮੋਢੀਂ ਚੱਕਣਾ ਸੌਖਾ ਤਾਂ ਨਹੀਂ ਹੁੰਦਾ।

ਜਵਾਨੀ ਵੇਲ਼ੇ ਤਾਇਆ ਘੁਲ਼ਣ ਦਾ ਵੀ ਸ਼ੌਕੀਂ ਸੀ। ਇਹਦੇ ਘਰ ਲਵੇਰਾ ਹੁੰਦਾ ਸੀ। ਚੜ੍ਹਦੀ ਮਾਲੀ ਸੀ। ਹੱਥੀਂ ਦਸਾਂ ਨਹੁੰਆਂ ਦੀ ਕਿਰਤ ਕਰਦਾ ਸੀ, ਨਾਲ਼ੇ ਜ਼ੋਰ ਕਰਦਾ। ਦੋਹਰੀ ਮਿਹਨਤ। ਇਹ ਤਾਂ ਹਰੇਕ ਕੰਮ ਨੂੰ ਹੱਥ ਹੀ ਸੋਚ ਸਮਝ ਕੇ ਪਾਉਂਦਾ ਸੀ। ਪਿੰਡ ਛਿੰਜ ਪਈ ਤਾਂ ਇਹਦਾ ਜੋੜ ਜਗ ਸੌਂਅ ਦੇ ਕਪੂਰੇ ਨਾਲ਼ ਪਾ ਦਿੱਤਾ। ਤਾਇਆ ਹਮਾਤੜਾਂ ਦਾ ਪੁੱਤ ਸੀ, ਪਰ ਕਪੂਰਾ ਖਾਂਦੇ-ਪੀਂਦੇ ਨੌਸਰਬਾਜ਼ ਜੱਟਾਂ ਦਾ ਮੁੰਡਾ ਸੀ। ਉਹ ਸਮਝਦਾ ਸੀ ਮੈਂ ਇਹਨੂੰ ਕੀ ਸਮਝਦਾਂ – ਇਹ ਝੀਰ, ਮੈਂ ਜੱਟ। ਕਪੂਰੇ ਦਾ ਬਾਪ ਜਗ ਸੌਂਅ (ਜਗਤ ਸਿੰਘ) ਪਹਿਲੀਆਂ ਚ ਬਾਹਰ ਫਿਰ ਆਇਆ ਸੀ। ਨਵੇਂ ਪਿੰਡ ਚ ਪਹਿਲੇ ਪੱਕੇ ਚੁਬਾਰੇ ਇਨ੍ਹਾਂ ਨੇ ਪਾਏ ਸੀ। ਇਹ ਚਾਰੇ ਭਾਈ ਵਾਹੀ ਦਾ ਕੰਮ ਘੱਟ ਹੀ ਕਰਦੇ ਸੀ। ਹੱਟੀਆਂ ਭੱਠੀਆਂ ’ਤੇ ਬੈਠੇ ਰਹਿੰਦੇ। ਚੰਗਾ ਖਾਂਦੇ, ਮੰਦਾ ਬੋਲਦੇ। ਵਿਆਜੂ ਪੈਸੇ ਦਿੰਦੇ ਸੀ ਜਾਂ ਲਾਵਾਂ ਲੂਤੀਆਂ ਲਾਉਂਦੇ। ਏਧਰਲੀਆਂ ਓਧਰ,

ਓਧਰਲੀਆਂ ਏਧਰ। ਲੋਕਾਂ ਦੇ ਸਿੰਙ ਫਸਾਈ ਰਖਦੇ। ਏਸੇ ਦਾ ਖੱਟਿਆ ਖਾਂਦੇ। ਝਗੜੇ ਕਰਵਾ ਕੇ ਮਾੜੇ ਜੱਟਾਂ ਦੀ ਜ਼ਮੀਨ ਪਹਿਲਾਂ ਗਹਿਣੇ ਰੱਖ ਲੈਂਦੇ। ਕੋਰਟਾਂ-ਕਚੈਹਰੀਆਂ ਲਈ ਹੋਰ ਵਿਆਜੂ ਪੈਸੇ ਦੇਈ ਜਾਂਦੇ। ਫਿਰ ਸਰਫ਼ੇ ਦੇ ਸਿਆੜ ਵੀ ਆਵਦੇ ਨਾਂ ਕਰਵਾ ਕੇ ਹੀ ਸਾਹ ਲੈਂਦੇ। ਮਗਰੋਂ ਵਿਚ ਪੈ ਕੇ ਰਾਜ਼ੀਬੰਦਾ ਕਰਵਾ ਕੇ ਭੱਲ ਵੀ ਖੱਟ ਲੈਂਦੇ। ਤਾਏ ਨੇ ਮਨ ਚ ਪਹਿਲਾਂ ਹੀ ਜੁਗਤ ਲੜਾ ਲਈ। ਇਹਨੇ ਜਾਂਦਿਆਂ ਹੀ ਕਪੂਰੇ ਨੂੰ ਐਸਾ ਧੋਬੀ ਪਟੜਾ ਮਾਰਿਆ ਕਿ ਕਪੂਰਾ ਚਾਰੇ ਖਾਨੇ ਚਿੱਤ ਕਰ ਤਾ। ਤਾਏ ਨੇ ਇਹਨੂੰ ਪਤਾ ਵੀ ਨਾ ਲੱਗਣ ਦਿੱਤਾ। ਕਪੂਰਾ ਖਸਿਆਣ-ਜਿਹਾ ਹੋ ਗਿਆ। ਜਦੋਂ ਇਹਨੇ ਕਪੂਰੇ ਦਾ ਮੋਢਾ ਲਾਇਆ, ਤਾਂ ਹਾਅ ਲਾਅ ਲਾਅ ਲਾਅ, ਹਾਅ ਲਾਅ ਲਾਅ ਲਾਅ ਹੋ ਗਈ। ਓਅ ਸਾਧੂ ਨੇ ਜਗ ਸੌਂ ਦੇ ਕਪੂਰੇ ਨੂੰ ਢਾਅ ਲਿਆ। ਓਅ ਸਾਧੂ ਨੇ ਜਗ ਸੌਂ ਦੇ ਕਪੂਰੇ ਨੂੰ ਢਾਅ ਲਿਆ। ਇਹਦੀ ਖੁਸ਼ੀ ਤਾਏ ਨੂੰ ਸੀ, ਤੇ ਬਾਬੇ ਬੂੜੇ ਨੂੰ ਵੀ। ਕਿਸੇ ਕੰਮੀ ਕਮੀਣ ਨੇ ਢੁੱਡਾਂ ਵਾਲ਼ਿਆਂ ਦੀ ਪਿੱਠ ਜੁ ਲਾਈ ਸੀ। ਉਹ ਵੀ ਸਾਰੇ ਪਿੰਡ ਦੇ ਸਾਹਮਣੇ। ਪਰ ਬਹੁਤੀ ਖ਼ੁਸ਼ੀ ਆਮ ਲੋਕਾਂ ਨੂੰ ਸੀ। ਹਮਾਤੜਾਂ ਨੂੰ ਹੁਣ ਬ੍ਰਹਮ ਸ਼ਾਸ਼ਤਰ ਮਿਲ਼ ਗਿਆ ਸੀ। ਜਰਾ ਕੁ ਹਲਕੇ ਜੱਟਾਂ ਦੀ ਲੱਤ ਵੀ ਹੁਣ ਕਪੂਰੇ ਉੱਤੇ ਹੋ ਗਈ ਸੀ। ਜਿਹੜਾ ਕਪੂਰਾ ਪਹਿਲਾਂ ਬਾਂ-ਬਾਂ ਕਰਦਾ ਫਿਰਦਾ ਹੁੰਦਾ ਸੀ, ਫਿਰ ਲੋਕਾਂ ਕਪੂਰੇ ਨੂੰ ਗੱਲ ਕਰਦੇ ਨੂੰ ਝੱਟ ਟੋਕ ਦੇਣਾ। ਕਹਿਣਾ: ਛੱਡ ਪਰ੍ਹੇ ਕਪੂਰਿਆ ਤੂੰ ਕਿੱਥੇ ਗੱਲ ਕਰਨ ਜੋਗਾਂ, ਤੂੰ ਤਾਂ ਝੀਰਾਂ ਦੇ ਸਾਧੂ ਤੋਂ ਢਹਿ ਗਿਆ। ਇਹ ਨਿਮੋਸ਼ੀ ਬੜਾ ਚਿਰ ਇਹਨੂੰ ਸਹਿਣੀ ਪਈ। ਇਹਦੇ ਚ ਕਪੂਰੇ ਦਾ ਕਸੂਰ ਤਾਂ ਕੋਈ ਨਹੀਂ ਸੀ। ਤਾਏ ਨੇ ਤਾਂ ਇਹਨੂੰ ਢਾਉਣਾ ਹੀ ਢਾਉਣਾ ਸੀ। ਇਹਦਾ ਤਾਏ ਨਾਲ਼ ਕਿਸੇ ਵੀ ਤਰ੍ਹਾਂ ਦਾ ਮੁਕਾਬਲਾ ਨਹੀਂ ਸੀ।

ਤਾਇਆ ਕਪੜੇ ਵੀ ਸੀਅ ਲੈਂਦਾ ਸੀ। ਸਕੂਲ ਦੇ ਬਹੁਤੇ ਮੁੰਡਿਆਂ ਦੀਆਂ ਖ਼ਾਕੀ ਵਰਦੀਆਂ ਵੀ ਇਹੋ ਸੀਂਦਾ। ਔਰਤਾਂ ਨੇ ਘੁੰਡ ਕੱਢੀ ਜਾਣਾ ਤੇ ਤਾਏ ਨੂੰ ਜਾ ਕੇ ਕਹਿਣਾ: ਭਾਈਆ, ਆਹ ਸਾਡੇ ਮੁੰਡੇ ਦੀ ਵਰਦੀ ਵੀ ਸੀਂਅ ਦਈ। ਇਹਨੇ ਸਾਂਈ ਲੋਕ ਨੇ ਕਿਸੇ ਨੂੰ ਨਾਂਹ ਨਾ ਕਰਨੀ। ਜੇ ਨਿਆਣਾ ਨਾਲ਼ ਹੋਣਾ, ਤਾਂ ਉਹਦਾ ਮੇਚਾ ਲੈ ਲੈਣਾ। ਜੇ ਨਾ ਹੋਣਾ ਤਾਂ ਬੱਸ ਏਨਾ ਕਹਿਣਾ: ਮੁੰਡਾ ਮੇਚਾ ਦੇ ਕੇ ਜਾਵੇ। ਜਿਸ ਦਿਨ ਦਾ ਵਾਅਦਾ ਕਰਨਾ, ਵਰਦੀ ਘਰ ਪਹੁੰਚਦੀ ਕਰ ਦੇਣੀ। ਤਾਏ ਨੂੰ ਸਕੂਲ ਖੁੱਲ੍ਹਣ ਦਾ ਆਪ ਹੀ ਹਿਸਾਬ-ਕਿਤਾਬ ਸੀ। ਆਪੇ ਹੀ ਫ਼ਿਕਰ। ਜਿਹਦੀ ਵਰਦੀ ਨਾ ਬਣਨੀ, ਇਹਨੇ ਆਪ ਸਕੂਲੇ ਜਾ ਕੇ ਮਾਸਟਰਾਂ ਨੂੰ ਕਹਿ ਆਉਣਾ, ਬਈ ਵਰਦੀ ਸੀਂਅ ਹੋ ਰਹੀ ਹੋ ਛੇਤੀ ਦੇ ਦਊਂਗਾ। ਸਵਾਂਈ ਦੇ ਪੈਸੇ ਲੈਣ ਇਹਦੀ ਘਰਵਾਲ਼ੀ ਨੇ ਘਰੋ-ਘਰੀਂ ਜਾਣਾ।

ਤਾਏ ਦਾ ਸੱਭ ਤੋ ਛੋਟਾ ਭਾਈ ਮਨਮੋਹਣ ਸਿੰਘ ਸੀ। ਇਹ ਪੜ੍ਹ ਕੇ ਚੰਡੀਗੜ ਕਿਧਰੇ ਛੋਟੀ ਮੋਟੀ ਨੌਕਰੀ ਤੇ ਲੱਗਾ ਸੀ। ਫਿਰ ਓਥੋਂ ਹੀ ਕਿਸੇ ਵਿਧ ਅਮਰੀਕਾ ਚਲੇ ਗਿਆ ਸੀ। ਚਿਰਾਂ ਬਾਅਦ ਪ੍ਰੀਤਲੜੀ ਚ ਗੁਰਬਖਸ਼ ਸਿੰਘ ਨੇ ਇਹਦੀ ਫੋਟੋ ਲਾ ਕੇ ਹੇਠਾਂ ਕੈਪਸ਼ਨ ਲਿਖਿਆ ਸੀ: ਸ੍ਰ. ਮਨਮੋਹਣ ਸਿੰਘ ਸਪੁਤਰ ਸ੍ਰ. ਬੂੜਾ ਸਿੰਘ ਪਿੰਡ ਉੱਧੋਵਾਲ਼ ਤਹਿਸੀਲ ਨਕੋਦਰ ਜ਼ਿਲਾ ਜਲੰਧਰ ਤੇ ਇਨ੍ਹਾਂ ਦੀ ਪਤਨੀ .........ਦੋਵੇਂ ਕੈਲੇਫ਼ੋਰਨੀਆਂ ਦੀ ਯੂਨੀਵਰਸਿਟੀ ਵਿਚ ਪੱਤਰਕਾਰੀ ਦੇ ਪ੍ਰੋਫ਼ੈਸਰ ਹਨ। ਪੂਰੇ ਸਫ਼ੇ 'ਤੇ ਸੁਆਰੀ ਹੋਈ ਦਾੜ੍ਹੀ ਨਾਲ਼ ਮੁਸਕਰਾਉਂਦਾ ਮਨਮੋਹਣ ਸਿੰਘ ਸਰਦਾਰ ਸਜਿਆ ਬੈਠਾ ਸੀ। ਅਪਣੀ ਅੰਗਰੇਜ਼ ਤੀਵੀਂ ਨਾਲ਼ ਖ਼ੁਸ਼ ਦਿਸਦਾ ਸੀ - ਬੂੜੇ ਝੀਰ ਦਾ ਸਾਊ ਪੁੱਤ। ਬਾਪ ਦਾ ਮਾਣ। ਤਾਏ ਤੇ ਇਹਦੇ ਭੈਣਾਂ ਭਾਈਆਂ ਨੂੰ ਤਾਂ ਮਾਣ ਹੋਣਾ ਈ ਸੀ, ਮੈਨੂੰ ਵੀ ਮਾਣ ਹੋਇਆ: ਮੇਰੇ ਪਿੰਡ ਦਾ ਬੰਦਾ ਗੁਰਬਤ ਚੋਂ ਉੱਠ ਕੇ ਮਿਹਨਤ ਨਾਲ਼ ਕਿਤੇ ਦੀ ਕਿਤੇ ਪਹੁੰਚ ਗਿਆ ਸੀ। ਹੋਰ ਅਪਣੱਤ ਜਾਗੀ। ਇਹਦਾ ਮੇਰੇ 'ਤੇ ਬੜਾ ਅਸਰ ਹੋਇਆ ਸੀ। ਇਹ ਬੜਿਆਂ ਦਾ ਰਾਹ ਦਸੇਰਾ ਬਣਿਆ। ਅਮਰੀਕਾ ਦੀ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਮਨਮੋਹਨ ਸਿੰਘ ਨੂੰ ਸਾਰਾ ਪਿੰਡ ਪਹਿਲਾਂ ਵੀ 'ਝੀਰਾਂ ਦਾ ਮੋਹਣੀ' ਕਹਿੰਦਾ ਸੀ, ਤੇ ਬਾਅਦ ਵਿਚ ਵੀ ਇਹੋ ਕਹਿੰਦਾ ਰਿਹਾ। ਬਾਅਦ ਚ ਇਹ ਕੈਲੈਫੋਰਨੀਆਂ ਦੀ ਐਨਰਜੀ ਕੰਪਨੀ ਦਾ ਡਾਇਰੈਕਟਰ ਵੀ ਲੱਗਾ ਸੀ।

ਫਿਰ ਕਿੰਨਾ ਹੀ ਚਿਰ ਮਨਮੋਹਣ ਸਿੰਘ ਦਾ ਕੋਈ ਪਤਾ ਥਹੁ ਨਾ ਲੱਗਾ। ਅਖ਼ੀਰ ਉਹਨੇ ਅਪਣੇ ਭਰਾਵਾਂ ਦਾ ਸੋਚਿਆਂ ਤਾਂ ਤਾਏ ਦੀ ਨਿਗਾਹ ਘਟਣੀ ਸ਼ੁਰੂ ਹੋ ਗਈ। ਇਹਦੇ ਮਾਰੇ ਹੰਭਲ਼ੇ ਨਾਲ਼ ਇਨ੍ਹਾਂ ਦਾ ਗਭਲਾ ਭਾਈ ਮੱਖਣ ਸਿੰਘ ਬਾਲ-ਬੱਚੇ ਨਾਲ਼ ਅਮਰੀਕਾ ਚਲੇ ਵੀ ਗਿਆ। ਤਾਏ ਦੀ ਵਾਰੀ ਆਈ, ਤਾਂ ਸੁੱਤਿਆਂ ਬੈਠਿਆਂ ਨੂੰ ਆਣ ਪਈ। ਮਨਮੋਹਣ ਸਿੰਘ ਨੂੰ ਦਿਲ ਦਾ ਦੌਰਾ ਪੈ ਗਿਆ। ਏਸ ਗੱਲ ਦਾ ਤਾਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਪ੍ਰੋਫੈਸਰ ਮਨਮੋਹਣ ਸਿੰਘ ਦੁਨੀਆ ਛੱਡ ਗਿਆ। ਤਾਏ ਦਾ ਅਮਰੀਕਾ ਦਾ ਕੰਮ ਬਣਦਾ ਬਣਦਾ ਰਹਿ ਗਿਆ। ਇਹ ਜਿੱਥੇ ਸੀ, ਓਥੇ ਦਾ ਓਥੇ ਹੀ ਰਹਿ ਗਿਆ।

ਆਪ ਤਾਇਆ ਸਭ ਨੂੰ ਸਹੀ ਰਾਏ ਹੀ ਦਿੰਦਾ ਸੀ। ਇਕ ਵਾਰ ਮੈਨੂੰ ਕਹਿੰਦਾ: ਸੋਖਿਆ ਉਰ੍ਹੇ ਆ। ਮੈਂ ਕਿਹਾ: ਦੱਸੋ ਤਾਇਆ ਜੀ। ਕਹਿੰਦਾ: ਓਦਾਂ ਤਾਂ ਤੂੰ ਸਿਆਣਾ ਈ ਆਂ, ਦੇਖ ਤੂੰ ਅਪਣੇ ਮਾਂ ਬਾਪ ਦਾ 'ਕੱਲਾ 'ਕੱਲਾ ਪੁੱਤ ਆਂ। ਤੇਰਾ ਬਾਪ ਵੀ ਸ਼ਰੀਫ਼ ਆ। ਇਨ੍ਹਾਂ ਨੂੰ ਤੇਰਾ ਉਲਾਂਭਾ ਕੋਈ ਨਹੀਂ। ਪਰ ਤੂੰ ਹੁਣ ਨਕੋਦਰ ਜਾਨਾ ਆਂ, ਮੰਡੀਰ ਤੋਂ ਬਚ ਕੇ ਰਹੀ। ਜੁਆਨੀ ਬੜੀ ਮੂੰਹ ਜ਼ੋਰ ਹੁੰਦੀ ਆ। ਇਹਦੇ ਤੇ ਘੋੜੇ ਵਾਂਗਰ ਲਗਾਮ ਪਾ ਕੇ ਰੱਖੀਦੀ ਆ। ਹਮੇਸ਼ਾਂ ਖਿੱਚਕੇ ਰਖੀਏ, ਤਾਂ ਹੀ ਕੰਮ ਸੂਤ ਰਹਿੰਦਾ। ਇਕ ਵਾਰੀ ਦੀ ਲੱਗੀ ਬਦਨਾਮੀ ਸਾਰੀ ਉਮਰ ਖਹਿੜਾ ਨਹੀਂ ਛੱਡਦੀ ਹੁੰਦੀ। ਜਿੰਨ ਵਾਂਗੂੰ ਨਾਲ਼ ਹੀ ਚਿੰਬੜੀ ਰਹਿੰਦੀ ਆ। ਫਿਰ ਤਾਏ ਨੇ ਪਿੰਡ ਦੇ ਕੁਝ ਮੁੰਡਿਆਂ ਦੇ ਨਾਂ ਲਏ। ਕਹਿੰਦਾ: ਇਨ੍ਹਾਂ ਤੋਂ ਪਰ੍ਹੇ ਰਵ੍ਹੀਂ। ਇਹ ਆਪ ਤਾਂ ਕਿਸੇ ਬਿਲੇ ਲੱਗੇ ਨਹੀਂ, ਦੂਸਰਿਆਂ ਦੀਆਂ ਵੀ ਲੱਤਾਂ ਖਿਚਦੇ ਆ। ਤੇਰੇ ਮਾਂ ਪੇ ਦੀਆਂ ਬੜੀਆਂ ਆਸਾਂ ਤੇਰੇ 'ਤੇ। ਤੇਰੇ ਬਿਨਾਂ ਇਨ੍ਹਾਂ ਦਾ ਕੋਈ ਨਹੀਂ ਹੈ। ਤੂੰ ਧਿਆਨ ਨਾਲ਼ ਆਵਦੀ ਪੜ੍ਹਾਈ ਕਰੀਂ। ਹੋਰ ਕਿਸੇ ਪਾਸੇ ਧਿਆਨ ਨਾ ਲਾਈਂ। ਦੇਖ ਸ਼ੇਰਾ, ਪੜ੍ਹੇਂਗਾ ਤੂੰ ਆਵਦਾ। ਚੰਗੀ ਨੌਕਰੀ ਕਰੇਂਗਾ, ਮਾਂ ਪੇ ਨੂੰ ਸੁੱਖ ਦੇਵੇਂਗਾ। ਪਰ ਜਸ ਤੇਰਾ ਦੁਨੀਆਂ ਗਾਊਗੀ। ਦੇਖ ਕਾਕਾ, ਇਕ ਗੱਲ ਦਾ ਚੇਤਾ ਰੱਖੀਂ। ਅਪਣਾ ਪਿੱਛਾ ਤੇ ਗਰੀਬੀ ਕਦੇ ਨਹੀਂ ਭੁੱਲੀਦੀ। ਫੇਰ ਬੰਦੇ ਤੇ ਪੈਰ ਉੱਖੜਦੇ ਨਹੀਂ। ਜ਼ਮੀਨ 'ਤੇ ਲੱਗੇ ਰਹਿੰਦੇ ਆ। ਬੰਦਾ ਭਲਾ ਇਨ੍ਹਾਂ ਸਲਾਹਾਂ ਦਾ ਮੁੱਲ ਕੀ ਮਿਥ ਸਕਦਾ। ਇਹ ਤਾਂ ਬੇਮੁੱਲੀਆਂ ਸਲਾਹਾਂ ਸੀ। ਇਨ੍ਹਾਂ ਦਾ ਮੁੱਲ ਨਹੀਂ ਤਾਰਿਆ ਜਾ ਸਕਦਾ, ਕਿਸੇ ਸੂਰਤ ਚ ਵੀ। ਮੈਂ ਕਿਹਦੇ ਪਾਣੀਹਾਰ ਹਾਂ। ਮੈਂ ਤਾਂ ਬਿਲਕੁਲ ਨਹੀਂ ਤਾਰ ਸਕਦਾ।

ਇਹ ਗੱਲਾਂ ਅਸਰਦਾਰ ਤਾਂ ਸੀਗੀਆ ਹੀ। ਇਨ੍ਹਾਂ ਦਾ ਮੇਰੇ ਲਈ ਮੁੱਲ ਏਸ ਕਰਕੇ ਵੀ ਬਹੁਤ ਸੀ ਕਿ ਇਹ ਤਾਏ ਨੇ ਕਹੀਆਂ ਹੀ ਇਸ ਹਿਸਾਬ ਨਾਲ਼ ਸੀ। ਨਾ ਇਨ੍ਹਾਂ ਚ ਕੋਈ ਤਾੜਨਾ ਸੀ। ਨਾ ਹੀ ਸ਼ੱਕ ਸੀ। ਨਾ ਹੀ ਸਮਝੌਤੀ ਤੇ ਨਾ ਹੀ ਖ਼ਬਰਦਾਰੀ। ਨਾ ਹੀ ਇਹ ਗੱਲਾਂ ਤਾਏ ਨੇ ਕਿਸੇ ਲਾਲਚ ਵਸ ਕਹੀਆਂ ਸੀ। ਨਿਰੀ ਅਪਣੱਤ ਝਲਕਦੀ ਸੀ। ਤਾਏ ਨੇ ਕਿਹੜਾ ਮੇਰੀ ਕਮਾਈ ਖਾਣੀ ਸੀ। ਪਰ ਮੈਂ ਇਹਦੇ ਕੀਤੇ ਦਾ ਭਾਰ ਕਦੇ ਨਹੀਂ ਲਾਹ ਸਕਣਾ। ਏਦੂੰ ਬਾਅਦ ਤਾਏ ਨਾਲ਼ ਮੇਰਾ ਨੇੜ ਹੋਰ ਵੱਧ ਗਿਆ। ਮੈਂ ਲੰਘਦੇ ਵੜਦੇ ਨੇ ਤਾਏ ਦੇ ਗੋਡੀਂ ਹੱਥ ਲਾਉਣਾ। ਤਾਏ ਨੇ ਰਾਜ਼ੀ ਖ਼ੁਸ਼ੀ ਪੁੱਛਣੀ। ਵਿਚ ਵਿਚਾਲ਼ੇ ਤਾਏ ਨੇ ਕੋਈ ਵੱਡੇ ਪਤੇ ਦੀ ਗੱਲ ਵੀ ਸਮਝਾ ਦੇਣੀ।

ਤਾਇਆ ਤਾਸ਼ ਦਾ ਵੀ ਅੱਵਲ ਖਿਡਾਰੀ ਸੀ ਤੇ ਪਾਸ਼ੇ ਦਾ ਵੀ। ਇਹ ਦੋਹਾਂ ਖੇਡਾਂ ਦਾ ਮਾਹਿਰ ਸੀ, ਪਰ ਇਹ ਆਦੀ ਨਹੀਂ ਸੀ। ਖੇਡਦਾ ਉਦੋਂ ਹੀ ਜਦੋਂ ਖਿਡਾਰੀ ਪੂਰੇ ਨਾ ਹੋਣੇ ਜਾਂ ਇਹ ਆਪ ਵਿਹਲਾ ਹੋਵੇ। ਤਾਸ਼ ਦੇ ਇਕ ਦੋ ਹੱਥ ਖੇਡਕੇ ਤਾਏ ਨੇ ਪੱਤਿਆਂ ਦਾ ਐਸਾ ਹਿਸਾਬ ਲਾਉਣਾ ਕਿ 'ਕੱਲੇ 'ਕੱਲੇ ਦਾ ਦੱਸ ਦੇਣਾ, ਬਈ ਕਿਹਦੇ ਕੋਲ਼ ਕਿਹੜਾ ਕਿਹੜਾ ਪੱਤਾ ਹੈ। ਜੇ ਅਗਲੇ ਨੇ ਓਹ ਪੱਤਾ ਨਾ ਸਿੱਟਣਾ, ਤਾਂ ਤਾਏ ਨੇ ਕਹਿਣਾ: ਅੱਛਾ, ਗੋਲਾ ਫੇ ਰੱਖ ਗਿਆਂ। ਫਿਰ ਤਾਏ ਨੇ ਅਪਣਾ ਹੱਥ ਦੇਖਣਾ ਤੇ ਕੋਈ ਹੋਰ ਪੱਤਾ ਸੁੱਟਣਾ। ਅਗਲੇ ਦਾ ਭਾਰਾ ਪੱਤਾ ਨਕਾਰਾ ਕਰ ਦੇਣਾ। ਛੇਕੜ ਨੂੰ ਕਹਿਣਾ: ਹੁਣ ਤੇਰੇ ਗੋਲੇ ਦਾ ਕੋਈ ਮੁੱਲ ਨਹੀਂ ਰਿਹਾ। ਉਦੋਂ ਖੇਲ ਲੈਂਦਾ, ਤਾਂ ਐਈਦਾਂ ਨਹੀਂ, ਐਈਦਾਂ ਹੋਣੀ ਸੀ। ਬਾਜ਼ੀ ਤਾਂ ਤਾਏ ਦੀ ਧਿਰ ਦੀ ਹੋਣੀ ਸੀ। ਜੇ ਇਹਦਾ ਆੜੀ ਮਾੜਾ ਵੀ ਹੋਣਾ, ਤਾਂ ਵੀ ਇਹਨੇ ਉਹਨੂੰ ਨਾਲ਼ ਲੈ ਕੇ ਤੁਰਨਾ।

ਪਾਸ਼ਾ ਖੇਡਣ ਬੈਠਣਾ, ਤਾਂ ਉਮਰ ਰੁਤਬੇ ਦਾ ਖ਼ਿਆਲ ਰੱਖਣਾ। ਠੱਠਾ ਮਖ਼ੌਲ ਨਾ ਕਰਨਾ। ਪਾਸ਼ਾ ਖੇਡਣ ਵਾਲ਼ੇ ਸਾਰੇ ਇਹਤੋਂ ਵੱਡੀ ਉਮਰ ਦੇ ਸੀ। ਸਭ ਇਹਦੇ ਚਾਚੇ ਤਾਏ। ਉਹ ਆਪਸ ਵਿਚ ਮਖ਼ੌਲ ਕਰਦੇ ਰਹਿੰਦੇ। ਇੱਕ ਬਜ਼ੁਰਗ ਨੇ ਨਰਦਾਂ ਸੁੱਟਦਿਆਂ ਕਹਿਣਾਂ: ਮਖਾਂ, ਇਹ ਸ਼ਾਦੀ ਨੂੰ ਕੀ ਦਿੰਦੀ ਆਂ। ਦੂਸਰੇ ਬੁੜ੍ਹੇ ਨੇ ਛੇਤੀ ਛੇਤੀ ਮੋੜਵਾਂ ਜੁਆਬ ਦੇ ਦੇਣਾ: ਸ਼ਾਦੀ ਨੂੰ ਦਿੰਦੀ ਆ ਸੱਤਾਂ ਚੁੱਲਿਆਂ ਦੀ ਸੁਆਹ। ਵੱਡਿਆਂ ਦੀ ਆਪਸ ਵਿਚ ਹਾਸੇ ਠੱਟੇ ਦੀ ਨੋਕ-ਝੋਕ ਹੋਈ ਜਾਣੀ। ਰੰਗ ਲੱਗਾ ਰਹਿਣਾ। ਟੈਮ ਪਾਸ ਹੋਈ ਜਾਣਾ। ਪਾਸ਼ੇ ਦੇ ਪੱਕੇ ਖਿਡਾਰੀਆਂ ਤਾਏ ਨੂੰ ਕਹਿਣਾ: ਲੈ ਬਈ ਕਾਕਾ ਸਾਧੂ, ਹੁਣ ਅਸੀਂ ਜਰਾ ਕੁ ਹੰਭ ਗਏ ਆਂ। ਸਾਡੀ ਪਿਛਲੇ ਪਹਿਰ ਦੀ ਦਾ ਖਿਆਲ ਰੱਖੀਂ। ਤਾਏ ਨੇ ਅੱਗੋਂ ਮੁਸਕਰਾ ਛੱਡਣਾ।

ਨਿਗਾਹ ਘੱਟ ਗਈ, ਤਾਂ ਤਾਇਆ ਗੁਰਦੁਅਰੇ ਪਾਠ ਕਰਨ ਲੱਗ ਪਿਆ – ਫਿਰ ਸੇਵਾ ਈ ਕਰੀ ਜਾਣੀ। ਟੈਮ ਲੰਘੀ ਗਿਆ। ਫਿਰ ਤਾਏ ਦੀ ਨਿਗ੍ਹਾ ਬਹੁਤੀ ਹੀ ਰਹਿ ਗਈ। ਬੱਸ ਧੁੱਪ ਛਾਂ ਦਾ ਹੀ ਪਤਾ ਲੱਗਦਾ ਸੀ। ਜਦੋਂ ਮੈਂ ਦੂਜੀ ਵਾਰ ਗਿਆ, ਤਾਂ ਤਾਇਆ ਗੁਰਦੁਆਰੇ ਦੇ ਗੇਟ ਮੂਹਰੇ ਬੈਠਾ ਧੁੱਪ ਸੇਕ ਰਿਹਾ ਸੀ। ਮੈਂ ਲਾਗੇ ਜਾ ਕੇ ਗੋਡੀਂ ਹੱਥ ਲਾਇਆ। ਹੁਣ ਇਹ ਅੱਖਾਂ ਤੋਂ ਬਸੀਰ ਹੀ ਸੀ। ਜਦੋਂ ਹੀ ਮੈਂ ਸਤਿ ਸ੍ਰੀ 'ਕਾਲ ਕਹੀ। ਤਾਇਆ ਖ਼ੁਸ਼ ਹੋ ਗਿਆ, ਇੱਕੋ ਸਾੜੇ ਕਹਿੰਦਾ: "ਤੂੰ ਸੋਖਾ ਆਂ, ਕਦੋਂ ਆਇਆਂ ਤੂੰ। ਬਾਲ ਬੱਚੇ ਦੀ ਰਾਜ਼ੀ ਖ਼ੁਸ਼ੀ ਪੁੱਛੀ। ਗੱਲਾਂ ਕਰਦੇ ਰਹੇ। ਫਿਰ ਕਹਿੰਦਾ ਏਨੇ ਰੌਲ਼ੇ ਰੱਪੇ ਤੂੰ ਕਾਹਤੋਂ ਆਉਣਾ ਸੀ। ਨਿਆਣਿਆਂ ਕੋਲ਼ ਹੀ ਰਹਿੰਦਾ। ਜਦੋਂ ਰਤਾ ਕੁ ਠੰਢ ਹੋ ਜਾਂਦੀ, ਫੇ ਭਾਵੇਂ ਆ ਜਾਂਦਾ। ਚੱਲ ਹੁਣ ਆ ਗਿਆਂ, ਤਾਂ ਖਿਆਲ ਨਾ ਰਹੀ। ਨ੍ਹੇਰੇ ਸਵੇਰੇ ਬਾਹਰ ਨਾ ਨਿਕਲ਼ੀ। ਦਿਨੇ ਦਿਨੇ ਘਰ ਆ ਜਿਆ ਕਰੀਂ।" ਇਹ ਦਸੰਬਰ 1984 ਦੇ ਦਿਨ ਸੀ। ਇੰਦਰਾ ਗਾਂਧੀ ਦਾ ਕਤਲ ਹੋ ਕੇ ਹਟਿਆ ਸੀ ਤੇ ਸਿੱਖਾਂ ਦਾ ਕਤਲੇਆਮ।

ਇਹ ਤਾਇਆ ਮੇਰਾ ਬੜਾ ਕੁਛ ਲੱਗਦਾ ਸੀ। ਬੱਸ ਸੁਧਾ ਦੇਵਤਾ ਈ ਸੀ। ਕੋਈ ਭਲੀ ਰੂਹ ਹੀ ਕਿਸੇ ਦੀ ਏਨੀ ਫ਼ਿਕਰਮੰਦ ਹੁੰਦੀ ਹੈ। ਉਹਦਾ ਐਨਾ ਦੇਣ ਮੈਂ ਕਿਵੇਂ ਦੇਊਂ?•

# ਬਰਕਤੇ

ਵੱਡੇ ਰੌਲ਼ਿਆਂ ਦੀ ਤਬਾਹੀ ਹਾਲੇ ਦੋ ਚਾਰ ਪੁਸ਼ਤਾਂ ਹੋਰ ਰੜਕੀ ਜਾਣੀ ਹੈ। ਆਵਦੇ ਦਸਦੇ ਨੇ ਕਿ ਸੰਤਾਲ਼ੀ ਤੋਂ ਪਹਿਲਾਂ ਮੇਰੇ ਪਿੰਡ ਚ ਥੋੜ੍ਹੇ ਘਰ ਮੁਸਲਮਾਨਾਂ ਦੇ ਵੀ ਸੀ। ਦੰਦ ਕਥਾ ਮੁਜਬ ਮੇਰਾ ਨੱਗਰ, ਮਾਨ ਜੱਟਾਂ ਦੇ ਬਾਰਾਂ ਪਿੰਡੋਂ ਵਿੱਚੋਂ ਹੈ। ਖਹਿਰੇ, ਸੰਘੇ, ਚੀਮੇ ਸਭ ਬਾਹਰੋਂ ਆ ਕੇ ਵਸੇ ਹਨ। ਕੁਝ ਨਾਨਕੀਂ ਢੇਰੀ ਤੇ ਆਏ ਸੀ। ਹੁਣ ਹੋਰ ਵੀ ਆ ਗਏ ਹੋਣਗੇ। ਮੇਰੇ ਅਪਣੇ ਨੱਕੜ ਦਾਦੇ ਤੱਗੜਾਂ ਤੋਂ ਉੱਠ ਕੇ ਆਏ ਦੱਸੇ ਜਾਂਦੇ ਸੀ। ਰੌਲਿਆਂ ਤੋਂ ਬਾਅਦ ਵੀ ਮੁਸਲਮਾਨਾਂ ਦਾ ਇਕ ਘਰ ਏਥੇ ਵਸਿਆ ਰਿਹਾ। ਇਹ ਫ਼ਕੀਰਾਂ ਦਾ ਘਰ ਵੱਜਦਾ ਹੈ। ਏਸ ਘਰ ਦਾ ਸਾਰਿਆਂ ਚੋਂ ਮਸ਼ਹੂਰ ਜੀਅ ‘ਹਰਨਾਮ ਕੌਰ’ ਸੀ। ਇਹਨੂੰ ਏਸ ਨਾਂ ਨਾਲ਼ ਘੱਟ ਲੋਕ ਹੀ ਜਾਣਦੇ ਸੀ। ਇਹਦਾ ਅਸਲੀ ਨਾਂ ਬਰਕਤੇ ਸੀ। ਆਮ ਕਰਕੇ ਲੋਕ ਮਾਂ ਬਰਕਤੇ ਕਹਿੰਦੇ। ਮਾਂ ਬਰਕਤੇ ਲੰਮੀ ਸੀ –ਪਤਲੀ ਜਿਹੀ। ਪੰਜ ਫੁੱਟ ਸਤ ਅੱਠ ਇੰਚ ਦੀ ਤਾਂ ਜਰੂਰ ਹੋਊ। ਰੰਗ, ਨਾ ਬਾਹਲ਼ਾ ਗੋਰਾ ਨਾ ਈ ਪੱਕਾ। ਇਹਦੇ ਪੈਰਾਂ ਚ ਹਰ ਵੇਲ਼ੇ ਕਾਹਲ਼ ਹੁੰਦੀ ਸੀ। ਪਿੰਡ ਚ ਜਿੰਨੇ ਵੀ ਨਿਆਣੇ ਜੰਮੇ, ਸਭ ਮਾਂ ਬਰਕਤੇ ਦੇ ਹੱਥੀਂ ਜੰਮੇ। ਸਭ ਤੋਂ ਪਹਿਲਾਂ, ਬੱਚੇ ਨੂੰ ਇਹਦੇ ਹੱਥਾਂ ਦੀ ਛੋਹ ਮਿਲ਼ਦੀ। ਜਨਮਦਾਤੀ ਤੋਂ ਵੀ ਪਹਿਲਾਂ। ਮਾਂ ਬਰਕਤੇ ਦੀਆਂ ਬਰਕਤਾਂ ਨਾਲ਼ ਨਿਆਣੇ ਏਸ ਜਹਾਨ ਚ ਪਹਿਲਾ ਸਾਹ ਲੈਂਦੇ। ਫਿਰ ਇਹ ਬੱਚੇ ਨੂੰ ਮਾਂ ਦੀ ਛਾਤੀ ਤੇ ਰੱਖਦੀ। ਉਦੋਂ ਬੱਚਾ ਜੰਮਣਾ ਮਾਂਵਾਂ ਲਈ ਵੀ ਨਵਾਂ ਜਨਮ ਹੁੰਦਾ ਸੀ।

ਬੀਬੀਆਂ ਪਹਿਲਾਂ ਹੀ ਮਾਂ ਬਰਕਤੇ ਨੂੰ ਸਿਫ਼ਾਰਸ਼ ਪਾ ਦਿੰਦੀਆਂ: ਮਾਂ, ਕੋਈ ਭਲਾ ਬੋਲ ਮੂੰਹੋਂ ਸੁਣਾਈਂ। ਧੀ ਤੋਂ ਪੁੱਤ ਕਰਨਾ ਤਾਂ ਮਾਂ ਬਰਕਤੇ ਦੇ ਹੱਥ ਵੱਸ ਨਹੀਂ ਸੀ। ਪਰ ਬੀਬੀਆਂ ਇਹ ਤਵੱਕੋਂ ਵੀ ਬਰਕਤੇ ਤੋਂ ਰੱਖਦੀਆਂ ਹੋਣਗੀਆਂ। ਬਰਕਤੇ ਦਾ “ਲੈ ਨੀ ਫਲਾਨੀਏ ਵਧਾਈਆਂ” ਦਾ ਮਤਲਬ ਕੁੱਲ ਦਾ ਅੱਗੇ ਵੱਧਣਾ ਹੁੰਦਾ ਸੀ। ਘਰ ਦਿਆਂ ਜੀਆਂ ਦੇ ਮੂੰਹ ਖੇੜਿਆਂ ਨਾਲ਼ ਚਮਕਣ ਲਗਦੇ। ਬਰਕਤੇ ਦਾ ਤਜਰਬਾ ਵੱਡਾ ਸੀ। ਧੀ ਜੰਮੀ ਤੋਂ ਇਹਨੇ ਇਹੋ ਕਹਿਣਾ: ਧੀ ਧਿਆਣੀ ਆਈ ਆ, ਭਰਾ ਨੂੰ ਮਗਰੇ ਛੱਡ ਆਈ ਆ। ਅਗਲੀ ਵਾਰ ਇਹਦਾ ਭਾਈ ਵੀ ਆਊਗਾ; ਇਹਨੂੰ ਮੱਥੇ ਵੱਟ ਨਾ ਪਾਇਓ। ਬਰਕਤੇ ਦਾ ਇਹ ਅਪਣਾ ਤਰੀਕਾ ਸੀ; ਮਿਹਨਤ ਲੈਣ ਦਾ ਵੀ। ਆਪ ਨਿਰਪੱਖ ਰਹਿਣ ਦਾ ਵੀ। ਢਾਰਸ ਦੇਣ ਦਾ ਵੀ। ਮਾਂ ਬਰਕਤੇ ਅਸਲ ਵਿਚ ਤਾਂ ਬਹੁਤ ਵੱਡੀ ਗੱਲ ਕਹਿੰਦੀ ਸੀ: ਬਈ ਭਲਿਓ ਲੋਕੋ, ਕੁਛ ਅਕਲਾਂ ਨੂੰ ਹੱਥ ਮਾਰੋ; ਕੁੱਖਾਂ ਨੂੰ ਨਾ ਮੱਥੇ ਵੱਟ ਨਾ ਪਾਓ। ਕੁੱਖਾਂ ਬਿਨ ਪੁੱਤ ਵੀ ਕਿੱਥੋਂ ਆਉਣੇ ਆਂ। ਪਰ ਜਿੱਥੇ ਧੀਆਂ ਦੇ ਢੇਰ ਲਗਦੇ, ਬਰਕਤੇ ਚੁੱਪ ਰਹਿੰਦੀ। ਜਿੱਥੇ ਪੁੱਤ ਆਉਂਦਾ, ਬਰਕਤੇ ਰਾਹ ਜਾਂਦੀ ਸਭ ਨੂੰ ਦਸਦੀ ਜਾਂਦੀ। ਬਰਕਤੇ ਦਾ ਉੱਠਦਾ ਪੱਬ ਈ ਦੱਸ ਦਿੰਦਾ ਸੀ ਕਿ ਬਈ ਫਲਾਨਿਆਂ ਦੇ ਮੁੰਡਾ ਹੋਇਆ। ਛਿਲੇ ਵਾਲ਼ੇ ਘਰੋਂ ਬਰਕਤੇ ਦੀਆਂ ਝੋਲ਼ੀਆਂ ਭਰਦੀਆਂ। ਕਪੜੇ, ਲੀੜੇ ਲੱਤੇ, ਸੂਟ। ਦਾਣਾ ਫੱਕਾ। ਗੁੜ ਮਠਿਆਈਆਂ। ਪੰਜੀਰੀਆ। ਦਾਬੜਾ। ਛਾਪਾਂ। ਮੁੰਦੀਆਂ। ਨਕਦੀ ਤੇ ਹੋਰ ਵੀ ਬੜਾ ਕੁਝ।

ਬਰਕਤੇ ਬਿਨ ਪਿੰਡ ਦਾ ਨਹੀਂ ਸਰਦਾ ਹੋਣਾ ਜਾਂ ਇਹਨੂੰ ਮਿੱਟੀ ਨਾਲ਼ ਮੋਹ ਹੀ ਏਨਾ ਸੀ ਕਿ ਇਹ ਉੱਠ ਕੇ ਜਾਣ ਨੂੰ ਤਿਆਰ ਨਾ ਹੋਈ। ਹੁਣ ਸੋਚੀਦਾ ਹੈ ਕਿ ਇਹਦੇ ਬਿਨ੍ਹਾਂ ਉੱਧੋਵਾਲ਼ ਦੀਆਂ ਅਣਸਾਂ ਨੂੰ ਗੁੜਤੀਆਂ ਕਿਨ੍ਹ ਦੇਣੀਆਂ ਸੀ। ਪਹਿਲੇ ਸਾਹ ਕਿਨ੍ਹ ਦੁਆਉਣੇ ਸੀ। ਗਲ਼ੇ ਕਿਨ੍ਹੇ ਸਾਫ਼ ਕਰਨੇ ਸੀ। ਨਾੜੂਏ ਕਿਨ੍ਹ ਕੱਟਣੇ ਸੀ। ਨਾਸੀਂ ਫੂਕਾਂ ਕਿਨ੍ਹੇ ਮਾਰਨੀਆਂ ਸੀ। ਇਹੋ ਪਿੰਡ ਦੀ ਦਾਈ ਸੀ। ਹੋਰ ਕੋਈ ਨਹੀਂ। ਜਿੰਨਾਂ ਚਿਰ ਇਹਦੇ ਕਰ-ਪੈਰ ਚਲਦੇ ਰਹੇ, ਇਹਦੀ ਹੀ ਮਾਰ-ਮਾਰ ਬੱਸ-ਬੱਸ ਰਹੀ। ਪਿੰਡ ਦੇ ਸਾਰੇ ਨਿਆਣੇ ਇਹਦੇ ਹੱਥੀਂ ਜੰਮੇ। ਫਿਰ ਇਹਦੀ ਨੂੰਹ ਵੀ ਹੱਥ ਵਟਾਉਣ ਲੱਗ ਪਈ। ਕਾਗ਼ਜ਼ਾਂ ਚ ਲਿਖਿਆ ਹੁੰਦਾ ਸੀ, ਫਲਾਨਾ ਪੁੱਤਰ ਫਲਾਨਾ ਸਿੰਘ ਦਾ, ਦਾਈ ਹਰਨਾਮ ਕੌਰ। ਚੌਂਕੀਦਾਰ ਇੰਦਰ। ਪਿੰਡ ਉੱਧੋਵਾਲ਼, ਡਾਕਖ਼ਾਨਾ ਖਾਸ। ਤਸੀਲ ਨਕੋਦਰ ਤੇ ਜ਼ਿਲਾ ਜਲੰਧਰ। ਹੁਣ ਤੁਸੀਂ ਪਿੰਡ ਚ ਜਾ ਕੇ ਪੁੱਛੋ, ਬਈ ਭਲਾ ਹਰਨਾਮ ਕੌਰ ਕੌਣ ਹੋਈ ਆ – ਕਿਸੇ ਨੂੰ ਪਤਾ ਨਹੀਂ ਹੋਣਾ।

ਬਰਕਤੇ ਦੇ ਅੱਗੋਂ ਦੋ ਪੁੱਤ ਸੀ। ਵੱਡਾ ਦਾਰਾ। ਛੋਟਾ ਸੂਬਾ। ਦਾਰੇ ਦਾ ਪੂਰਾ ਨਾਂ ਸਰਦਾਰ ਮੁਹੰਮਦ ਸੀ। ਦਾਰਾ ਲੋਕਾਂ ਦੇ ਘਰੀਂ ਜਾਂ ਖੂਹਾਂ ’ਤੇ ਜਾ ਕੇ ਹਜਾਮਤਾਂ ਕਰਨ ਦਾ ਕੰਮ ਕਰਦਾ ਸੀ। ਤੇ ਫ਼ਸਲਾਂ ਦੇ ਦਿਨੀਂ ਮਿਹਨਤ ਲੈ ਆਉਂਦਾ। ਇਹਦਾ ਬੋਲਿਆ ਅੱਧਿਓਂ ਵੱਧ ਕਿਸੇ ਨੂੰ ਸਮਝ ਈ ਨਹੀਂ ਸੀ ਪੈਂਦਾ। ਬਾਹਲ਼ਾ ਕਾਹਲ਼ੀ ਬੋਲਦਾ ਸੀ ਇਹ। ਲੋਕ ਇਹਦੇ ਮੂੰਹ ਵਲ ਈ ਦੇਖਦੇ ਰਹਿ ਜਾਂਦੇ। ਕਈ ਤਾਂ ਐਂਵੇ ਈ ਸਿਰ ਹਿਲਾ ਦਿੰਦੇ – ਬਈ ਤੇਰਾ ਕਿਹਾ ਸਭ ਸਮਝ ਆ ਗਿਆ। ਕਈਆਂ ਨੇ ਸ਼ੁਗਲ ਕਰਨਾ। ਇਹਨੂੰ ਕਹਿਣਾ: ਓ ਠਹਿਰ ਜਾਹ ਭਾਈ, ਠਹਿਰ ਜਾਹ। ਐਈਨਾ ਕਾਹਲ਼ਾ ਨਾ ਵਗ। ਜਰਾ ਧੀਰਜ ਨਾਲ਼ ਗੱਲ ਕਰ ਲੈ। ਤੈਂ ਕੋਈ ਗੱਡੀ ਫੜਨੀ ਆਂ। ਇਹਨੇ ਮੋਹਰਿਓਂ ਰਤਾ ਕੁ ਠਿੱਠ ਹੋਣਾ ਤੇ ਮੁਸਕੜੀਏਂ ਹੱਸ ਪੈਣਾ। ਫਿਰ ਓਸੇ ਈ ਚਾਲੇ, ਫਿਰ ਚਲ ਸੋ ਚਲ। ਇਹ ਕਿਹੜਾ ਇਹਦੇ ਵਿਚਾਰੇ ਦੇ ਵੱਸ ਚ ਸੀ। ਮਗਰਲੀ ਉਮਰੇ ਇਹਦੇ ਚੂਲ਼ੇ ਤੇ ਸੱਟ ਲੱਗ ਗਈ। ਮੁੜ ਕੇ ਠੀਕ ਨਾ ਹੋਇਆ। ਪਿੱਛੇ ਜਿਹੇ ਹੀ ਪੂਰਾ ਹੋ ਗਿਆ।

ਅੱਗੋਂ ਦਾਰੇ ਦੇ ਦੋ ਪੁੱਤ ਹੋਏ। ਵੱਡਾ ਗੀਰਾ (ਜਗੀਰ ਮੁਹੰਮਦ) ਮੇਰੇ ਨਾਲ਼ ਹੀ ਪੜ੍ਹਦਾ ਸੀ। ਕਬੱਡੀ ਵੀ ਖੇਡਦਾ ਸੀ। ਫਿਰ ਕਪੜੇ ਸੀਣ ਲੱਗ ਪਿਆ ਤੇ ਬਾਅਦ ਚ ਆਵਦੇ ਸਹੁਰੀਂ ਜਾ ਬੈਠਾ-ਮੁਠੰਡੀਂ। ਛੋਟਾ ਅੰਬ੍ਰੂ ਜੋੜੀ ਪੱਲੇ ਦਾ ਕੰਮ ਸਿੱਖਿਆ। ਵਾਹਵਾ ਸੁਹਣਾ ਕੰਮ ਕਰਨ ਲੱਗ ਪਿਆ ਸੀ। ਫਿਰ ਸੱਭ ਕੁਝ ਛੱਡ ਛੁਡਾ ਕੇ ਆਵਦੀ ਖੂਹੀ ਤੇ ਬਹਿ ਗਿਆ। ਵਲੈਤੀਏ ਧੰਨੇ ਕਿਆ ਨੇ ਖੂਹੀ ਤੇ ਦੋ ਕਮਰੇ ਪਾ ਦਿੱਤੇ, ਨਾਲ਼ੇ ਛੋਟੀ ਮੋਟਰ ਲੁਆ ਦਿੱਤੀ। ਇਹ ਫ਼ਕੀਰਾਂ ਦੀ ਖੂਹੀ ਵੱਜਦੀ ਹੈ। ਖੂਹੀ ਦੇ ਨਾਂ ਕੁਛ ਜ਼ਮੀਨ ਵੀ ਹੈ। ਅੰਬ੍ਰੂ, ਅੱਲਾ-ਅੱਲਾ ਤੋਬਾ-ਤੋਬਾ ਕਰਨ ਲੱਗ ਪਿਆ। ਕਈ ਵਾਰ ਸੌਂਦਾ ਵੀ ਓਥੇ ਹੀ ਹੈ। ਹਾੜ ਨੂੰ ਏਥੇ ਮੇਲਾ ਲਾਉਂਦਾ ਹੈ। ਨਿਆਜਾਂ ਵੰਡਦਾ ਹੈ। ਕੁਰਬਾਨੀਆਂ ਦੇ ਬੱਕਰੇ ਦਿੰਦਾ ਹੈ। ਬੜਾ ਚਿਰ ਬਾਅਦ ਚ ਪਤਾ ਲੱਗਾ ਕਿ ਇਨ੍ਹਾਂ ਦੇ ਨਾਂ ਜਗੀਰ ਮੁਹੰਮਦ ਤੇ ਉਮਰਦੀਨ ਸੀ।

ਦਾਰੇ ਦੀਆਂ ਚਾਰ ਪੰਜ ਸੁਹਣੀਆਂ ਧੀਆਂ ਸੀ। ਮਾਣ ਮਰਯਾਦਾ ਵਾਲ਼ੀਆਂ। ਇਕ ਦਾ ਵਿਆਹ ਵਲੈਤੋਂ ਗਏ ਧੰਨੇ ਦੇ ਮੁੰਡਿਆਂ ਨੇ ਕੀਤਾ ਸੀ। ਇਹ ਧੀ-ਧਿਆਣੀ ਉਨ੍ਹਾਂ ਦੇ ਘਰ ਦੇ ਕੰਮ ਚ ਹੱਥ ਵਟਾਉਂਦੀ ਰਹੀ ਸੀ। ਤਾਂ ਦੂਏ ਦਿਨ ਸਵੇਰ ਨੂੰ ਸਾਝਰੇ ਹੀ ਖਾਲਿਸਤਾਨੀ 'ਸੂਰਮਿਆਂ' ਦੀ ਧਾੜ ਧੰਨੇ ਕੇ ਘਰ ਪਹੁੰਚ ਗਈ। ਅਖੇ ਤੁਸੀਂ ਕਿਹਦੀ ਇਜ਼ਾਜਤ ਨਾਲ਼ ਮੁਸਲਮਾਨਾਂ ਦੀਆਂ ਕੁੜੀਆਂ ਵਿਆਹੁੰਦੇ ਫਿਰਦੇ ਹੋ। ਇਹ ਤਾਂ ਸਾਡੇ ਦੁਸ਼ਮਣ ਨੇ। ਭਲਾ ਹੋਇਆ ਮਾਂ ਬਰਕਤੇ ਆਪ ਪਹਿਲਾਂ ਈ ਤੁਰ ਗਈ ਸੀ। ਉਹਨੂੰ ਇਹ ਦਿਨ ਦੇਖਣੇ ਨਾ ਪਏ। ਜੇ ਹੁੰਦੀ ਤਾਂ ਭਲਾ ਉਹਦੇ ਮਨ ਤੇ ਕੀ ਗੁਜ਼ਰਨੀ ਸੀ.........?

ਬਰਕਤੇ ਦਾ ਦੂਜਾ ਪੁੱਤ ਸੂਬਾ ਸੀ। ਇਹ ਵਿਚਾਰਾ ਸਾਂਈ ਲੋਕ ਹੀ ਸੀਗਾ। ਮਸਤ। ਬਿਲਕੁਲ ਸਿੱਧਾ। ਜਮਾਂਦਰੂ ਈ ਬੋਲਣ ਤੋਂ ਆਰੀ। ਇਹਦੀਆਂ ਲੱਤਾਂ ਵੀ ਗੋਡਿਆਂ ਤੋਂ ਮੁੜੀਆਂ ਹੋਈਆਂ ਸੀ ਤੇ ਕੂਹਣੀਆਂ ਤੋਂ ਬਾਹਾਂ ਵੀ। ਸਿੱਧੀਆਂ ਨਹੀਂ ਸੀ ਕਰ ਸਕਦਾ। ਜਮਾਂਦਰੂ ਹੀ ਕੋਈ ਨੁਕਸ ਸੀ। ਹੌਲ਼ੀ-ਹੌਲ਼ੀ, ਲੱਤਾਂ ਧੂਹ-ਧੂਹ ਤੁਰਦਾ। ਇਹ ਰੋਜ਼ ਸਾਰੇ ਪਿੰਡ ਦਾ ਗੇੜਾ ਕੱਢਦਾ। ਕਦੇ ਕਦੇ 'ਕੱਲੀ ਨਿੱਕਰ ਹੀ ਇਹਦੇ ਤੇੜ ਹੁੰਦੀ। ਬਹੁਤੀ ਵੇਰ ਇਹਦਾ ਨੰਗ ਕੱਜਣ ਲਈ ਪਿੰਡ ਦੀ ਕੋਈ ਸਿਆਣੀ ਬੀਬੀ ਇਹਦੇ ਝੱਗਾ ਪੁਆ ਦਿੰਦੀ। ਮਾਈਆਂ-ਬੀਬੀਆਂ ਇਹਨੂੰ ਰੋਟੀ ਪਾਣੀ ਖੁਆ ਦਿੰਦੀਆਂ। ਲੱਸੀ ਪਿਲਾਉਂਦੀਆਂ। ਕਈ ਵਾਰ ਲੱਸੀਂ ਦੀਆਂ ਘਰਾਲ਼ਾਂ ਇਹਦੇ ਝੱਗੇ ਤੋਂ ਥੱਲੇ ਤਾਈਂ ਵਗੀਆਂ ਹੋਣੀਆਂ। ਕਈ ਵਾਰ ਮੂੰਹ ਵੀ ਦਾਲ਼-ਸਬਜ਼ੀ ਨਾਲ਼ ਲਿਬੜਿਆ ਹੋਣਾ। ਬਹੁਤੀਆਂ ਬੀਬੀਆਂ ਇਹਨੂੰ ਰੱਬ ਦਾ ਰੂਪ ਹੀ ਜਾਣਦੀਆਂ ਸੀ। ਕਈ ਇਹਦੇ ਪੈਰੀਂ ਹੱਥ ਵੀ ਲਾ ਲੈਂਦੀਆਂ। ਇਹ ਬੱਸ ਚੁਪ-ਚਾਪ ਖੜੋਤਾ ਰਹਿੰਦਾ- ਡੁੰਨ ਬਣਕੇ। ਬੱਸ ਊਂ ਊਂ, ਐਂ ਐਂ ਹੀ ਕਰਦਾ। ਇਸ਼ਾਰਿਆਂ ਨਾਲ਼ ਗੱਲਾਂ ਸਮਝਾ ਲੈਂਦਾ। ਗੱਲਾਂ ਵੀ ਬੱਸ ਖਾਣ ਪੀਣ ਤਕ ਹੁੰਦੀਆਂ। ਬਹੁਤੀ ਗੱਲ ਹੋਣੀ, ਤਾਂ ਇਹਨੇ ਸਿਆਣਿਆਂ ਨੂੰ ਸ਼ਿਕਾਇਤ ਕਰਨੀ ਕਿ ਮੈਨੂੰ ਫ਼ਲਾਨੇ ਫ਼ਲਾਨੇ ਨਿਆਣੇ ਤੰਗ ਕਰਦੇ ਆ। ਜੀਹਦੇ ਨਾਲ਼ ਇਹਦਾ ਇਕ ਵਾਰ ਅੱਖ ਵਲ਼ ਹੋ ਜਾਂਦਾ, ਉਹਨੂੰ ਇਹ ਘੂਰਦਾ ਹੀ ਰਹਿੰਦਾ। ਉਹਦੇ ਲਾਗੇ ਜਾਂਦਿਆਂ ਹੀ ਇਹਨੇ ਘੀਂ ਘੀਂ ਕਰਨ ਲੱਗ ਪੈਣਾ। ਉੱਚੀ ਉੱਚੀ ਰੌਲ਼ਾ ਪਾਉਣਾ। ਜੇ ਕੋਈ ਸਮਝਦਾਰ ਹੁੰਦਾ, ਤਾਂ ਉਹ ਪਰ੍ਹੇ ਦੀ ਹੋ ਕੇ ਲੰਘ ਜਾਂਦਾ ਪਰ ਸ਼ਿੰਦਰੀ ਇਹਨੂੰ ਹੋਰ ਛੇੜਦੇ। ਹੋਰ ਖਿਝਾਉਂਦੇ। ਇਹਨੇ ਹੋਰ ਪ੍ਰੇਸ਼ਾਨ ਹੋਣਾ। ਖਿਝਣਾ। ਇਹ ਵਿਚਾਰਾ ਹੋਰ ਉੱਚੀ ਉੱਚੀ, ਓਂ ਓਂ ਐਂ ਐਂ ਕਰਦਾ। ਹੋਰ ਕਰ ਵੀ ਕੀ ਸਕਦਾ ਸੀ। ਰੌਲ਼ਾ ਸੁਣ ਕੇ ਕੋਈ ਮਾਈ ਜਾਂ ਸਿਆਣਾ ਇਹਦੀ ਮਦਦ ਲਈ ਬਹੁੜ ਪੈਂਦਾ। ਨਿਆਣਿਆਂ ਨੂੰ ਦਬਕਦਾ। ਕਈ ਵਾਰ ਨਿਆਣੇ ਪਹਿਲਾਂ ਹੀ ਉਰ੍ਹੇ ਪਰ੍ਹੇ ਹੋ ਜਾਂਦੇ। ਫਿਰ ਇਹ ਛੁਡਾਓਣ ਵਾਲ਼ੇ ਨੂੰ ਕਿੰਨਾ-ਕਿੰਨਾ ਚਿਰ ਦੁੱਖ ਸਮਝਾਉਂਦਾ ਰਹਿੰਦਾ। ਇਸ਼ਾਰਿਆਂ ਨਾਲ਼। ਕਈ ਵਾਰ ਇਹਨੇ ਲੋਕਾਂ ਦੇ ਘਰੀਂ ਜਾ ਕੇ ਉਲਾਂਭਾ ਵੀ ਦੇ ਕੇ ਆਉਣਾ। ਬਈ, ਤੁਹਾਡੇ ਘਰ ਦਾ ਜੀਅ ਮੈਨੂੰ ਤੰਗ ਕਰਦਾ। ਇਹਦਾ ਕਿਹਾ ਕਿਸੇ ਨੂੰ ਸਮਝ ਤਾਂ ਕੋਈ ਨਹੀਂ ਸੀ ਪੈਂਦਾ। ਪਤਾ ਓਂ ਹੀ ਪਤਾ ਲੱਗ ਜਾਂਦਾ ਸੀ ਕਿ ਇਹ ਕਿਸੇ ਨਿਆਣੇ ਤੋਂ ਔਖਾ ਹੈ। ਅਗਲਿਆਂ ਕਹਿਣਾ: ਕੋਈ ਨਹੀਂ, ਅਸੀਂ ਦਬਕਾਂਗੇਂ। ਫਿਰ ਨਹੀਂ ਛੇੜਦੇ ਤੈਨੂੰ। ਕਈਆਂ ਨੇ ਇਹਨੂੰ ਠੰਢਾ ਕਰਨ ਲਈ ਚਾਹ ਪਾਣੀ ਪਿਆ ਦੇਣਾ। ਕਈ ਵੇਰ ਇਹਨੇ ਅੜ ਵੀ ਜਾਣਾ। ਆਖ਼ਰ ਪ੍ਰੇਸ਼ਾਨ ਹੋਇਆ ਇਹ ਘਰ ਨੂੰ ਚਾਲੇ ਪਾ ਦਿੰਦਾ। ਆਪਣੀ ਚਾਲੇ। ਸਹਿਜੇ ਸਹਿਜੇ।

ਬਰਕਤੇ ਬੱਚਿਆਂ ਦੇ ਹੱਥ ਹੌਲ਼ੇ ਵੀ ਕਰ ਦਿੰਦੀ ਸੀ। ਕਿਸੇ ਵੀ ਨਿਆਣੇ ਨੂੰ ਢਿੱਲ ਮੱਠ ਹੋਣੀ, ਤਾਂ ਬੀਬੀਆਂ ਨੇ ਤੁਰੀ ਜਾਂਦੀ ਬਰਕਤੇ ਨੂੰ ਇਸ਼ਾਰੇ ਨਾਲ਼ ਬੁਲਾ ਕੇ ਕਹਿਣਾ: ਮਾਂ, ਜਰਾ ਕੁ ਐਧਰ ਨੂੰ ਆਈਂ। ਨਿਆਣਾ ਠੀਕ ਨਹੀਂ। ਨਿਢਾਲ਼ ਹੋਇਆ ਪਿਆ। ਦੋਂਹ ਦਿਨਾਂ ਦਾ ਮੰਜਾ ਮੱਲੀ ਬੈਠਾ। ਬਰਕਤੇ ਨੇ ਨਿਆਣੇ ਦੇ ਸਿਰ ਤੇ ਹੱਥ ਰੱਖਣਾ ਤੇ ਕਰ ਦੇਣਾ ਅਪਣਾ ਕਲਮਾ ਸ਼ੁਰੂ। ਇਹਦੇ ਦੋਂਹ ਤਿੰਨਾਂ ਮਿੰਟਾਂ ਦੇ ਵਿਖਿਆਨ ਤੋਂ ਬਾਅਦ, ਅਲ ਹਮਦ ਉੱਲ ਇਲਾਹ, ਬੱਸ ਏਨੀ ਗੱਲ ਦੀ ਸਮਝ ਹੀ ਪੈਣੀ "ਲਾ ਇਲਾਹ, ਇੱਲ ਅੱਲਾਹ, ਮੁਹੰਮਦਾ ਰਸੂਲ ਅੱਲਾ" ਤੇ ਵਿਚ ਵਿਚਾਲ਼ੇ ਇਹਨੇ ਫੂਅ ਫੂਅ ਕਰਕੇ ਫੂਕਾਂ ਵੀ ਮਾਰੀ ਜਾਣੀਆਂ।

ਕਈ ਦੇਸੀ ਇਲਾਜ ਬਰਕਤੇ ਦੇ ਨਹੁੰਆਂ ਚ ਸੀ। ਨਿਆਣੇ ਦਾ ਡਿੱਗਿਆ ਤਾਲ਼ੂ ਚੜ੍ਹਾਉਣਾ। ਧੁੰਨੀ ਚੱਕਣੀ। ਲੂਲ੍ਹਾਂ ਠਾਕਣੀਆਂ। ਧਰਨ ਪਈ 'ਤੇ ਜ਼ਨਾਨੀਆਂ ਦੇ ਢਿੱਡ ਮਲ਼ਣੇ। ਧੀ ਪੁੱਤ ਦੀ ਦੇਰੀ ਦਾ ਇਲਾਜ। ਹੁਣ ਇਨ੍ਹਾਂ ਚੋਂ ਕਈ ਮਰਜ਼ਾਂ ਦੇ ਇਲਾਜ ਡਾਕਟਰਾਂ ਤੋਂ ਹੁੰਦੇ ਨੇ। ਬਰਕਤੇ ਤੋਂ ਬਾਅਦ ਪਿੰਡ ਚ ਕਈ ਦਾਈਆਂ ਹੋ ਗਈਆਂ। ਇਹਦੀ ਨੂੰਹ ਕਰਮੀ ਵੀ, ਜਿਹਨੂੰ ਕੰਨਾਂ ਤੋਂ ਉੱਚਾ ਸੁਣਦਾ ਸੀ। ਇਹ ਮੱਠਾ ਬੋਲਦੀ ਸੀ। ਮਿੱਠਾ ਵੀ। ਪਰ ਜਿਹੜੀ ਪੈਂਠ ਬਰਕਤੇ ਦੀ ਸੀ, ਇਹਤੋਂ ਨਾ ਬਣੀ। ਹੋਰ ਕਿਸੇ ਤੋਂ ਵੀ ਨਾ ਬਣੀ।

ਸੋਚੀਦਾ ਹੈ ਬਈ, ਜੇ ਸਾਡੀ ਬਰਕਤੇ ਪਾਕਿਸਤਾਨ ਚਲੇ ਜਾਂਦੀ, ਤਾਂ ਸਾਨੂੰ ਹਰਨਾਮ ਕੌਰ ਕਿੱਥੋਂ ਲੱਭਣੀ ਸੀ।■

# ਰੇੜ੍ਹਵਾਂ ਦੇ ਬਦਮਾਸ਼

ਰੇੜ੍ਹਵਾਂ ਦੇ ਲੋਕ ਬੜੇ ਬਦਮਾਸ਼ ਜੀ।
ਬੜੀ ਧਾਂਕ ਲਾਗੇ ਬੰਨੇ ਆਸ ਪਾਸ ਜੀ॥

……

ਉੱਧੋਵਾਲ ਜੰਞ ਭਾਵੇਂ ਲੈ ਕੇ ਆਵਣੀ ਨਾ।
ਮੰਗ ਜੋ ਹੈ ਸਾਡੀ ਛੱਡ ਕੇ ਵੀ ਜਾਵਣੀ ਨਾ॥

ਇਹ ਤੁਕਾਂ ਕਿਸੇ ਕਵੀਸ਼ਰ ਨੇ ਜੋੜੀਆਂ ਸੀ। ਬਲਕਿ ਪੂਰਾ ਕਿੱਸਾ ਹੀ ਸੀ। ਪਰ ਨਾ ਕਿਸੇ ਨੇ ਛਾਪਿਆ। ਨਾ ਕਿਸੇ ਨੇ ਸਾਂਭਿਆਂ ਹੋਣਾ। ਆਹੀ ਸਤਰਾਂ ਮੇਰੇ ਬਾਲ ਮਨ ਚ ਉਦੋਂ ਦੀਆਂ ਹੀ ਬੈਠੀਆਂ ਹੋਈਆਂ ਨੇ। ਕਿੱਸਾਕਾਰ ਆਪ ਵੀ ਤਾਂ ਉੱਧੋਵਾਲ਼ ਦਾ ਨਹੀਂ ਸੀ। ਨਾ ਉਹਨੇ ਵਾਕਿਆ ਦੇਖਿਆ ਸੀ। ਬੱਸ ਲੋਕਾਂ ਤੋਂ ਮੂੰਹੋਂ ਮੂੰਹੀਂ ਗੱਲਾਂ ਸੁਣ-ਸੁਣਾ ਕੇ ਕਿੱਸਾ ਜੋੜ ਦਿੱਤਾ ਹੋਣਾ; ਇਹੀ ਉਹਦੀ ਸਿਫਤ ਸੀ। ਇਹ ਕਿੱਸਾ ਨਿਆਣੇ ਦੱਬਵੀਂ ਜੀਭੇ ਗਾਉਂਦੇ ਹੁੰਦੇ ਸੀ।

ਮੱਕੀਆਂ ਸਿਰ ਕੱਢਵੀਆਂ ਸਨ। ਛੱਲੀਆਂ ਨੂੰ ਬੂਰ ਪੈ ਹਟਿਆ ਸੀ। ਪੂਣੀ ’ਤੇ ਗਈਆਂ ਹੋਈਆਂ। ਦੋਧਿਓਂ ਨਿਕਲ ਗਈਆਂ ਸੀ। ਹਰੇ ਇਨਕਲਾਬ ਨੇ ਅਜੇ ਮੱਲਾਂ ਨਹੀਂ ਸੀ ਮਾਰੀਆਂ। ਲੋਕਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਵੱਤੇ ਈ ਸੀ। ਕਈਆਂ ਹਮਾਤੜਾਂ ਦੀ ਤਾਂ ਬਾਹਲ਼ੀ ਪਤਲੀ ਸੀ।

ਸੰਨ 1965 ਤੇ ਸਤੰਬਰ ਕੁ ਦਾ ਮਹੀਨਾ ਸੀ। ਪਾਕਿ ਹਿੰਦ ਦੀ ਦੂਜੀ ਲੜਾਈ ਜ਼ੋਰਾਂ ਤੇ ਸੀ। ਰੋਜ਼ ਬਲੈਕ ਆਊਟ ਹੋ ਜਾਣੀ। ਸਰਕਾਰ ਵਲੋਂ ਕਿਸੇ ਨੂੰ ਵੀ ਬੱਤੀਆਂ ਜਗਾਉਣ ਦਾ ਹੁਕਮ ਨਹੀਂ ਸੀ। ਰਾਤਾਂ ਨੂੰ ਨ੍ਹੇਰ ਘੁੱਪ ਹੁੰਦਾ ਸੀ। ਕੋਈ ਬੰਦਾ ਪਰਿੰਦਾ ਬਾਹਰ ਨਾ ਨਿਕਲਦਾ। ਰੇਡੀਓ ਤੋਂ ਪਾਕਿਸਤਾਨੀ ਖ਼ਬਰਾਂ ਜਾਂ ਕਹਿ ਲਓ ਅਫ਼ਵਾਹਾਂ ਸੁਣਨ ਦੀ ਮਨਾਹੀ ਸੀ। ਬੀਬੀਆਂ ਨਿਆਣਿਆਂ ਨੂੰ ਹਦਾਇਤਾਂ ਕਰਦੀਆਂ: ਕੋਈ ਚੀਜ਼ ਲੱਭੇ, ਚੱਕਣੀ ਨਹੀਂ। ਭਾਵੇਂ ਕਿੰਨੇ ਵੀ ਮੁੱਲ ਦੀ ਹੋਵੇ। ਭਾਵੇਂ ਕਿੰਨੀ ਦੁਰਲੱਭ ਹੋਵੇ। ਆਮ ਇਹ ਰੌਲ਼ਾ ਸੀ ਕਿ ਪਾਕਿਸਤਾਨੀ ਜਸੂਸ ਘੜੀਆਂ ਵਗ਼ੈਰਾ ਸੁੱਟ ਦਿੰਦੇ ਸੀ, ਜੋ ਅਸਲ ਵਿਚ ਹੁੰਦੇ ਬੰਬ ਸੀ। ਚੁੱਕਣ ਤੋਂ ਬਾਅਦ ਹਿੱਲ ਜੁੱਲ ਨਾਲ ਉਹ ਫਟ ਜਾਂਦੇ ਸੀ ਤੇ ਨੁਕਸਾਨ ਕਰਦੇ ਸੀ। ਸਿਰੋਂ ਉਪਰ ਨਿਕਲ਼ ਗਈਆਂ ਮੱਕੀਆਂ ਵਿਚ ਡਰਦਾ ਕੋਈ ਵੜਦਾ ਨਹੀਂ ਸੀ। ਇਹ ਗੱਲ ਵੀ ਆਮ ਸੀ ਕਿ ਪਾਕਿਸਤਾਨੀ ਛਾਤਾਬਰਦਾਰ ਜਾਸੂਸ ਮੱਕੀਆਂ ਵਿਚ ਲੁਕੇ ਰਹਿੰਦੇ ਸੀ ਤੇ ਵੇਲ਼ਾ ਮਿਲੇ ’ਤੇ ਬਾਹਰ ਆ ਕੇ ਅਪਣਾ ਕਾਰਾ ਕਰ ਜਾਂਦੇ ਸੀ। ਲੋਕਾਂ ਨੇ ਬੜੀਆਂ ਗੱਲਾਂ ਬਣਾਈਆਂ ਹੋਈਆਂ ਸੀ। ਸਭ ਲੋਕ ਦਹਿਲੇ ਹੋਏ ਸੀ।

ਅਸੀਂ ਤਾਂ ਉਦੋਂ ਛੋਟੇ ਛੋਟੇ ਹੀ ਹੁੰਦੇ ਸੀ। ਅੱਠਾਂ-ਅੱਠਾਂ ਦਸਾਂ-ਦਸਾਂ ਸਾਲਾਂ ਦੇ। ਮਾਈਆਂ ਸਾਨੂੰ ਬੁੱਕਲ਼ਾਂ ਚ ਲੁਕੋਈ ਰੱਖਦੀਆਂ। ਘਰੋਂ ਬਾਹਰ ਨਾ ਨਿਕਲਣ ਦਿੰਦੀਆਂ। ਪਿੰਡ ਦੇ ਸਕੂਲੇ ਹੀ ਪੜ੍ਹਦੇ ਸਾਂ। ਨਿਆਣੇ ਸਾਂ। ਬਹੁਤੀ ਸੁਰਤ ਵੀ ਨਹੀਂ ਸੀ ਹੁੰਦੀ। ਸੁਣੀਆਂ ਸੁਣਾਈਆਂ ਗੱਲਾਂ ’ਗਾਂਹ ਤੋਰੀ ਜਾਇਆ ਕਰਦੇ ਸਾਂ। ਬਈ ਹੁਣ ਔਹ ਹੋ ਗਿਆ…… ਤੇ ਹੁਣ ਆਹ ਹੋ ਗਿਆ।

ਰੇਡੀਓ ਉਦੋਂ ਵੱਡੀ ਗੱਲ ਹੁੰਦੀ ਸੀ। ਮਸਾਂ ਇਕ ਅੱਧਾ ਹੀ ਹੁੰਦਾ ਸੀ, ਪਿੰਡਾਂ ਚ। ਖੇਲਾ ਭਲਵਾਨ ਰੋਜ਼ ਖਬਰਾਂ ਸੁਣਨ ਲੱਧੇ ਰਾਮ ਦੀ ਹੱਟੀਏ ਜਾਇਆ ਕਰੇ। ਪੁਰਾਣੇ ਪਿੰਡ ਦੋ ਹੀ ਹੱਟੀਆਂ ਸੀ; ਲੱਧੇ ਰਾਮ ਦੀ ਤੇ ਇਹਦੇ ਛੋਟੇ ਭਰਾ ਭਗਵਾਨ ਦੀ ਉਦੋਂ ਸਾਂਝੀ ਹੱਟੀ ਸੀ।। ਰਤਾ ਕੇ ਪਰ੍ਹੇ ਕਰਕੇ ਗੰਗਾ ਰਾਮ ਦੀ ਸੀ। ਖੇਲੇ ਭਲਵਾਨ ਦਾ ਅਸਲੀ ਨਾਂ ਕਰਤਾਰ ਸਿੰਘ ਵਲਦ ਬੱਗੂ ਸਿੰਘ ਸੀ। ਗੋਤ ਤੂਰ। ਖੇਲੇ ਇਨ੍ਹਾਂ ਦੀ ਅੱਲ ਪੈ ਗਈ ਸੀ। ਕਰਤਾਰਾ ਖੇਲਾ ਜੁਆਨੀ ਵੇਲੇ ਭਲਵਾਨੀ ਕਰਦਾ ਸੀ। ਦਰਸ਼ਣੀ ਜੁਆਨ ਸੀ। ਬੜੇ ਮੋਟੇ ਮੋਟੇ ਹੱਡ ਸੀ ਇਹਦੇ। ਇਲਾਕੇ ਦਾ ਤਕੜਾ ਮੱਲ ਸੀ। ਇਹਨੇ ਕਈ ਵੱਡੇ-ਵੱਡੇ ਲਾਟੀਕੀਨਾਂ ਦੇ ਮੋਢੇ ਲਾਏ ਸੀ। ਅਜੇ ਵੀ ਪੁਰਾਣੇ ਬੰਦੇ ਇਹਦੀਆਂ ਗੱਲਾਂ ਕਰਦੇ ਹਨ। ਭਲਵਾਨ ਨੇ ਅਪਣੇ ਵੇਲਿਆਂ ਚ ਬੜੇ ਕੰਮ ਕੀਤੇ ਸੀ। ਭਲਵਾਨੀ ਦੇ ਨਾਲ਼ ਨਾਲ਼ ਇਹਨੇ ਟਾਂਗਾ ਵੀ ਵਾਹਿਆ ਸੀ। ਕਾਂਗਰਸੀਆਂ ਦਾ ਹਮਾਇਤੀ ਵੀ ਰਿਹਾ ਸੀ। ਵੋਟਾਂ ਵੇਲ਼ੇ ਇਹ ਉਨ੍ਹਾਂ ਦੇ ਨਾਲ਼ ਤੁਰਦਾ ਸੀ। ਮਹਿਤਪੁਰੋਂ ਇਹ ਟਾਂਗਾ ਨਕੋਦਰ ਨੂੰ ਜਾਂ ਲਾਗੇ ਬੰਨੇ ਦੇ ਪਿੰਡਾਂ ਨੂੰ ਲੈ ਕੇ ਜਾਂਦਾ ਸੀ। ਇਹਦੇ ਚਾਰ ਪੁੱਤ ਸੀ, ਇਕ ਧੀ ਸੱਭ ਤੋਂ ਛੋਟੀ। ਲਾਡਲੀ। ਸਭ ਤੋਂ ਵੱਡਾ ਜਗੀਰ ਪੁਲਸ ਚ ਸਿਪਾਹੀ ਸੀ ਤੇ ਸਾਰਿਆਂ ਤੋਂ ਛੋਟਾ ਜੈਲਾ ਮਿਲਟਰੀ ਚ। ਵਿਚਕਾਰਲੇ

ਦੋਵੇਂ ਵਾਹੀ ਖੇਤੀ ਕਰਦੇ ਸੀ। ਰੂੜਾ ਇਹਦਾ ਛੜਾ ਭਾਈ ਸੀ। ਭਲਵਾਨ ਤੋਂ ਵੱਡਾ। ਇਹ ਬੜੇ ਜੁਆਨ ਸੀ। ਸਾਰੇ ਦੇ ਸਾਰੇ ਈ ਛੇ, ਸਵਾ ਛੇ ਛੇ ਫੁੱਟ ਦੇ ਗੇੜ ਚ। ਸਾਨੂੰ ਨਿਆਣਿਆਂ ਨੂੰ ਹੋਰ ਵੀ ਲੰਮੇ ਲਗਦੇ ਸੀ। ਬੜੇ ਵੱਡੇ ਵੱਡੇ -ਦਿਓ ਦੇ ਦਿਓ।

ਉਦੋਂ ਪਿੰਡਾਂ ਦੇ ਭਾਈਚਾਰੇ ਬੜੇ ਤਕੜੇ ਹੀ ਹੁੰਦੇ ਸੀ। ਇਤਫ਼ਾਕ ਵੀ ਬੜਾ ਹੁੰਦਾ ਸੀ। ਬਲੈਕਆਊਟ ਹੋਈ ਤੋਂ ਵੀ ਲੋਕ ਰਲ਼ ਕੇ ਬਾਹਰ ਪੈ ਲੈਂਦੇ ਸੀ। ਕਈ ਕਈ ਘਰ ਰਲ਼ ਕੇ ਕੱਚਿਆਂ ਘਰਾਂ ਦੇ ਖੁੱਲ੍ਹੇ ਵਿਹੜਿਆਂ ਚ ਬਾਹਰ ਸੌਂ ਜਾਇਆ ਕਰਦੇ ਸੀ। ਪੰਜਾਂ ਸੱਤਾਂ ਘਰਾਂ ਦੀਆਂ ਧੀਆਂ-ਧਿਆਣੀਆਂ, ਨਿਆਣੇ ਤੇ ਬੀਬੀਆਂ ਖੁਲ੍ਹੇ ਵਿਹੜੇ ਚ ਪਏ ਸੀ। ਮੰਜਿਆਂ ਦੀਆਂ ਡਾਰਾਂ ਲੱਗੀਆਂ ਹੋਈਆਂ ਸੀ। ਸਾਢੇ ਨੌਂ ਦੀਆਂ ਖ਼ਬਰਾਂ ਮੁੱਕੀਆਂ ਈ ਸੀ ਕਿ ਇਕ ਦਮ ਰੌਲ਼ਾ ਪੈ ਗਿਆ: ਓ ਬਘਿਆੜ ਆ ਗਿਆ। ਓ ਬਘਿਆੜ ਆ ਗਿਆ। ਭਲਵਾਨ ਬਾਹਰ ਨਿਕਲਿਆ। ਇਹਨੇ ਕਿਸੇ ਬੁੜੇ ਬਾਬੇ ਕੋਲੋਂ ਮੋੜ੍ਹੀ ਫੜ ਲਈ – ਬਘਿਆੜ ਭਜਾਉਣ ਨੂੰ।

ਜਦੋਂ ਬਾਹਰ ਨਿਕਲ਼ ਕੇ ਦੇਖਿਆ ਤਾਂ ਬਘਿਆੜ ਦੀ ਥਾਂ ਘੋੜੀਆਂ ਵਾਲ਼ਿਆਂ ਹੇਠਲੀ ਉੱਤੇ ਲਿਆਂਦੀ ਹੋਈ ਸੀ। ਚੀਕ ਚਿਹਾੜਾ। ਰੋਣ ਪਿੱਟਣ। ਹਾਲ ਪਾਰ੍ਹਿਆ। ਘੋੜੀਆਂ ਦੇ ਪੌੜ ਖੜਕਣ। ਹਿਣਕਣੀਆਂ ਸੁਣਨ। ਧੀਆਂ ਧਿਆਣੀਆਂ ਡਰਦੀਆਂ ਭੱਜ ਕੇ ਲਾਗਲੇ ਘਰਾਂ ਚ ਵੜ ਗਈਆਂ ਸੀ। ਤੀਵੀਂਆਂ ਦਾ ਰੋਣ ਕੁਰਲਾਉਣ: ਵੇ ਬਚਾਓ ਵੇ ਸਾਨੂੰ, ਲੋਕੋ। ਅਸੀਂ ਮਾਰੇ ਗਏ ਵੇ, ਲੋਕੋ। ਅਸੀਂ ਲੁੱਟੇ ਗਏ ਵੇ, ਲੋਕੋ। ਹੱਟੀਓਂ ਬਾਹਰ ਨਿਕਲ਼ ਕੇ ਭਲਵਾਨ ਨੇ ਦੇਖਿਆ ਤਾਂ ਲੋਕ 'ਕੱਠੇ ਹੋਏ ਹੋਏ। ਸਭ ਡਰੇ ਹੋਏ। ਕੋਈ 'ਗਾਂਹ ਵੀ ਨਾ ਹੋਵੇ। ਬਹੁਤ ਸਾਰੇ ਤਮਾਸ਼ਬੀਨ। ਇਹ ਰਤਾ ਕੁ ਹੋਰ ਨੇੜੇ ਹੋਇਆਂ ਤਾਂ ਆਵਾਜ਼ ਆਈ: ਮੈਂ ਤਾਂ ਰੋੜੀ ਆਂ, ਭਗਵਾਨ ਦੇਈ; ਮੈਂ ਸ਼ਿੰਦੋ ਨਹੀਂ। ਮੈਂ ਰੋੜੀ ਆਂ, ਮੈਂ ਸ਼ਿੰਦੋ ਨਹੀਂ। ਸ਼ਿੰਦੋ ਤਾਂ ਪਹਿਲਾਂ ਹੀ ਫੁਰਤੀ ਨਾਲ਼ ਪਰ੍ਹੇ ਹੋ ਗਈ ਸੀ – ਉਹਨੂੰ ਸੂਹ ਹੋਣੀ ਆਂ। ਹੋਰ ਕੁੜੀਆਂ-ਬੁੜੀਆਂ ਵੀ ਭੱਜ ਗਈਆਂ ਸੀ। ਘੋੜੀਆਂ ਵਾਲ਼ਿਆਂ ਸ਼ਿੰਦੋ ਭਲਾਵੇ ਗੰਗਾ ਰਾਮ ਦੀ ਨੂੰਹ, ਭਗਵਾਨ ਦੇਵੀ ਚੱਕ ਲਈ ਸੀ। ਉਹ ਇਹਨੂੰ ਘੋੜੀ 'ਤੇ ਚੜ੍ਹਾਉਂਦੇ ਸੀ। ਇਹ ਮੋਹਰਿਓਂ ਉਜ਼ਰ ਕਰਦੀ ਸੀ – ਕਰਨਾ ਹੀ ਸੀ। ਵਿਚਾਰੀ ਰੌਲ਼ਾ ਪਾਉਂਦੀ ਸੀ। ਘੋੜੀਆਂ ਵਾਲ਼ੇ ਇਹਦੀ ਸੁਣਦੇ ਨਹੀਂ ਸੀ। ਇਹ ਦੇਖ ਕੇ ਭਲਵਾਨ ਨੇ ਜਾਣ ਲਿਆ, ਬਈ ਸੱਭ ਅੱਛਾ ਨਹੀਂ। ਇਹਨੇ ਹੱਥ ਵਾਲ਼ੀ ਮੋੜ੍ਹੀ ਮਾਰ-ਮਾਰ ਕੇ ਘੋੜੀਆਂ ਭਜਾ ਦਿੱਤੀਆਂ। ਘੋੜੀਆਂ ਮਤਾਣੀਆਂ ਗਈਆਂ।

ਖੇਲੇ ਭਲਵਾਨ ਦੀਆਂ ਭਜਾਈਆਂ ਘੋੜੀਆਂ ਚੋਂ ਇਕ ਫਿਰ ਮੁੜ ਕੇ ਆ ਗਈ ਸੀ। ਭਲਵਾਨ ਆਪ ਵੀ ਘੋੜਿਆਂ ਦਾ ਜਾਣੂੰ ਸੀ। ਟਾਂਗਾ ਵਾਹੁੰਦਾ ਰਿਹਾ ਸੀ। ਖਰਖਰੇ ਕਰਦਾ ਰਿਹਾ ਸੀ। ਆਪ ਨਿਆਰੀਆਂ ਦਿੰਦਾ ਰਿਹਾ ਸੀ। ਇਹਨੇ ਘੋੜੀ ਨੂੰ ਮੋਹਰਿਓਂ ਫੜ ਲਿਆ। ਕੜਿਆਲ਼ੇ ਤੋਂ। ਆਵਦੀ ਵਲੋਂ ਕਾਬੂ ਕਰ ਲਿਆ। ਅਗਲੇ ਤਿਆਰ ਹੋ ਕੇ ਆਏ ਸੀ। ਕਿਰਪਾਨਾਂ, ਬਰਛਿਆਂ, ਛੁਰਿਆਂ, ਟਕੂਇਆਂ ਨਾਲ਼ ਪੂਰੀ ਤਰ੍ਹਾਂ ਲੈਸ। ਡਰ ਸੀ ਕਿ ਇਨ੍ਹਾਂ ਕੋਲ਼ ਬੰਦੂਕ ਵੀ ਸੀ। ਜਦੋਂ ਹੀ ਭਲਵਾਨ ਨੇ ਘੋੜੀ ਨੂੰ ਹੱਥ ਪਾਇਆ। ਘੋੜ ਸਵਾਰ ਨੇ ਮੋਹਰਿਓਂ ਭਲਵਾਨ ਨੂੰ ਧੀ ਦੀ ਗਾਲ੍ਹ ਕੱਢੀ। ਜੱਟ ਦਾ ਪੁੱਤ ਤੇ ਧੀ ਦੀ ਗਾਲ੍ਹ ਕਦੋਂ ਜਰਦਾ ਹੈ। ਇਹਨੂੰ ਪਤਾ ਸੀ ਕਿ ਇਹ 'ਕੱਲਾ ਤੇ ਨਿਹੱਥਾ ਸੀ। ਅਗਲੇ ਪੰਜ ਸੱਤ ਸੀ। ਕੋਲ਼ ਹਥਿਆਰ। ਭਲਵਾਨ ਨੇ ਰੌਲਾ ਪਾਇਆ: ਓ ਪਿੰਡਾ ਆ ਜਾਓ, ਓ ਡਾਕੂ ਆ ਗਏ। ਓ ਪਿੰਡਾ ਆ ਜਾਓ, ਓ ਡਾਕੂ ਆ ਗਏ। ਜੇ ਕਿਸੇ ਨੇ ਨਹੀਂ ਆਉਣਾ, ਤਾਂ ਮੇਰੇ ਮੁੰਡਿਆਂ ਨੂੰ ਸੱਦ ਦਿਓ। ਭਲਵਾਨ ਦਾ ਰੌਲ਼ਾ ਸੁਣ ਕੇ ਲੋਕ ਡਰਦੇ-ਡਰਦੇ ਬਾਹਰ ਆ ਗਏ।

ਇਓਂ ਭਲਵਾਨ ਭਿੜਦਾ ਖਹਿੰਦਾ ਪਰ੍ਹੇ ਜ਼ੈਲਦਾਰਾਂ ਦੇ ਦੀਵਾਨਖ਼ਾਨੇ ਕੋਲ਼ ਚਲੇ ਗਿਆ ਸੀ। ਇਹਨੇ ਘੋੜੀਆਂ ਡਰਾ ਦਿੱਤੀਆਂ ਸੀ। ਉਨ੍ਹਾਂ ਬਦਮਾਸ਼ਾਂ ਚੋਂ ਇਕ ਦੋ ਖੜਕਾ ਵੀ ਕੱਢੇ ਸੀ। ਉਨ੍ਹਾਂ ਫੋਕਾ ਦਬਕਾ ਮਾਰਿਆ: ਓਏ ਬੰਤਿਆ ਚਲਾ ਦੇ ਗੋਲ਼ੀ ਹੁਣ। ਜਦੋਂ ਮਰ ਗਏ ਫਿਰ ਹੀ ਚਲਾਉਣੀ ਆਂ। ਕੋਠਿਆਂ ਤੇ ਖੜੇ ਤਮਾਸ਼ਬੀਨ, ਗੋਲ਼ੀ ਦਾ ਨਾਂ ਸੁਣਕੇ ਇਕਦਮ ਛੱਤਾਂ ਤੇ ਹੀ ਲੰਮੇ ਪੈ ਗਏ। ਡਰ ਗਏ ਕਿ ਕਿਤੇ ਖੜ੍ਹਿਆਂ ਨੂੰ ਗੋਲ਼ੀ ਨਾ ਲੱਗ ਜਾਵੇ। ਓਧਰ ਭਲਵਾਨ ਰੇੜ੍ਹਵਾਂ ਵਾਲ਼ਿਆਂ ਨਾਲ਼ ਡਟਿਆ ਹੋਇਆ ਸੀ। ਉਹ ਪੰਜ ਸੱਤ ਜਣੇ ਸੀ ਤੇ ਇਹ 'ਕੱਲਾ ਸੂਰਮਾ।

ਬੰਤੇ ਨੂੰ ਸਾਰੇ ਜਾਣਦੇ ਸੀ। ਰੇੜ੍ਹਵਾਂ ਦਾ ਮਸ਼ਹੂਰ ਬੰਤਾ ਬਦਮਾਸ਼। ਇਲਾਕੇ ਚ ਨਾਂ ਚਲਦਾ ਸੀ ਉਹਦਾ। ਦਹਿਲ ਵੀ ਸੀ। ਕਹਿੰਦੇ ਆਂ ਬਈ ਵੱਡੇ ਰੌਲ਼ਿਆਂ ਵੇਲ਼ੇ ਇਹਨੇ ਸ਼ਾਹਕੋਟ ਵਾਲ਼ੇ ਅਸਲਮ ਦੇ ਕਤਲੇਆਮ ਨੂੰ ਡੱਕ ਲਾਇਆ ਸੀ। ਬਾਅਦ ਚ ਪਤਾ ਚੱਲਿਆ ਬਈ ਬੰਤਾ ਤਾਂ ਇਨ੍ਹਾਂ ਨਾਲ਼ ਤੁਰਿਆ ਹੀ ਨਹੀਂ ਸੀ। ਦੱਸਣ ਵਾਲ਼ੇ ਦਸਦੇ ਨੇ ਕਿ ਬੰਤਾ ਡਾਕੇ ਮਾਰਦਾ ਸੀ। ਫੀਮ-ਡੋਡੇ ਵੇਚਦਾ ਸੀ। ਸਮਗਲਿੰਗ ਕਰਦਾ ਸੀ। ਵਾਹਰਾਂ 'ਤੇ ਜਾਂਦਾ ਸੀ। ਹੋਰ ਵੀ ਪੁੱਠੇ ਕੰਮ ਕਰਦਾ ਸੀ। ਪਰ ਧੀ ਭੈਣ ਵੱਲ ਕਿਸੇ ਨੂੰ ਨਹੀਂ ਸੀ ਦੇਖਣ ਦਿੰਦਾ। ਸਗੋਂ ਵੇਲੇ ਕੁਵੇਲ਼ੇ ਮਦਦ ਲਈ ਬਹੁੜ ਪੈਂਦਾ ਸੀ। ਇਹਦੇ ਕਰਕੇ ਬੰਤੇ ਦੀ ਭੱਲ ਬਣ ਜਾਂਦੀ ਸੀ। ਲੋਕਾਂ ਕਹਿ ਦੇਣਾ: ਚਲੋ ਡਾਕਾ ਮਾਰ ਗਿਆ, ਇਹ ਤਾਂ ਇਹਦਾ ਕੰਮ ਸੀ। ਪਰ ਧੀ ਭੈਣ ਦੀ ਪੱਤ ਵੱਲ ਤਾਂ ਨਹੀਂ ਦੇਖਿਆ।

ਇਸ ਮਾਅਜਰੇ ਪਿੱਛੇ ਸਾਰੀ ਗੱਲ ਇਹ ਸੀ: ਹਮਾਤੜ ਪਰ ਸਾਊ ਜੱਟਾਂ ਦੀ ਧੀ ਦਾ ਰਿਸ਼ਤਾ ਸ਼ਰੀਕਾਂ ਨੇ ਰੇੜ੍ਹਵੀਂ ਕਰਵਾਇਆ ਸੀ। ਫੀਰੋ, ਸੋਹਣੀ ਤੇ ਮੋਹਣੀ ਤਿੰਨ ਭਾਈਆਂ ਦੀ 'ਕੱਲੀ ਭੈਣ ਸੀ, ਸ਼ਿੰਦੋ। ਇਹ ਵਿਚਾਰੇ ਈ ਸੀ। ਜ਼ਮੀਨ ਵੀ ਵੱਤੇ ਈ ਸੀ। ਰਿਸ਼ਤੇ ਤਾਂ ਭਰਾਵਾਂ ਨੂੰ ਵੀ ਨਹੀਂ ਸੀ ਹੋਏ। ਅੱਕ ਕੇ ਵੱਡਾ ਫੀਰੋ, ਕੁਦੇਸਣ ਬਿਮਲਾ ਨੂੰ ਮੁੱਲ ਲੈ ਆਇਆ ਸੀ। ਛੋਟੇ ਸੋਹਣੀ ਨੇ ਵੀ ਏਦਾਂ ਦਾ ਹੀ ਕੁਛ ਤੁਥ-ਮੁਥ ਕੀਤਾ ਕੀਤਾ ਸੀ। ਪਰ ਉਹ ਵੀ ਸਿਰੇ ਨਾ ਸੀ ਚੜ੍ਹਿਆ। ਸਭ ਤੋਂ ਛੋਟਾ ਮੋਹਣੀ ਬੀਮਾਰ ਰਹਿੰਦਾ ਸੀ। ਤਕੜੇ ਜ਼ਿੰਮੀਂਦਾਰਾਂ ਨਾਲ਼ ਲੱਗਾ ਰਹਿੰਦਾ – ਰੋਟੀ ਪਾਣੀ ਮਿਲ਼ ਜਾਂਦਾ ਸੀ। ਬਾਪ ਬੜਾ ਪਹਿਲਾਂ ਹੀ ਤੁਰ ਗਿਆ ਸੀ। ਇਨ੍ਹਾਂ ਨੂੰ ਬਿਸ਼ਨੋ ਕਾ ਟੱਬਰ ਕਹਿੰਦੇ ਸੀ। ਬਿਸ਼ਨੋ ਇਨ੍ਹਾਂ ਦੀ ਮਾਈ ਦਾ ਨਾਂ ਸੀ। ਸ਼ਿੰਦੋ ਦਾ ਰਿਸ਼ਤਾ ਇਨ੍ਹਾਂ ਦੇ ਘਰਾਂ ਚੋਂ ਲਗਦੇ ਚਾਚੇ-ਤਾਏ ਨੇ ਰੇੜ੍ਹਵੀਂ ਕਰਵਾ ਦਿੱਤਾ ਸੀ। ਬੰਤੇ ਦੇ ਭਤੀਜੇ ਨੂੰ। ਮਗਰੋਂ ਸ਼ਰੀਫ਼ ਬਿਸ਼ਨੋ ਤੇ ਪੁੱਤਾਂ ਨੂੰ ਸੂਹ ਲੱਗ ਗਈ ਕਿ ਸ਼ਰੀਕਾਂ ਨੇ ਸਾਡੇ ਹੱਥ ਤਾਂ ਬਦਮਾਸ਼ਾਂ ਨਾਲ਼ ਜੋੜ ਦਿੱਤੇ ਆ। ਦੂਜੇ ਉਹ ਮੁੰਡਾ ਰਹਿੰਦਾ ਵੀ ਬਿਮਾਰ ਠਿਮਾਰ ਸੀ। ਇਨ੍ਹਾਂ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ। ਇਹ ਤਾਂ ਵਿਚਾਰੇ ਸਿੱਧੇ-ਸਾਧੇ ਸੀ। ਕੰਮ ਕਾਰ ਵਾਲ਼ੇ ਬੰਦੇ। ਸਿਰੇ ਦੇ ਸ਼ਰੀਫ਼। ਇਨ੍ਹਾਂ ਨੇ ਰਿਸ਼ਤਾ ਤੋੜ ਕੇ ਕਿਧਰੇ ਹੋਰ ਕਰ ਦਿੱਤਾ ਸੀ। ਵਿਆਹ ਰੱਖਣ ਦੀਆਂ ਗੱਲਾਂ ਹੋ ਰਹੀਆਂ ਸੀ। ਬੰਤੇ ਦੇ ਭਤੀਜਿਆਂ ਨੇ ਕਿੜ ਖਾਧੀ। ਕਹਿੰਦੇ

ਆਵਦੀ ਮੰਗ ਤਾਂ ਕੋਈ ਵੀ ਨਹੀਂ ਛੱਡਦਾ ਹੁੰਦਾ। ਅਸੀਂ ਤਾਂ ਰੇੜ੍ਹਵਾਂ ਵਾਲ਼ੇ ਆਂ। ਬੰਤੇ ਦੇ ਭਤੀਜੇ। ਉਹ ਕਹਿੰਦੇ: ਸ਼ਿੰਦੋ ਸਾਡੀ ਮੰਗ ਆ। ਅਸੀਂ ਇਹ ਕਿੱਦਾਂ ਛੱਡ ਦਈਏ। ਘੈਂਸ-ਘੈਂਸ ਹੁੰਦੀ ਤੋਂ ਗੱਲ ਵਧਦੀ ਗਈ। ਵਿਚੋਲਾ ਰਾਜ਼ੀਬੰਦਾ ਕਰਵਾ ਦਿੰਦਾ, ਤਾਂ ਹੋ ਜਾਣਾ ਸੀ। ਏਨੀ ਜੋਗਾ ਉਹ ਹੈ ਵੀ ਸੀ ਪਰ ਉਹ ਤਾਂ ਰੇੜ੍ਹਵਾਂ ਵਾਲ਼ਿਆਂ ਨਾਲ਼ ਰਲ਼ ਗਿਆ ਸੀ। ਕੋਈ ਪੁਰਾਣਾ ਗੋੜ ਪਾਲ਼ੀ ਬੈਠਾ ਸੀ। ਹੋਣੀ ਵਾਲ਼ੇ ਦਿਨ ਬੰਤੇ ਦੇ ਭਤੀਜੇ ਉੱਧੋਵਾਲ਼ ਆਏ। ਘੋੜੀਆਂ 'ਤੇ ਸਵਾਰ ਹੋ ਕੇ। ਬਿਸ਼ਨੋ ਕੇ ਸ਼ਰੀਕਾਂ ਦੇ ਖੂਹ ਤੇ ਬੈਠੇ। ਟਹਿਲ ਸੇਵਾ ਹੋਈ। ਘਰ ਦੀ ਕੱਢੀ ਦਾਰੂ ਪੀਤੀ। ਫੂਕਾਂ ਛਕਾਈਆਂ ਗਈਆਂ। ਫੀਰੋ ਕਿਆਂ ਨੂੰ ਵੀ ਸੂੰਧਕ ਤਾਂ ਹੋਊਗੀ ਕਿ ਸੱਭ ਅੱਛਾ ਨਹੀਂ । ਅੱਜ ਕੁਛ ਹੋਣਾ ਜ਼ਰੂਰ ਆ। ਸ਼ਰੀਕਾਂ ਦੇ ਖੂਹ ਤੇ ਪੰਜ ਸੱਤ ਬੰਦੇ ਸ਼ਰਾਬ ਪੀਂਦੇ ਸੀ – ਉੱਤੋਂ ਰੇੜ੍ਹਵਾਂ ਵਾਲ਼ੇ ਬੰਤੇ ਦੇ ਭਤੀਜੇ। ਪਰ ਇਹ ਵਿਚਾਰੇ ਸੀ ਇਨ੍ਹਾਂ ਨਾਲ਼ ਵੀ ਕਿਸੇ ਨਹੀਂ ਸੀ ਤੁਰਨਾ। ਇਨ੍ਹਾਂ ਦਾ ਤਾਂ 'ਆਵਦਾ' ਹੀ ਰੇੜ੍ਹਵਾਂ ਵਾਲ਼ਿਆਂ ਨਾਲ਼ ਰਲ਼ ਗਿਆ ਸੀ। ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਬੋਤਲਾਂ ਦੇ ਡੱਟ ਪੱਟੇ। ਬੋਤਲਾਂ ਖ਼ਾਲੀ ਹੋਈਆਂ। ਹੌਸਲੇ ਬੁਲੰਦ ਹੋਏ। ਛਾਤੀਆਂ ਹੰਕਾਰ ਨਾਲ਼ ਫੁੱਲੀਆਂ। ਅਖੇ ਅਸੀਂ ਰੇੜ੍ਹਵਾਂ ਵਾਲ਼ੇ ਬੰਤੇ ਬਦਮਾਸ਼ ਦੇ ਭਤੀਜੇ ਆਂ। ਤੇ ਸ਼ਿੰਦੋ ਸਾਡੀ ਮੰਗ ਆ। ਇਨ੍ਹਾਂ ਦੀ ਇਹ ਮਜਾਲ ਬਈ ਸਾਡੀ ਮੰਗ ਕਿਤੇ ਹੋਰ ਤੋਰ ਦੇਣ। ਇਹ ਅਸੀਂ ਹੀ ਵਿਆਹੁਣੀ ਆਂ। ਜੇ ਇਨ੍ਹਾਂ ਨੇ ਨਹੀਂ ਵਿਆਹੁਣੀ, ਤਾਂ ਅਸੀਂ ਓਦਾਂ ਹੀ ਚੱਕ ਕੇ ਲੈ ਜਾਣੀ ਆਂ। ਉਹ ਪਿੰਡੋਂ ਤੁਰਨ ਲੱਗੇ ਵਿਆਹ ਵਾਲ਼ੇ ਸਾਰੇ ਸ਼ਗਨ ਵਿਹਾਰ ਕਰਕੇ ਤੁਰੇ ਸੀ। ਤੱਕ  ਕੇ ਆਏ ਸੀ ਕਿ ਜੇ ਡੋਲੀ ਨਹੀਂ ਆਉਂਦੀ, ਨਾ ਸਹੀ। ਮੰਗ ਜਰੂਰ ਲੈ ਕੇ ਆਵਾਂਗੇ। ਸ਼ਰੀਕ ਖੂਹ ਤੋਂ ਇਨ੍ਹਾਂ ਨੂੰ ਪਿੰਡ ਲਿਆਇਆ। ਥੜੇ ਕੋਲ਼ ਦੀ ਤੰਗ ਜਿਹੀ ਗਲ਼ੀ ਵਿਚ ਦੀ ਵਾੜ ਦਿੱਤੇ। ਕਹਿੰਦਾ: ਹਈਥੇ ਹੀ ਉਨ੍ਹਾਂ ਦਾ ਘਰ ਤੇ ਆਹ ਵਿਹੜੇ ਚ ਸ਼ਿੰਦੋ ਪਈ ਆ। ਉਹ ਘੋੜੀਆਂ ਤੇ ਚੜ੍ਹੇ ਦਗੜ ਦਗੜ ਕਰਦੇ ਆ ਵੜੇ ਸੀ। ਘੰਬੜ ਧੱਸਾ, ਚੀਕ ਚਿਹਾੜਾ ਪੈ ਗਿਆ ਸੀ; ਤੇ ਇਕ ਦਮ ਤਰਥੱਲੀ ਮਚ ਗਈ ਸੀ।

ਭਲਵਾਨ ਨੂੰ ਪਤਾ ਸੀ ਬਈ ਜੇ ਇਹਨੇ ਘੋੜੀ ਦਾ ਕੜਿਆਲ਼ਾ ਛੱਡ ਦਿੱਤਾ ਤਾਂ ਇਹਦੀ ਜਾਨ ਗਈ। ਅਗਲਿਆਂ ਕੋਲ਼ ਹਥਿਆਰ ਸੀ। ਉਹ ਚਲਾਉਂਦੇ ਵੀ ਸੀ। ਇਹਦੇ ਕੋਲ਼ ਤਾਂ ਮੋਹੜੀ ਸੀ ਤੇ ਉਹ ਵੀ ਟੁੱਟ ਗਈ ਸੀ। ਹਾਂ ਘੋੜੀ ਦਾ ਕੜਿਆਲ਼ਾ ਇਹਦੇ ਹੱਥ ਚ ਸੀ। ਬੰਤੇ ਦਾ ਭਤੀਜਾ ਸ਼ਰਾਬੀ ਵੀ ਸੀ। ਪਰ ਘੋੜੀ ਭਲਵਾਨ ਦੇ ਕਾਬੂ ਸੀ। ਵਾਰ ਤੋਂ ਬਚਦਾ ਬਚਾਉਂਦਾ, ਘੋਲ਼ ਘਲ਼ੱਈਏ ਚ ਭਲਵਾਨ ਘੋੜੀ ਫੜੀ ਜ਼ੈਲਦਾਰਾਂ ਦੇ ਦੀਵਾਨਖ਼ਾਨੇ ਵੱਲ ਆ ਗਿਆ। ਉਹ ਹਮਲਾ ਕਰਦੇ ਵੀ ਸੀ। ਇਹ ਘੋੜੀਆਂ ਭਜਾ ਦਿੰਦਾ। ਆਖ਼ਰ ਕਰਤਾਰੇ ਭਲਵਾਨ ਨੇ ਇਕ ਘੋੜ ਸਵਾਰ ਹੱਥਲ਼ ਕਰ ਲਿਆ। ਫਿਰ ਲਾਹ ਕੇ ਥੱਲੇ ਸੁੱਟ ਲਿਆ। ਉਹਦਾ ਰੌਲ਼ਾ ਸੁਣ ਕੇ ਬੰਤੇ ਦੇ ਦੂਸਰੇ ਭਤੀਜੇ ਵੀ ਆ ਗਏ। ਇਹਦੇ 'ਤੇ ਵਾਰ ਕਰਨ ਲੱਗੇ। ਖੇਲੇ ਭਲਵਾਨ ਨੂੰ ਪਤਾ ਸੀ ਕਿ ਹੁਣ ਔਖੀ ਘੜੀ ਹੈ। ਇਹਨੇ ਬੰਤੇ ਦੇ ਭਤੀਜੇ ਦਾ ਜੱਫਾ ਭਰਕੇ ਅਪਣੇ ਉੱਤੇ ਸੁੱਟ ਲਿਆ; ਆਪ ਹੇਠਾਂ ਪੈ ਗਿਆ। ਭਲਵਾਨੀ ਕਰਦਾ ਰਿਹਾ ਸੀ। ਇਹ ਜੁਗਤਾਂ ਤਾਂ ਇਹਨੂੰ ਆਉਂਦੀਆਂ ਹੀ ਸੀ। ਓਹਦੀਆਂ ਬਾਹਵਾਂ ਵੀ ਕਾਬੂ ਕਰ ਲਈਆਂ ਤੇ ਲੱਤਾਂ ਵੀ। ਕਹਿੰਦੇ ਰੇੜ੍ਹਵਾਂ ਵਾਲ਼ੇ ਨੂੰ ਵੀ ਭਲਵਾਨ ਹੀ ਸੀ। ਉਹ ਰੌਲ਼ੀ ਪਾਵੇ: ਓ ਮੈਂ ਭਲਵਾਨ ਆਂ, ਓ ਮੈਂ ਭਲਵਾਨ ਆਂ। ਕਰਤਾਰੇ ਭਲਵਾਨ ਨੇ ਉਹਨੂੰ ਬੋਲਣੋਂ ਵੀ ਹਟਾ ਲਿਆ। ਉਹਦਾ ਹੇਠਲ਼ਾ ਬੁੱਲ ਦੰਦਾਂ ਚ ਲੈ ਕੇ ਚਿੱਥ ਦਿਤਾ। ਉਹ ਓਂ-ਓਂ, ਐਂ-ਐਂ ਹੀ ਕਰਨ ਜੋਗਾ ਰਹਿ ਗਿਆ ਸੀ। ਰੇੜ੍ਹਵਾਂ ਵਾਲ਼ੇ ਖੇਲਾ ਭਲਵਾਨ ਸਮਝ ਕੇ ਆਵਦੇ ਭਲਵਾਨ ਦੇ ਹੀ ਕਿਰਪਾਨਾਂ ਮਾਰੀ ਗਏ। ਰੇੜ੍ਹਵਾਂ ਵਾਲ਼ਾ ਭਲਵਾਨ ਮਧਰਾ ਸੀ। ਖੇਲਾ ਭਲਵਾਨ ਲੰਮਾ ਸੀ – ਸਵਾ ਛੇ ਫੁੱਟੇ ਸਰੀਰ ਦਾ। ਇਹਦਾ ਸੱਜਾ ਗੋਡਾ ਖੜ੍ਹਾ ਰਹਿ ਗਿਆ ਸੀ। ਇਹ ਹੋਰ ਸੱਟਾਂ ਤੋਂ ਬਚ ਗਿਆ ਸੀ। ਪਰ ਗੋਡੇ ਦੀ ਚੱਪਣੀ ਮਧਾਣੀ ਰੁਕ ਵੱਢੀ ਗਈ। ਚਾਰ ਡੱਕਰੇ ਹੋ ਗਏ ਸੀ। ਭਲਵਾਨ ਏਦੂੰ ਬਾਦ ਸਿੱਧਾ ਨਹੀਂ ਸੀ ਤੁਰ ਸਕਿਆ। ਇਹਦਾ ਉਹ ਗੋਡਾ ਸਿੱਧਾ ਹੀ ਨਹੀਂ ਸੀ ਹੁੰਦਾ।

ਦੇਖੋ ਦੇਖੀ ਹੋਰ ਬੰਦੇ ਵੀ ਖੇਲੇ ਭਲਵਾਨ ਦੀ ਮਦਦ ਨੂੰ ਹੋ ਗਏ। ਉਦੋਂ ਤਾਂਈ ਭਲਵਾਨ ਦਾ ਵੱਡਾ ਭਾਈ ਰੂੜਾ ਤੇ ਦੋਵੇਂ ਪੁੱਤ ਵੀ ਆ ਗਏ ਸੀ। ਬਾਹਰੋਂ ਆ ਕੇ ਪਿੰਡ ਵਸਿਆ ਮਿਸਤਰੀ ਜੀਤ ਸਿਓਂ ਵੀ ਨਾਲ਼ ਹੋ ਗਿਆ। ਇਸ ਮਿਸਤਰੀ ਦਾ ਸਰੀਰ ਬੜਾ ਗੱਠਵਾਂ ਸੀ। ਕੱਦ ਦਾ ਮਧਰਾ ਸੀ। ਗੋਲ਼ ਮਟੋਲ਼ ਈ ਸੀ। ਇਹਨੇ ਵੀ ਬੜੀ ਡਾਂਗ ਵਰ੍ਹਾਈ। ਇਹ ਨੇਰ੍ਹੀ ਵਾਂਗੂੰ ਵਗਿਆ। ਇਹਦੇ ਸੱਟਾਂ ਵੀ ਲੱਗੀਆਂ ਸੀ। ਫਿਰ ਤਾਂ ਇਨ੍ਹਾਂ ਨੇ ਧੂਹ ਹੀ ਪਾ ਦਿੱਤੀ। ਰੇੜ੍ਹਵਾਂ ਵਾਲ਼ਿਆਂ ਦੇ ਭਜਨਾ ਤੇ ਬਹਾਦਰ ਥਾਂ ਹੀ ਮਾਰੇ ਗਏ – ਇਕ ਨੂੰ ਭਲਵਾਨ ਵੀ ਕਹਿੰਦੇ ਸੀ। ਇਕ ਸਹਿਕਦਾ ਮੱਕੀਆਂ ਚ ਲੁਕਦਾ ਕਿਤੇ ਦੀ ਕਿਤੇ ਜਾ ਨਿਕਲ਼ਿਆ, ਸੱਟਾਂ ਦੀ ਮਾਰ ਨਾ ਸਹਿ ਹੋਈ ਤੇ ਮਰ ਗਿਆ। ਬਾਕੀ ਦੇ ਨਿਕਲ਼ ਕੇ ਰਿਸ਼ਤੇਦਾਰੀ ਚ ਚਲੇ ਗਏ ਸੀ। ਉਹ ਕਹਿੰਦੇ ਸੀ ਅਸੀਂ ਉੱਧੋਵਾਲ਼ੀਆਂ ਦੇ ਬੰਦੇ ਮਾਰ ਆਏ ਆਂ।

ਰੇੜ੍ਹਵਾਂ ਵਾਲ਼ਿਆਂ ਦਾ ਭਲਵਾਨ ਮਾਰਿਆ ਗਿਆ ਸੀ। ਇਕ ਦਾ ਵਾਰ ਕਰਨ ਲੱਗੇ ਦਾ ਗੁੱਟ ਵੱਢਿਆ ਗਿਆ ਸੀ: ਬਾਂਹ ਨਾਲ਼ੋਂ ਵੱਢਿਆ ਗੁੱਟ ਕਿਰਪਾਨ ਸਣੇ ਪਰ੍ਹੇ ਡਿੱਗਿਆ ਹੋਇਆ ਸੀ। ਉਹ ਬੜੀ ਦੇਰ ਤੱਕ ਪਾਣੀ ਮੰਗਦਾ ਰਿਹਾ ਸੀ। ਫਿਰ ਧਮਕੀਆਂ ਦੇਣ ਲੱਗ ਪਿਆ: ਇਕ ਵਾਰੀ ਮੈਨੂੰ ਪਾਣੀ ਦੇ ਦਿਓ, ਫਿਰ ਦੇਖਿਓ ਮੈਂ ਸਵੇਰੇ ਨੂੰ ਕੀ ਕਰਦਾਂ। ਮੈਂ ਤੁਹਾਡੀ ਮਾਂ ਨੂੰ......।  ਤੁਹਾਡੀ ਧੀ ...। ਸਾਰੇ ਪਿੰਡ ਨੂੰ ਗੰਦ ਬਕੇ – ਗਾਲ੍ਹਾਂ ਕੱਢੇ। ਬਾਅਦ ਚ ਦੱਸਦੇ ਸੀ ਕਿ ਇਹੀ ਸਾਰਿਆਂ ਚੋਂ ਕੌੜਾ ਸੀ। ਪੂਰਾ ਕੱਬਾ। ਏਦਾਂ ਦੇ ਨੂੰ ਪਾਣੀ ਕੀਹਨੇ ਦੇਣਾ ਸੀ। ਗਾਹਲ਼ਾਂ ਸੁਣਕੇ ਖਾਲਸਾ ਗੁਰਬਚਨਾ, ਡਾਂਗ ਚੁੱਕੀ ਫਿਰਦਾ ਕੋਲ਼ ਆਇਆ। ਕਹਿੰਦਾ: ਓ ਸਾਲ਼ਿਆ ਅਜੇ ਵੀ ਨਹੀਂ ਹਟਦਾ ਤੂੰ। ਉਹਨੇ ਇੱਕੋ ਡਾਂਗ ਇਹਦੇ ਸਿਰ ਚ ਛੱਡੀ। ਕਹਿੰਦਾ ਚੱਲ ਤੂੰ ਵੀ ਓਸੇ ਕੰਜਰ ਕੋਲ਼। ਖਾਲਸਾ ਤਕੜਾ ਜੁਆਨ ਸੀ। ਉਹਦੇ ਇੱਕੋ ਵਾਰ ਨਾਲ਼ ਹੀ ਇਹ ਪਾਰ ਬੋਲ ਗਿਆ। ਮੁੜ ਨਾ ਬੋਲਿਆ।  ਇਹਨੂੰ ਪਾਣੀ ਮੰਗਦੇ ਨੂੰ ਮੱਕੀਆਂ ਚ ਲੁਕਿਆ ਰੇੜ੍ਹਵਾਂ ਵਾਲ਼ਿਆਂ ਦੇ ਹੋਰ ਬੰਦੇ ਸੁਣਦੇ ਵੀ ਰਹੇ ਸੀ। ਪਰ ਉਹ ਕੀ ਕਰ ਸਕਦੇ ਸੀ। ਇਹ ਆਪ ਵੀ ਤਾਂ ਅਪਣੀ ਜਾਨ ਲੁਕੋਈ ਬੈਠੇ ਸੀ। ਇਨ੍ਹਾਂ ਨੂੰ ਬਾਹਰੋਂ ਵੀ ਡਰ ਸੀ। ਸੁਣਿਆਂ ਬਈ ਬਾਅਦ ਚ ਇਹ ਕਹਿੰਦੇ ਸੀ: ਅਸੀਂ ਉਹਨੂੰ ਮੋਢਿਆਂ ਤੇ ਚੁਕ ਕੇ ਲੈ ਜਾਣਾ ਸੀ। ਪਰ ਕੀ ਕਰਦੇ ਸਾਡਾ ਸੂਤ ਨਹੀਂ ਸੀ ਲੱਗਦਾ। ਲੋਕ ਤੁਰੇ ਫਿਰਦੇ ਸੀ। ਤੇ ਜਦੋਂ ਖਾਲਸੇ ਨੇ ਉਹਨੂੰ ਪਾਰ

ਬੁਲਾਇਆ, ਲੁਕੇ ਹੋਏ ਬੰਦੇ ਵੀ ਮੱਕੀਓ ਮੱਕੀ ਹੁੰਦੇ ਦੂਰ ਪਿੰਡੀਂ ਚਲੇ ਗਏ ਸੀ। ਬਾਅਦ ਚ ਇਹ ਕਹਿੰਦੇ: ਸਾਡਾ ਦਿਲ ਹੀ ਪੁੱਛਿਆ ਜਾਣਦਾ ਸੀ, ਜਦੋਂ ਸਾਡੇ ਭਰਾ ਪਾਣੀ ਮੰਗਦੇ ਸੀ ਤੇ ਸਾਥੋਂ ਉਹਦੇ ਲਈ ਕੁਛ ਨਹੀਂ ਸੀ ਕਰ ਹੋਇਆ।

ਪਿੰਡ ਚ ਹੋਰ ਵੀ ਦਹਿਲ ਪੈ ਗਿਆ। ਦੋ ਲਾਸ਼ਾਂ ਪਈਆਂ ਸੀ। ਕੋਈ ਪੁੱਛੇ ਨਾ। ਕੋਈ ਪੁਲਸ ਨੂੰ ਦੱਸਣ ਵੀ ਨਾ ਜਾਵੇ। ਡਰਦੇ ਵੀ ਸੀ। ਸ਼ਾਹਕੋਟ ਦਾ ਠਾਣਾ ਰੇੜ੍ਹਵਾਂ ਵਲ ਨੂੰ ਹੀ ਪੈਂਦਾ ਸੀ। ਪੁਲਸਾਂ ਓਦੋਂ ਏਡੀ ਛੇਤੀ ਨਹੀਂ ਸੀ ਆਉਂਦੀਆਂ ਹੁੰਦੀਆਂ। ਆਖ਼ਰ ਨਕੋਦਰ ਵੱਲ ਦੀ ਹੋ ਕੇ ਠਾਣੇ ਖ਼ਬਰ ਕੀਤੀ। ਜਦੋਂ ਠਾਣੇ ਵਾਲ਼ਿਆਂ ਰੇੜਵਾਂ ਵਾਲ਼ਿਆਂ ਨੂੰ ਦੱਸਿਆ ਤਾਂ ਉਹ ਮੰਨਣ ਹੀ ਨਾ। ਸਗੋਂ ਮੋਹਰਿਓਂ ਕਹਿਣ: ਸਾਡਾ ਤਾਂ ਬੰਦਾ ਹੀ ਕੋਈ ਨਹੀਂ ਮਰਿਆ। ਅਸੀਂ ਤਾਂ ਉਨ੍ਹਾਂ ਦੇ ਮਾਰ ਕੇ ਆਏ ਆਂ।

ਲੋਕ ਡਰਨ ਵੀ ਕਿ ਰੇੜ੍ਹਵਾਂ ਵਾਲ਼ੇ ਬਦਲਾ ਲੈਣਗੇ। ਹੁਣ ਬੰਤਾ ਜਰੂਰ ਆਊਗਾ। ਜੋ ਮਰਜ਼ੀ ਹੋਵੇ, ਚੰਗੇ ਮਾੜੇ ਹੈਗੇ ਤਾਂ ਉਹਦੇ ਭਤੀਜੇ ਈ ਆ। ਬੰਤੇ ਦਾ ਆਵਦਾ ਖ਼ੂਨ। ਭਰਾ ਦੀ ਅਣਸ। ਹੁਣ ਮੌਤ ਨੱਚੂਗੀ। ਉਹ ਪਿੰਡ ਦੇ ਬੰਦੇ ਮਾਰੂਗਾ। ਲੋਕਾਂ ਦੇ ਦਿਲਾਂ ਚ ਭੈਅ ਹੋਰ ਵੱਧ ਗਿਆ ਸੀ। ਤੇ ਏਧਰੋਂ ਖੇਲੇ ਭਲਵਾਨ ਦੀ ਬੱਲੇ ਬੱਲੇ ਹੋ ਗਈ ਸੀ। ਇਹਨੇ ਪਿੰਡ ਦੀ ਰੱਖ ਵਿਖਾਈ ਸੀ। ਧੀ ਭੈਣ ਦੀ ਰਾਖੀ ਲਈ ਮਰਨ ਨੂੰ ਤਿਆਰ ਹੋ ਗਿਆ ਸੀ। ਜਾਨ ਦਾਅ ਤੇ ਲਾਈ ਸੀ।

ਸਾਰੀ ਰਾਤ ਲਾਸ਼ਾਂ ਪਈਆਂ ਰਹੀਆਂ ਸੀ। ਹੁਣ ਕਿਸੇ ਨੇ ਉੱਤੇ ਨਿੰਮ ਦੇ ਪੱਤੇ ਸੁੱਟ ਦਿੱਤੇ ਸੀ। ਜੰਮੇ ਖ਼ੂਨ ਤੇ ਮੱਖੀਆਂ ਭੀਂਅ ਭੀਂਅ ਕਰਨ ਲੱਗ ਪਈਆਂ ਸੀ। ਮੌਤ ਦਾ ਸਹਿਮ ਸੀ। ਲੋਕ ਡਰਦੇ ਸੀ। ਸਵੇਰ ਨੂੰ ਹੌਲ਼ੀ ਹੌਲ਼ੀ ਲੋਕ ਬਾਹਰ ਨਿਕਲਣੇ ਸ਼ੁਰੂ ਹੋਏ। ਜਿਹੜੇ ਰਾਤੀਂ ਕੁਸਕੇ ਨਹੀਂ ਸੀ, ਰਜਾਈਆਂ ਚ ਮੂੰਹ ਦੇ ਕੇ ਲੁਕੇ ਰਹੇ ਸੀ ਉਹ ਵੀ ਬਾਹਰ ਨਿਕਲ਼ ਆਏ ਸੀ। ਨੰਦੇ ਦਾ ਕੈਲਾ ਮੋਢੇ ਤੇ ਹਾਕੀ ਰੱਖੀ ਆਵੇ। ਪਿੰਡ ਵਾਲ਼ੇ ਇਹਨੂੰ ਛੇੜ ਛੇੜ ਚ ਟੇਢਾ ਵੀ ਕਹਿੰਦੇ ਸੀ। ਇਹ ਮਰੇ ਪਏ ਬੰਦੇ ਦੇ ਸਿਰ ਚ ਹਾਕੀ ਮਾਰ ਕੇ ਕਹਿੰਦਾ: ਤੈਂ ਰਾਤੀਂ ਬੜੀ ਅੱਤ ਚੁੱਕੀ ਹੋਈ ਸੀ ਓਏ, ਹੁਣ ਬੋਲ ਤਾਂ ਜਰਾ। ਦੇਖਾਂ ਤੈਨੂੰ ਵੱਡੇ ਸੂਰਮੇ ਨੂੰ। ਲੋਕ ਹੱਸ ਪਏ ਇਹ ਗੱਲ ਬੜਾ ਚਿਰ ਕੈਲ਼ੇ ਨਾਲ਼ ਜੁੜੀ ਰਹੀ। ਇਹਨੂੰ ਛੇੜਨ ਹਿਤ ਕਈਆਂ ਨੇ ਕਹਿਣਾ: ਬਈ ਟੇਡੇ ਨੇ ਵੀ ਰੇੜ੍ਹਵਾਂ ਵਾਲ਼ਿਆਂ ਦੇ ਪੰਜ ਸੱਤ ਬੰਦੇ ਮਾਰੇ ਸੀ।

ਕਹਿੰਦੇ ਨੇ ਬੰਤਾ ਫਿਰ ਆਇਆ ਵੀ। ਲਾਸ਼ਾਂ ਦੇਖ ਕੇ ਦੁਖੀ ਹੋਇਆ। ਚੰਗਾ ਹੋਵੇ ਜਾਂ ਮਾੜਾ, ਅਪਣੇ ਖ਼ੂਨ ਦਾ ਦੁੱਖ ਤਾਂ ਹੁੰਦਾ ਹੀ ਹੈ। ਬੰਤਾ ਕਹਿੰਦਾ: ਲੈ ਕਮਲ਼ਿਆਂ ਨੇ ਐਵੇਂ ਜਾਨਾਂ ਗੁਆ ਲਈਆਂ। ਭੰਗ ਦੇ ਭਾੜੇ। ਇਹ ਕਿਤੇ ਵਿਆਹ ਹੋਣੋਂ ਰਹਿ ਚੱਲਿਆ ਸੀ। ਸਾਡੇ ਤਾਂ ਕੁੱਤੇ ਵੀ ਨਹੀਂ ਰਹਿੰਦੇ। ਉਹ ਵੀ ਵਿਆਹੇ ਜਾਂਦੇ ਆ। ਮੈਨੂੰ ਬਿਨ੍ਹਾਂ ਦੱਸਿਆਂ ਹੀ ਆ ਗਏ।

ਅਸੀਂ ਨਕੋਦਰ ਹਸਪਤਾਲ ਦੇਖਣ ਗਏ ਇਨ੍ਹਾਂ ਨੂੰ। ਸਾਡੇ ਪਿੰਡ ਦਾ ਖੇਲਾ ਭਲਵਾਨ, ਉਹਦਾ ਪੁੱਤ ਗਿੰਦਾ ਤੇ ਜੀਤ ਸਿਓਂ ਮਿਸਤਰੀ ਵੀ। ਸੱਭ ਵਰਾਂਡੇ ਚ ਪਏ ਸੀ। ਭਲਵਾਨ ਦੇ ਗੋਡੇ ਨੂੰ ਪਲੱਸਤਰ ਕੀਤਾ ਹੋਇਆ ਸੀ। ਗਿੰਦੇ ਦੇ ਸਿਰ ਤੇ ਪੱਟੀ ਬੱਧੀ ਹੋਈ ਸੀ। ਜੀਤ ਸਿਓਂ ਦੀ ਬਾਂਹ ਬੰਨਹੀਂ ਹੋਈ ਸੀ। ਰਤਾ ਕੁ ਪਰ੍ਹੇ ਕਰਕੇ ਓਸੇ ਵਰਾਂਡੇ ਚ ਰੇੜ੍ਹਵਾਂ ਵਾਲ਼ੇ ਵੀ ਪਏ ਸੀ। ਪੱਟੀਆਂ ਪਲੱਸਤਰਾਂ ਚ ਲਪੇਟੇ ਹੋਏ। ਜਿਹੜੇ ਦੋ-ਤਿੰਨ ਦਿਨ ਪਹਿਲਾਂ, ਮਰਨ ਮਾਰਨ ਨੂੰ ਫਿਰਦੇ ਸੀ, ਹੁਣ ਟਿਕ ਟਿਕਾਅ ਤੋਂ ਬੜੇ 'ਰਾਮ ਨਾਲ਼ ਮੰਜਿਆਂ ਤੇ ਪਏ ਸੀ। ਇਕ ਦੂਜੇ ਦੇ ਲਾਗੇ ਲਾਗੇ। ਚੋਰ ਅੱਖ ਨਾਲ਼ ਇਹ ਦੂਜੇ ਵੱਲ ਵੀ ਦੇਖ ਲੈਂਦੇ ਸੀ ਤੇ ਪਤਾ ਲੈਣ ਆਇਆਂ ਨੂੰ ਵੀ।

ਰੇੜਵਾਂ ਵਾਲ਼ਿਆਂ ਤੇ ਡਾਕੇ ਦਾ ਕੇਸ ਪੈ ਗਿਆ ਸੀ। ਨਾਲ਼ੇ ਸੱਟਾਂ ਮਾਰਨ ਦਾ। ਪਿੰਡ ਦਿਆਂ ਤੇ ਸੱਟਾਂ ਮਾਰਨ ਦਾ। ਅਰੋੜੇ ਡਰਦੇ ਸਹਾਰਨਪੁਰ ਚਲੇ ਗਏ ਸੀ। ਓਥੋਂ ਤਰੀਕਾਂ ਭੁਗਤਣ ਆਉਂਦੇ ਰਹੇ। ਮਿਸਤਰੀ ਜੀਤ ਸਿਓਂ ਵੀ ਪਿੰਡੋਂ ਕਿਤੇ ਹੋਰ ਚਲੇ ਗਿਆ ਸੀ। ਨਾ ਕੋਈ ਏਧਰੋਂ ਬੱਝਾ ਨਾ ਓਧਰੋਂ। ਦੋ ਤਿੰਨ ਜਾਨਾਂ ਚਲੀਆਂ ਗਈਆਂ – ਨਾ ਕਿਸੇ ਖੂਹ ਨਾ ਖਾਤੇ। ਜਿਹਦੇ ਰਿਸ਼ਤੇ ਤੋਂ ਗੱਲ ਵਧੀ ਸੀ, ਉਹ ਵੀ ਛੇਤੀ ਬਾਅਦ ਚ ਚੱਲ ਵਸਿਆ।

ਰੇੜ੍ਹਵਾਂ ਵਾਲ਼ੇ ਬੰਤੇ ਦਾ ਇਕ ਭਤੀਜਾ, ਜਾਗਰ, ਅਜ਼ਾਦ ਬੱਸ ਕੰਪਨੀ ਚ ਡਰੈਵਰ ਸੀ। ਰੂਟ ਜਲੰਧਰ-ਨਕੋਦਰ-ਸ਼ਾਹਕੋਟ ਦਾ ਸੀ। ਉਹਨੇ ਜਦੋਂ ਬੱਸ ਲੈ ਕੇ ਜਾਣੀ ਤੇ ਉੱਧੋਵਾਲ਼ ਵੱਲ ਦੇਖਣਾ। ਫਿਰ ਮੂੰਹ ਦੂਜੇ ਪਾਸੇ ਕਰ ਲੈਣਾ। ਫਿਰ ਪਤਾ ਲੱਗਾ ਕਿ ਇਹ ਵਾਰਦਾਤ ਚ ਵੀ ਨਾਲ਼ ਈ ਸੀ। ਉਹਨੂੰ ਉੱਧੋਵਾਲ਼ ਕੋਲ਼ ਦੀ ਲੰਘਦੇ ਨੂੰ ਭਾਈਆਂ ਦੀਆਂ ਲਾਸ਼ਾਂ ਯਾਦ ਆਉਂਦੀਆਂ ਹੋਣਗੀਆਂ। ਜਾਂ ਬਈ ਉੱਧੋਵਾਲ਼ ਦਾ ਖੇਲਾ ਭਲਵਾਨ ਏਹਨਾਂ ਤੇ ਭਾਰਾ ਪੈ ਗਿਆ ਸੀ। ਫਿਰ ਇਹ ਮੁੰਡਿਆਂ ਨਾਲ਼ ਪਿੰਡ ਆਉਣ ਲੱਗ ਪਿਆ ਸੀ। ਇਹਨੇ ਕਹਿਣਾ: ਓਦਣ ਸਾਡੀ ਕਿਸਮਤ ਮਾੜੀ ਸੀ। ਸਾਨੂੰ ਮਾਰ ਗਈ।

ਖੇਲੇ ਭਲਵਾਨ ਦੀ ਬੱਲੇ ਬੱਲੇ ਹੋ ਗਈ ਸੀ। ਲਾਗਲੇ ਪਿੰਡਾਂ ਚ ਗੱਲਾਂ ਤੁਰੀਆਂ। ਲੋਕਾਂ ਕਹਿਣਾ: ਆਹ ਹੋਇਆ ਨਾ ਮਰਦਾਂ ਵਾਲਾ ਕੰਮ। ਧੀਆਂ ਭੈਣਾਂ ਸਭ ਦੀਆਂ। ਇਜ਼ੱਤਾਂ ਸਭ ਦੀਆਂ ਸਾਂਝੀਆਂ। ਸ਼ਿੰਦੋ ਸਾਰੇ ਪਿੰਡ ਦੀ ਧੀ ਸੀ। ਕੇਸ ਚੱਲਿਆ। ਏਦਾਂ ਦੇ ਕੇਸਾਂ ਚ ਕੀ ਹੋਣਾ ਹੁੰਦਾ। ਸਾਰਾ ਪਿੰਡ ਭਲਵਾਨ ਦੇ ਨਾਲ਼ ਸੀ। ਇਲਾਕਾ ਵੀ। ਰੇੜ੍ਹਵਾਂ ਵਾਲ਼ੇ ਧਾੜ ਲੈ ਕੇ ਆਏ ਸੀ। ਮਾਰੇ ਗਏ। ਭਲਵਾਨ ਦੀ ਮਹਿਮਾ ਬਾਹਰ ਵੀ ਪਹੁੰਚੀ। ਉਹਨੂੰ ਪੈਸੇ ਵਲੈਤ ਚੋਂ ਗਏ। ਲਿੱਤਰਾਂ ਦੇ ਕਰਤਾਰ ਸਿਓਂ ਤੇ ਪਿੰਡ ਦੇ ਧੰਨੇ ਨੇ ਘੱਲੇ – ਹੋਰਨਾਂ ਵੀ ਘੱਲੇ ਹੋਣਗੇ। । ਭਲਵਾਨ ਦੀ ਬਹਾਦਰੀ ਦਾ ਇਨਾਮ। ਪਿੰਡ ਦੀ ਧੀ ਭੈਣ ਦੀ ਇੱਜਤ ਰੱਖਣ ਦਾ ਮਾਣ। ਲੋਕਾਂ ਕਹਿਣਾ ਇਹ ਉੱਧੋਵਾਲ਼ ਦਾ ਭਲਵਾਨ ਆ, ਜਿਹਨੇ ਰੇੜ੍ਹਮਾਂ ਵਾਲ਼ੇ ਬਦਮਾਸ਼ਾਂ ਨੂੰ ਮਾਰਿਆ ਸੀ। ਬੜਾ ਚਿਰ ਇਹਦੀ ਜੈ ਜੈ ਕਾਰ ਹੁੰਦੀ ਰਹੀ। •

# ਬਾਗੀ ਮੁੰਡੇ

ਮੇਰੇ ਪਿੰਡ ਦਾ ਸਕੂਲ ਮੇਰੇ ਨਾਲ ਨਾਲ ਹੀ ਵੱਡਾ ਹੁੰਦਾ ਗਿਆ। ਮੈਂ ਪੰਜਵੀਂ ਚ ਸੀ, ਤਾਂ ਸਕੂਲ ਵੀ ਪੰਜਵੀਂ ਤੱਕ ਹੀ ਸੀ। ਮੈਂ ਛੇਵੀਂ ਚ ਹੋਇਆ ਤਾਂ ਸਕੂਲ ਵੀ ਵੱਡਾ ਹੋ ਗਿਆ। ਅੱਠਵੀਂ ਦਾ ਬਣ ਗਿਆ। ਅਸੀਂ ਅੱਠਵੀਂ ਅਜੇ ਕੀਤੀ ਵੀ ਨਹੀਂ ਸੀ, ਤਾਂ ਰੌਲ਼ਾ ਪੈ ਗਿਆ ਕਿ ਸਕੂਲ ਦਸਵੀਂ ਦਾ ਹੋ ਰਿਹਾ ਹੈ। ਮੌਜਾਂ ਲੱਗ ਜਾਣੀਆਂ। ਘਰ ਚ ਹੀ ਗੰਗਾ ਵਗਣ ਲੱਗ ਜਾਣੀ। ਅਸਲ ਵਿਚ ਸਕੂਲ ਬਣ ਤਾਂ ਨਹੀਂ ਸੀ ਸਕਦਾ, ਕਿਉਂਕਿ ਢਾਈ ਢਾਈ ਮੀਲਾਂ ਦੀ ਵਿੱਥ ਤੇ ਦੋ ਹਾਈ ਸਕੂਲ ਪਹਿਲਾਂ ਹੀ ਹੋ ਗਏ ਸਨ। ਪਰ ਸੰਤ ਕੌਲ ਦਾਸ ਦਾ ਅਕਾਲੀ ਮੰਤਰੀ ਅੱਖ ਨਿਵਾਂ ਮੰਨਦਾ ਸੀ – ਇਹਨੇ ਵੋਟਾਂ ਵੇਲ਼ੇ ਓਹਦੀ ਚੰਗੀ ਮਦਦ ਕੀਤੀ-ਕਰਵਾਈ ਸੀ। ਪਿੰਡ ਆ ਕੇ ਬਲਵੰਤ ਸਿੰਘ ਨੇ ਮੰਗ ਪੁੱਛੀ ਸੀ। ਇਨ੍ਹਾਂ ਨੇ ਇਕਸੁਰ ਹੋ ਕੇ ਕਿਹਾ ਸੀ: ਹੋਰ ਸਾਨੂੰ ਕੁਛ ਨਹੀਂ ਚਾਹੀਦਾ ਜੀ, ਬੱਸ ਸਾਡੇ ਪਿੰਡ ਦੇ ਸਕੂਲ ਨੂੰ ਹਾਈ ਸਕੂਲ ਬਣਾ ਦਿਓ। ਬਲਵੰਤ ਸਿਓਂ ਨੇ ਹਾਂ ਕਰ ਦਿੱਤੀ ਸੀ; ਕਰਨੀ ਹੀ ਸੀ। ਇਹ ਵੇਲ਼ਾ ਸੱਭ ਨੂੰ ਪੁੱਤ ਦੇਣ ਦਾ ਜੁ ਸੀ। ਵੋਟਾਂ ਨਿਕਲ ਗਈਆਂ; ਅਕਾਲੀ ਜਿੱਤ ਗਏ ਸੀ। ਬਲਵੰਤ ਸਿੰਘ ਨੇ ਇਲਾਕੇ ਚ ਧੰਨਵਾਦੀ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਸੀ। ਪਰਜੀਂ ਬਾਬੇ ਮਾਲੇ ਸ਼ਾਹ ਦੇ ਮੇਲੇ ਤੇ ਆਏ ਨੇ ਜ਼ਾਤ ਬਰਾਦਰੀ ਦੇ ਦਬਾਅ ਥੱਲੇ, ਬਲਵੰਤ ਸਿਓਂ ਨੇ ਪਰਜੀਆਂ ਕਲਾਂ ਨੂੰ ਹਾਈ ਸਕੂਲ ਅਨਾਂਊਂਸ ਕਰ ਦਿੱਤਾ ਸੀ। ਕੁੜ ਕੁੜ ਕਿਤੇ ਹੁੰਦੀ ਰਹੀ ਸੀ ਤੇ ਆਂਡਾ ਕਿਤੇ ਹੋਰ ਜਾ ਦਿੱਤਾ ਸੀ। ਜਾਂ ਇਹਨੇ ਸਾਰਿਆਂ ਨੂੰ ਹੀ ਲਾਰੇ ਲਾਏ ਹੋਏ ਸੀ। ਇਹਦੇ ਨਾਲ ਐੱਮ ਐੱਲ ਏ ਸੋਹਣ ਸਿੰਘ ਬਾਸੀ ਵੀ ਸੀ। ਸਾਡੇ ਪਿੰਡ ਬਾਸੀ ਦੀ ਭੈਣ ਵਿਆਹੀ ਹੋਈ ਸੀ। ਜ਼ੈਲਦਾਰਾਂ ਦੇ। ਫਿਕਰਮੰਦ ਹੋਏ ਪਿੰਡ ਦੇ ਮੋਤ੍ਹਬਾਰਾਂ ਨੂੰ ਖੁੜਕ ਗਈ। ਇਨ੍ਹਾਂ ਨੂੰ ਲੱਗਿਆ ਕਿ ਇਨ੍ਹਾਂ ਨਾਲ਼ ਠੱਗੀ ਹੋ ਗਈ ਸੀ –ਸਕੂਲ ਦਾ ਵਾਅਦਾ ਤਾਂ ਊਧੋਵਾਲ਼ ਨਾਲ਼ ਕੀਤਾ ਸੀ ਤੇ ਗੁਣਾ ਚੁੱਪ ਚੁਪੀਤੇ ਪਰਜੀਆਂ ਦਾ ਪੈ ਗਿਆ। ਫਿਕਰ ਚ ਇਨ੍ਹਾਂ ਨੇ ਗੱਲ ਬਾਸੀ ਦੇ ਕੰਨੀਂ ਕੱਢੀ। ਉਹ ਕਹਿੰਦਾ: ਇਹ ਗੱਲ ਤੁਸੀਂ ਮੇਰੇ ਤੇ ਛੱਡ ਦਿਓ। ਉਹਨੇ ਬਲਵੰਤ ਸੂੰਹ ਨੂੰ ਕਿਹਾ: ਸਰਦਾਰ ਬਲਵੰਤ ਸਿੰਘ ਜੀ, ਪਰਜੀਆਂ ਤੋਂ ਬਾਅਦ ਆਪਾਂ ਉੱਧੋਵਾਲ ਨੂੰ ਵੀ ਚੱਲਣਾ। ਤੁਹਾਨੂੰ ਪਤਾ ਹੀ ਹੈ ਇਨ੍ਹਾਂ ਨੇ ਆਪਣੀ ਬੜੀ ਮਦਦ ਕੀਤੀ ਹੈ। ਬੰਦੇ ਵੀ ਅਸਰ ਰਸੂਖ਼ ਵਾਲੇ ਆ ਤੇ ਇਹ ਮੇਰੀ ਭੈਣ ਦਾ ਪਿੰਡ ਵੀ ਹੈ। ਤੁਹਾਨੂੰ ਚੇਤਾ ਹੋਣਾ, ਵੋਟਾਂ ਤੋਂ ਪਹਿਲਾਂ ਸਕੂਲ ਦਾ ਵਾਅਦਾ ਆਪਾਂ ਇਨ੍ਹਾਂ ਨਾਲ਼ ਵੀ ਕੀਤਾ ਹੋਇਆ ਸੀ। ਉਹ ਤਾਂ ਨਿਭਾਉਣਾ ਹੀ ਨਿਭਾਉਣਾ। ਜੇ ਇਹ ਪੂਰਾ ਨਾ ਹੋਇਆ ਤਾਂ ਮੈਂ ਆਵਦੀ ਭੈਣ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਰਹਿਣਾ। ਬਲਵੰਤ ਸਿੰਘ ਨੇ ਕਿਹਾ: ਬਾਸੀ ਸਾਹਿਬ ਤੁਹਾਡੀ ਭੈਣ, ਮੇਰੀ ਵੀ ਭੈਣ ਹੋਈ। ਇਹਨੇ ਪਿੰਡ ਆਇਆਂ ਤੇ ਏਥੇ ਵੀ ਹਾਈ ਸਕੂਲ ਡਿਕਲੇਅਰ ਕਰ ਦਿੱਤਾ। ਬਿਧ ਏਦਾਂ ਬਣਾ ਲਈ ਕਿ ਉੱਧੋਵਾਲ ਨੂੰ ਕਾਗ਼ਜ਼ਾਂ ਚ ਸਿਰਫ਼ ਕੁੜੀਆਂ ਦਾ ਹਾਈ ਸਕੂਲ ਬਣਾ ਕੇ ਦਿਖਾਓ। ਜਦੋਂ ਬਣ ਗਿਆ, ਪੜ੍ਹਾਈ ਮਗਰੋਂ ਜਿਹਨੂੰ ਮਰਜ਼ੀ ਜਾਇਓ। ਅਖ਼ੀਰ ਹੋਇਆ ਵੀ ਏਦਾਂ ਹੀ। ਪਹਿਲੇ ਦੋ ਸਾਲ ਹਾਈ ਸਕੂਲ ਚ ਇੱਕੋ ਕੁੜੀ ਪੜ੍ਹਦੀ ਰਹੀ ਸੀ। ਸ਼ਾਇਦ, ਚੋਰ ਮੋਰੀਆਂ ਏਸੇ ਕਰਕੇ ਹੀ ਹੁੰਦੀਆਂ ਨੇ।

ਫਿਰ ਮਨਜ਼ੂਰ ਹੋਇਆ ਸਕੂਲ ਖੁੱਲ੍ਹੇ ਈ ਨਾ। ਅਜ-ਭਲਕ, ਅਜ-ਭਲਕ ਹੀ ਹੋਈ ਜਾਵੇ। ਲੱਗੇ ਸਰਕਾਰੀ ਲਾਰਾ ਲੱਗ ਗਿਆ ਸੀ। ਉਡੀਕ ਉਡੀਕ ਕੇ ਅਸੀਂ ਸਾਰੇ ਨਵੇਂ ਸਕੂਲੀਂ ਪੈ ਗਏ ਸੀ। ਕੁਝ ਪਰਜੀਂ ਜਾ ਦਾਖ਼ਲ ਹੋਏ ਤੇ ਕੁਝ ਮਹਿਤਪੁਰ। ਮੈਂ ਪਰਜੀਂ ਚਲੇ ਗਿਆ ਸੀ। ਅਸੀਂ ਮਹਿਤਪੁਰ ਨੂੰ ਸ਼ਹਿਰ ਹੀ ਮੰਨੀਦਾ ਸੀ। ਘਰਦੇ ਵੀ ਕਹਿੰਦੇ ਸੀ ਕਿ ਸ਼ਹਿਰੀ ਸਕੂਲ ਨਿਆਣਿਆਂ ਨੂੰ ਵਿਗਾੜ ਦਿੰਦੇ ਨੇ। ਇਸ ਕਰਕੇ ਪਿੰਡਾਂ ਦੇ ਸਕੂਲ ਹੀ ਠੀਕ ਸੀ। ਨਾਲੇ ਪਰਜੀਆਂ ਦਾ ਸਕੂਲ ਸੀ ਵੀ ਪਿੰਡੋਂ ਮੀਲ ਡੇਢ ਮੀਲ ਬਾਹਰਵਾਰ। ਪਸਾੜੀਆਂ ਤੇ ਪਰਜੀਆਂ ਦੇ ਵਿਚਾਲ਼ੇ ਕਰਕੇ। ਏਥੋਂ ਦੇ ਮਾਸਟਰ ਦਇਆ ਰਾਮ ਦਾ ਨਾਂ ਵੱਜਦਾ ਸੀ। ਆਮ ਗੱਲ ਬਣੀ ਹੋਈ ਸੀ ਕਿ ਦਇਆ ਰਾਮ ਦਾ ਚੰਡਿਆ ਕਿਤੇ ਮਾਰ ਨਹੀਂ ਖਾਊਗਾ। ਇਹ ਮਨੋਂ ਸੱਚਾ ਸੁੱਚਾ ਉਸਤਾਦ ਸੀ। ਅਸਲ ਗੁਰੂਦੇਵ। ਕੋਈ ਲਾਲਚ ਨਹੀਂ ਸੀ ਇਹਨੂੰ, ਕੋਈ ਖਾਰ ਨਹੀਂ। ਬੱਸ ਆਵਦੇ ਬਾਲਕਿਆਂ ਦੇ ਭਲੇ ਦੀ ਮਨਸ਼ਾ ਹੋਣੀ। ਪਰ ਇਹਦੀ ਕੁੱਟ ਵੀ ਡਾਢੀ ਮਸ਼ਹੂਰ ਸੀ। ਇਹਦੇ ਤੋਂ ਕਈਆਂ ਘਰਾਂ ਦੀਆਂ ਦੋ-ਦੋ ਤਿੰਨ-ਤਿੰਨ ਪੁਸ਼ਤਾਂ ਵੀ ਪੜ੍ਹੀਆਂ ਸੀ।

ਪਰਜੀਂ ਅਜੇ ਚੰਗੀ ਤਰ੍ਹਾਂ ਮਨ ਨਹੀਂ ਸੀ ਖੁੱਭਿਆ। ਮਸੀਂ ਤਿੰਨ ਚਾਰ ਮਹੀਨੇ ਹੀ ਲਾਏ ਹੋਣਗੇ ਕਿ ਫਿਰ ਰੌਲ਼ਾ ਪੈ ਗਿਆ ਕਿ ਉੱਧੋਵਾਲ਼ ਦਸਵੀਂ ਦਾ ਸਕੂਲ ਮਨਜ਼ੂਰ ਹੋ ਗਿਆ ਹੈ। ਜਲਦੀ ਹੀ ਕਲਾਸਾਂ ਸ਼ੁਰੂ ਹੋ ਰਹੀਆਂ ਨੇ। ਮੈਂ ਆ ਪੁੱਛਿਆ, ਨਾ ਤਾਅ। ਕਾਹਲ਼ੀ ਨਾਲ਼ ਸਾਰਿਆਂ ਤੋਂ ਪਹਿਲਾਂ ਹੀ ਨਾਵਾਂ ਕਟਵਾ ਲਿਆਇਆ। ਅਜ ਭਲ਼ਕ ਕਰਦਿਆਂ ਮਹੀਨਾ, ਡੇਢ ਮਹੀਨਾ ਨਿਕਲ ਗਿਆ ਸੀ। ਪਹਿਲਾਂ ਤਾਂ ਦਾਖਲਾ ਹੀ ਨਾ ਹੋਵੇ। ਲੱਗੇ ਬਈ ਐਤਕੀਂ ਸਾਲ ਮਾਰਿਆ ਜਾਣਾ ਹੈ। ਮੁੜਕੇ ਪਰਜੀਂ ਮੈਂ ਕਿਹੜੇ ਮੂੰਹ ਨਾਲ ਦਾਖ਼ਲ ਹੋਣ ਜਾਂਦਾ। ਮੈਂ ਤਾਂ ਬੜੀ ਫੁਰਤੀ ਨਾਲ਼ ਓਥੋਂ ਨਾਂਵਾਂ ਕਟਵਾ ਕੇ ਆਇਆ ਸੀ। ਇਸ ਗੱਲ ਦੀ ਵੀ ਨਿਮੋਸ਼ੀ ਹੋਵੇ ਕਿ ਮੈਂ ਬਿਨਾਂ ਸੋਚਿਆਂ ਐਵੇਂ ਜਲਦਬਾਜ਼ੀ ਕਰ ਲਈ ਸੀ।

ਮਹਿਤਪੁਰ ਜਾ ਕੇ ਮੈਂ ਬਹੁਤਾ ਓਂ ਵੀ ਖੁਸ਼ ਨਹੀਂ ਸੀ। ਜਦ ਕਲਾਸਾਂ ਸ਼ੁਰੂ ਨਾ ਹੋਣ ਤਾਂ ਫ਼ਿਕਰ ਹੋ ਗਿਆ ਕਿ ਹੁਣ ਕੀ ਬਣੂੰ। ਘਰਦਿਆਂ ਤੋਂ ਵੀ ਡਰ ਲੱਗਦਾ ਸੀ।

ਸਕੂਲ ਦੀ ਇਮਾਰਤ ਪਿੰਡ ਦੇ ਦਾਨੀ ਵਲੈਤੀਆਂ ਦੇ ਸਿਰੋਂ ਫੁਰਤੀ ਨਾਲ ਉੱਸਰੀ ਸੀ। ਬੈਂਚ ਤੇ ਡੈਸਕ ਵੀ ਓਹਨਾਂ ਨੇ ਹੀ ਖਰੀਦ ਕੇ ਦਿੱਤੇ ਸੀ। ਗੁਰਬਖਸ਼ ਸਿੰਘ ਨੇ ਬੜੀ ਹਿੰਮਤ ਦਿਖਾਈ ਸੀ। ਪਿੰਡ ਵਾਲ਼ੇ ਇਹਨੂੰ ਢੁਕੀ ਕਹਿੰਦੇ ਸੀ। ਕਈ ਢੁਕੀ ਸਾਹਿਬ ਵੀ ਕਹਿੰਦੇ ਸੀ। ਇਹ ਸੱਭ ਕੁਝ ਸੰਤ ਕੌਲ ਦਾਸ ਦੀ ਹੱਲਾਸ਼ੇਰੀ ਨਾਲ਼ ਹੋਇਆ ਸੀ। ਇਹਦੇ ਰਾਮਗੜ੍ਹੀਏ ਸ਼ਰਧਾਲੂ ਇਹਦੇ ਬਚਨਾਂ ਤੇ ਸਿਰ ਝੁਕਾਉਣ ਨੂੰ ਤਿਆਰ ਹੀ ਰਹਿੰਦੇ ਸੀ। ਬੱਸ ਇਹਦੇ ਕਹਿਣ ਦੀ ਦੇਰ ਹੁੰਦੀ ਸੀ। ਪਰ ਮਾਸਟਰ ਤਾਂ ਸਰਕਾਰ ਨੇ ਹੀ ਘੱਲਣੇ ਸੀ। ਸਰਕਾਰੀ ਕੰਮਾਂ ਦੀ ਫੁਰਤੀ ਤਾਂ ਜੱਗ ਜ਼ਾਹਿਰ ਹੀ ਹੈ। ਮਾਸਟਰ ਆਉਣ ਨਾ। ਇਹ ਮੁਸ਼ਕਿਲ ਵੀ ਪਿੰਡ ਦੇ ਭਲੇ ਪੁਰਸ਼ਾਂ ਨੇ ਹੱਲ ਕਰ ਦਿੱਤੀ। ਇਕ ਦੋ ਕਲਾਸਾਂ ਲਾਲਾ ਜੁਗਿੰਦਰ ਪਾਲ ਲੈਣ ਲੱਗ ਪਏ ਤੇ ਇਕ ਦੋ ਸੂਬੇਦਾਰ ਜਸਵੰਤ ਸਿੰਘ ਜ਼ੈਲਦਾਰ ਨੇ ਵੀ ਲਈਆਂ। ਸਭ ਨੂੰ ਆਸ ਬੱਝੀ ਕਿ ਹੁਣ ਕੰਮ ਰੁੜ ਪਿਆ। ਅੰਗਰੇਜ਼ਾਂ ਵੇਲ਼ੇ ਦਾ ਪੜ੍ਹਿਆ ਲਾਲਾ ਜੁਗਿੰਦਰ ਪਾਲ, ਆਈ ਟੀ ਆਈ ਕਾਲਜ ਜਲੰਧਰ ਦਾ ਪ੍ਰਿੰਸੀਪਲ ਸੀ। ਬਾਹਲ਼ਾ ਜਲੰਧਰ ਹੀ ਰਹਿੰਦਾ ਸੀ। ਇਹਦਾ ਵੱਡਾ ਪੁੱਤ ਪਿੰਡ ਵਾਹੀ ਕਰਦਾ ਸੀ – ਪਿੰਡ ਵਾਲ਼ੇ ਇਹਨੂੰ ਸ਼ੁਦਾਈ ਲਾਲਾ ਕਹਿੰਦੇ ਸੀ; ਇਹਨੇ ਮੋੜ ਕੇ ਕਹਿਣਾ ਮੇਰੇ ਲਈ ਸਾਰਾ ਪਿੰਡ ਹੀ ਸ਼ੁਦਾਈਆਂ ਦਾ। ਪ੍ਰਿੰਸੀਪਲ ਕਦੇ ਕਦੇ ਫ਼ਸਲ ਬਾੜੀ ਵੱਲ ਨਿਗ੍ਹਾ ਮਾਰਨ ਆਉਂਦਾ ਸੀ। ਇਹ ਅੰਗਰੇਜ਼ਾਂ ਵਰਗੀ ਅੰਗਰੇਜ਼ੀ ਬੋਲਦਾ ਸੀ। ਫਰਾਟੇਦਾਰ। ਇਹਦੇ ਦੱਸੇ ਕਈ ਨੁਕਤੇ ਅੱਗੋਂ ਸਾਡੇ ਬੜੇ ਕੰਮ ਆਏ ਸੀ। ਇਹਤੋਂ ਮਗਰੋਂ ਵੀ ਮੈਂ ਪੰਜਾਬ ਚ ਏਦਾਂ ਦੀ ਅੰਗ਼ਰੇਜ਼ੀ ਇਕੋ ਜਣਾ ਹੋਰ ਬੋਲਦਾ ਦੇਖਿਆ-ਸੁਣਿਆ ਸੀ – ਨੈਸ਼ਨਲ ਕਾਲਜ ਨਕੋਦਰ ਦਾ ਅੰਗਰੇਜ਼ੀ (ਗੋਲਡ ਮੈਡਲਿਸਟ) ਦਾ ਪ੍ਰੋ ਅਸ਼ੋਕ ਭਾਟੀਆ। ਅੰਗਰੇਜ਼ਾਂ ਵਰਗੀ।

ਸੂਬੇਦਾਰ ਮਿਲਟਰੀ ਚੋਂ ਰਿਟਾਇਰ ਹੋਇਆ ਸੀ। ਫ਼ੌਜੀ ਢੰਗ ਦੀ ਹਿੰਦੀ-ਅੰਗਰੇਜ਼ੀ ਬੋਲਦਾ ਸੀ। ਇਹਦੇ ਘਰਦੀ ਜਲੰਧਰ ਸ਼ਹਿਰ ਦੇ ਕਿਸੇ ਸਕੂਲ ਚ ਪ੍ਰਿੰਸੀਪਲ ਲੱਗੀ ਹੋਈ ਸੀ। ਇਨ੍ਹਾਂ ਦੋਹਾਂ ਦਾ ਆਪਸ ਚ ਕਿਸੇ ਗੱਲੋਂ ਮਨ ਮੁਟਾਵ ਹੋ ਗਿਆ ਸੀ। ਫ਼ੌਜ ਚੋਂ ਰਿਟਾਇਰ ਹੋ ਕੇ, ਸੂਬੇਦਾਰ ਪਿੰਡ ਹੀ ਰਹਿੰਦਾ ਸੀ। ਇਹਦੇ ਘਰੋਂ ਸੈਂਟਰਲ ਟਾਊਨ ਜਲੰਧਰ ਰਹਿੰਦੀ ਸੀ। ਸੂਬੇਦਾਰ ਦੇ ਵੱਡੇ ਭਰਾ ਭਰਜਾਈ ਕੋਲ਼। ਅਸਲ ਚ ਸੂਬੇਦਾਰ ਤੇ ਇਹਦਾ ਵੱਡਾ ਭਰਾ, ਤਸੀਲਦਾਰ ਬਿਸ਼ਨ ਸਿਓਂ, ਦੋਂਹ ਸਕੀਆਂ ਭੈਣਾਂ ਨੂੰ ਵਿਆਹੇ ਹੋਏ ਸੀ। ਸੂਟਿਡ ਬੂਟਿਡ ਸੂਬੇਦਾਰ ਆਪਣੀ ਮਸਤੀ ਚ ਰਹਿੰਦਾ ਸੀ। ਪਿੰਡ ਵਾਲ਼ੇ ਇਹ ਵੀ ਕਹਿੰਦੇ ਸੀ ਕਿ ਇਹ ਕਿਸੇ ਗੱਲੋਂ ਹਿੱਲਿਆ ਹੋਇਆ ਸੀ। ਮਨੋਂ-ਮਨੀ ਆਵਦੇ ਭਰਾ ਨਾਲ਼ ਵੀ ਨਰਾਜ਼ ਸੀ। ਇਹਨੇ ਵੀ ਕੁਝ ਨਵੀਆਂ ਕਲਾਸਾਂ ਲਈਆਂ ਸੀ। ਇਹ ਫ਼ੌਜੀ ਟੌਹਰ ਨਾਲ਼ ਸਕੂਲੇ ਆਉਂਦਾ। ਦਾੜੀ ਚਾੜ੍ਹ ਕੇ। ਮੁੱਛਾਂ ਨੂੰ ਕੁੰਢ ਪਾਏ ਹੁੰਦੇ। ਇਨ੍ਹਾਂ ਦਾ ਵੱਡਾ ਕੰਮ ਤਾਂ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਪੁੱਠੇ ਕੰਮਾਂ ਤੋਂ ਵਰਜੀ ਰੱਖਣਾ ਸੀ – ਰੂੰਗੇ ਚ ਥੋੜ੍ਹੀ ਬਹੁਤੀ ਪੜ੍ਹਾਈ ਹੋ ਜਾਂਦੀ ਸੀ। ਇਹ ਸਾਨੂੰ ਮਿਲਟਰੀ ਦੀਆਂ ਗੱਲਾਂ ਵੀ ਦੱਸਦਾ ਰਹਿੰਦਾ ਸੀ। ਵਿਚ ਵਿਚ ਆਪ ਮੁਹਾਰੇ ਹਿੰਦੀ ਬੋਲਣੀ ਸ਼ੁਰੂ ਕਰ ਦਿੰਦਾ। ਮੁੰਡੇ ਹੱਸ ਪੈਂਦੇ। ਇਹਨੂੰ ਪਤਾ ਲੱਗ ਜਾਂਦਾ। ਇਹ ਫਿਰ ਪੰਜਾਬੀ ਜਾਂ ਅੰਗਰੇਜ਼ੀ ਬੋਲਣ ਲੱਗ ਪੈਂਦਾ। ਇਹ ਇਹਦੇ ਵੱਸ ਦੀ ਗੱਲ ਨਹੀਂ ਸੀ। ਸਾਰੀ ਉਮਰ ਤਾਂ ਫ਼ੌਜ ਚ ਕੱਟੀ ਸੀ ਇਹਨੇ। ਰਿਟਾਇਰ ਹੋਣ ਤੋਂ ਪਹਿਲਾਂ ਸਾਨੂੰ ਇਹਦਾ ਪਤਾ ਨਹੀਂ ਸੀ ਹੁੰਦਾ, ਕਿ ਇਹ ਵੀ ਸਾਡੇ ਪਿੰਡ ਦਾ ਹੀ ਬੰਦਾ ਹੈ।

ਜਿਹੜੇ ਸਾਨੂੰ ਪ੍ਰਾਇਮਰੀ ਚ ਪੜ੍ਹਾਉਂਦੇ ਸੀ, ਉਹੀ ਮਿਡਲ ਸਕੂਲ ਚ ਸਾਡੇ ਮਾਸਟਰ ਬਣ ਗਏ ਸੀ। ਪਿੰਡ ਵਾਲ਼ਿਆਂ ਉਨ੍ਹਾਂ ਨੂੰ ਹੀ ਫਿਰ ਕਿਹਾ: ਦੇਖੋ ਬਈ, ਕਿਤੇ ਨਿਆਣਿਆਂ ਦਾ ਸਾਲ ਈ ਨਾ ਮਾਰਿਆ ਜਾਵੇ, ਜਿੰਨਾਂ ਚਿਰ ਨਵੇਂ ਮਾਸਟਰ ਨਹੀਂ ਆਉਂਦੇ, ਤੁਸੀਂ ਹੀ ਇਨ੍ਹਾਂ ਨੂੰ ਪੜ੍ਹਾ ਦਿਆ ਕਰੋ। ਇਹ ਤਾਂ ਆਪ ਵਿਚਾਰੇ ਦਸ ਦਸ ਜਮਾਤਾਂ ਕਰਕੇ ਹੀ ਮਾਸਟਰ ਲੱਗੇ ਹੋਏ ਸੀ। ਇਕ ਦੋ ਵੱਧ ਪੜ੍ਹੇ ਹੋਏ ਵੀ ਸੀ, ਕਦੇ ਕਦੇ ਉਹ ਕਲਾਸਾਂ ਲੈਣ ਲੱਗ ਪਏ ਸੀ।

ਮੁਸ੍ਕਿਲ ਇਹ ਸੀ ਕਿ ਪੰਦਰ੍ਹਾਂ-ਪੰਦਰ੍ਹਾਂ ਸੋਲ੍ਹਾਂ-ਸੋਲ੍ਹਾਂ ਸਾਲਾਂ ਦੇ ਪੰਦਰਾਂ ਸੋਲਾਂ ਵਿਹਲੇ ਮੁੰਡੇ ਕਰਨ ਵੀ ਤਾਂ ਕਰਨ। ਕੋਈ ਪੁੱਠਾ-ਸਿੱਧਾ ਕੰਮ ਕਰੀ ਰੱਖਦੇ ਸੀ। ਜੁਆਨ ਜਹਾਨ ਚੜ੍ਹਦੀ ਮਾਲੀ ਵਿਹਲੇ ਮੁੰਡੇ ਹੋਰ ਕਰਦੇ ਵੀ ਕੀ। ਕੋਈ ਨਾ ਕੋਈ ਤਾਂ ਕੰਮ ਕਰਨਾ ਹੀ ਸੀ। ਵਿਹਲਿਆਂ ਦਾ ਮਨ ਹਰਾਮੀ ਵੀ ਹੋ ਗਿਆ ਸੀ।

ਇਕ ਵਾਰ ਕਿਸੇ ਸ਼ਿੰਦਰੀ ਨੇ ਗਾਲ੍ਹ ਪਾ ਦਿੱਤੀ। ਜਿਹੜਾ ਪਹਿਲਾਂ ਬੋਲੇ ਉਹ … ਦਾ ਯਾਰ ਹੋਵੇ। ਸੱਭ ਸੁਸਰੀ ਹੋ ਗਏ। ਸਾਰੇ ਇਕ ਦੂਜੇ ਨਾਲ ਇਸ਼ਾਰਿਆਂ ਨਾਲ ਹੀ ਗੱਲਾਂ ਕਰਨ। ਜਾਂ ਲਿਖ ਕੇ। ਮੂੰਹੋਂ ਕੋਈ ਨਾ ਫੁੱਟੇ। ਅਖ਼ੀਰ ਇਕ ਮਾਸਟਰ ਜੀ ਕਲਾਸ ਚ ਆ ਗਿਆ। ਸਾਰੇ ਉੱਠ ਖੜੋਏ। ਮਾਸਟਰ ਜੀ ਨੇ ਕਿਹਾ: ਬਹਿ ਜਾਓ। ਸਭ ਬਹਿ ਗਏ। ਮਾਸਟਰ ਹਾਜ਼ਰੀ ਲਾਵੇ। ਮੋਹਰਿਓਂ ਕੋਈ ਬੋਲੇ ਨਾ। ਮਾਸਟਰ ਜੀ ਨੇ ਭਾਂਪ ਲਿਆ, ਕਿ ਦਾਲ਼ ਚ ਕੁਛ ਕਾਲ਼ਾ ਕਾਲ਼ਾ ਲੱਗਦਾ ਹੈ। ਜਦੋਂ ਕੋਈ ਗੱਲ ਨਾ ਹੀ ਬਣਦੀ ਦਿਸੀ, ਤਾਂ ਅਖ਼ੀਰ ਉਹਨੇ ਬਾਹਰੋਂ ਸੋਟੀ ਮੰਗਵਾ ਲਈ। ਸੋਟੀ ਮੇਜ਼ ਤੇ ਰੱਖ ਕੇ ਕਹਿੰਦਾ: ਹੁਣ ਬੰਦੇ ਦੇ ਪੁੱਤ ਬਣਕੇ ਜਾਂ ਤਾਂ ਸਾਰੇ ਦੱਸ ਦਿਓ, ਕਿ ਤੁਹਾਨੂੰ ਬਿਮਾਰੀ ਕੀ ਪੈ ਗਈ ਆ। ਨਹੀਂ ਤਾਂ ਜਾਂ ਅੱਜ ਤੁਸੀਂ ਆਂ, ਜਾਂ ਮੈਂ। ਦਾਰੀ ਫਿਰ ਬਾਜ਼ੀ ਲੈ ਗਿਆ। ਕਹਿੰਦਾ: ਜੀ ਇਨ੍ਹਾਂ ਨੇ ਗਾਲ੍ਹ ਪਾਈ ਹੋਈ ਆ, ਕਿ ਪਹਿਲਾਂ ਕਿਸੇ ਨੇ ਨਹੀਂ ਬੋਲਣਾ। ਮਾਸਟਰ ਜੀ ਨੇ ਸੋਟੀ ਮੇਜ਼ ਤੇ ਰੱਖ ਦਿੱਤੀ। ਸੱਭ ਨੂੰ ਸਿਰੇ ਦੀ ਅਕਲ ਦੀ ਗੱਲ ਸਮਝਾਈ। ਕਹਿੰਦੇ: ਕੋਈ ਸ਼ਰਮ ਨੂੰ ਹੱਥ ਮਾਰੋ। ਦੇਖੋ, ਹੁਣ ਤੁਸੀਂ ਨਿਆਣੇ ਤਾਂ ਹੈ ਨਹੀਂ। ਸਾਡੇ ਬਰਾਬਰ ਦੇ ਹੋ ਗਏ ਹੋ। ਤੁਹਾਨੂੰ ਮਾਰਦਿਆਂ ਨੂੰ ਤਾਂ ਮੈਨੂੰ ਸ਼ਰਮ ਵੀ ਆਉਂਦੀ ਆ। ਤੁਹਾਡੇ ਮਾਪਿਆਂ ਦੀਆਂ ਕਈ ਆਸਾਂ ਲੱਗੀਆਂ ਹੋਈਆਂ, ਤੁਹਾਡੇ ਤੇ। ਨਾ ਮੈਂ ਤੁਹਾਨੂੰ ਮਾਰਨਾ ਚਾਹੁੰਨਾ, ਨਾ ਤੁਸੀਂ ਕੁੱਟ ਖਾਣ ਵਾਲ਼ਾ ਕੋਈ ਕੰਮ ਕਰਿਓ। ਦੋਹਾਂ ਧਿਰਾਂ ਦੀ ਰਹਿ ਜਾਊ। ਅੱਜ ਤੋਂ ਲਾ ਕੇ ਬੰਦੇ ਬਣ ਜਾਓ। ਸੌਦਾ ਸੱਭ ਲਈ ਖਰਾ ਖਰਾ ਹੀ ਸੀ –ਬਰਾਬਰੀ ਵਾਲ਼ਾ। ਜੇ ਕੋਈ ਹੋਰ ਮਾਸਟਰ ਹੁੰਦਾ ਤਾਂ,

ਪਹਿਲਾਂ ਉਹਨੇ ਗ਼ਰੀਬ ਘਰਾਂ ਦੇ ਮੁੰਡੇ ਕੋਹਣੇ ਸੀ। ਕਸਾਈਆਂ ਵਾਂਗੂੰ। ਫਿਰ ਦੂਜਿਆਂ ਦੀ ਵਾਰੀ ਆਉਣੀ ਸੀ – ਉਦੋਂ ਤਾਈਂ ਉਹਨੇ ਹੰਭ-ਖ਼ਫ ਜਾਣਾ ਸੀ। ਅਵਾ ਤਵਾ ਵੀ ਬੋਲੀ ਜਾਣਾ ਸੀ।

ਸਾਰੀ ਕਲਾਸ ਚ ਇੱਕੋ ਇੱਕ ਕੁੜੀ ਸੀ –ਸਵਾ ਲੱਖ। ਸੰਤੋਸ਼ ਕੁਮਾਰੀ। ਲੱਧੇ ਰਾਮ, ਹੱਟੀ ਵਾਲੇ ਦੀ ਧੀ। ਪੰਦਰ੍ਹਾਂ ਸੋਲ੍ਹਾਂ ਮੁੰਡਿਆਂ ਦੇ ਵੱਗ ਚ 'ਕੱਲੀ ਕੁੜੀ। ਇਹਦੇ ਚਾਚੇ ਦਾ ਪੁੱਤ ਵੀ ਸਾਡੇ ਨਾਲ਼ ਹੀ ਪੜ੍ਹਦਾ ਸੀ। ਮੈਂ ਆਪ ਤਾਂ ਇਹਦੇ ਲਈ ਮੁਸ਼ਕਿਲ ਵਾਲੀ ਕੋਈ ਗੱਲ ਨਹੀਂ ਕੀਤੀ। ਜੇ ਇਹ ਕਿਤੇ ਪੜ੍ਹਦੀ ਸੁਣਦੀ ਹੋਵੇ ਤਾਂ ਸ਼ਾਬਾਸ਼ੀ ਦੀ ਹੱਕਦਾਰ ਹੈ ਕਿ ਇਹਨੇ ਐਈਨੇ ਸਾਰੇ ਮੁੰਡਿਆਂ ਚ ਖ਼ੈਰ ਸੁੱਖ ਨਾਲ਼ ਕੱਟ ਲਈ ਸੀ।

ਰਾਮੂੰਵਾਲ਼ ਤੋਂ ਆਉਂਦੇ ਕਸ਼ਮੀਰੇ ਨੂੰ ਇਕ ਵਾਰ ਮਾਸਟਰ ਸਤਿਆ ਪਾਲ ਨੇ ਏਨਾ ਕੁੱਟਿਆ ਸੀ, ਕਿ ਰਹਿ ਰੱਬ ਦਾ ਨਾਂ। ਮਾਸਟਰ ਜੀ ਆਮ ਕਰਕੇ ਮਖ਼ੌਲੀਏ ਸੁਭਾਅ ਦੇ ਸਨ। ਸ਼ੁਗਲੀ ਵੀ ਤੇ ਰੌਣਕੀ ਵੀ। ਸਾਲ ਚੋਂ ਛੇ ਮਹੀਨੇ ਸਕੂਲ ਨਹੀਂ ਸੀ ਵੜਦੇ। ਕਿਸੇ ਨਾ ਕਿਸੇ ਹਿਸਾਬ ਨਾਲ਼ ਛੁੱਟੀ ਤੇ ਰਹਿੰਦੇ ਸੀ। ਜਲੰਧਰ ਰੈਣਕ ਬਜ਼ਾਰ ਚ ਮਨਿਆਰੀ ਦੀ ਦੁਕਾਨ ਵੀ ਚਲਾਉਂਦੇ ਸੀ। ਨਿਆਣਿਆਂ ਨੂੰ ਘੱਟ ਕੁੱਟਦੇ ਸੀ। ਸ਼ੁਗਲ ਮੇਲਾ ਲਾਈ ਰੱਖਦੇ ਸੀ। ਕਸ਼ਮੀਰਾ ਯਮਲੇ ਦੇ ਗੀਤ ਬਹੁਤ ਸੁਹਣੇ ਗਾਅ ਲੈਂਦਾ ਹੁੰਦਾ ਸੀ ਤੇ ਸਕੂਲ ਲਈ ਇਨਾਮ ਵੀ ਜਿੱਤ ਕੇ ਲਿਆਇਆ ਸੀ। ਇਹਦੀਆਂ ਕਪਰੀਆਂ ਅੱਖਾਂ ਡਾਢੀਆਂ ਜ਼ਾਲਮ ਸੀ। ਏਨੀਆ ਤੇਜ਼ ਕਿ ਬੰਦੇ ਦੇ ਵਿਚ ਦੀ ਨਿਕਲ਼ ਜਾਂਦੀਆਂ ਸੀ। ਇਹਦਾ ਕੁੜੀਆਂ ਤੇ ਅਸਰ ਤਾਂ ਹੋਰ ਜ਼ਾਲਮਾਨਾਂ ਹੁੰਦਾ ਹੋਊ। ਮਾਸਟਰ ਜੀ ਨੇ ਕਸ਼ਮੀਰੇ ਦੀਆਂ ਵੱਖੀਆਂ ਚ ਹੂਰੇ-ਲੱਤਾਂ ਮਾਰ ਮਾਰ ਕੇ ਇਹਦੀਆ ਹੀਲਾਂ ਕਰਵਾ ਦਿੱਤੀਆਂ ਸੀ। ਮਾਸਟਰ ਜੀ ਦਾ ਏਨਾਂ ਗੁੱਸਾ ਅਸੀਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਕਸ਼ਮੀਰੇ ਤੋਂ ਕੋਈ ਵੱਡੀ ਖ਼ੁਨਾਮੀ ਹੋ ਗਈ ਸੀ, ਜੋ ਮਾਸਟਰ ਜੀ ਨੇ ਦੇਖ ਲਈ ਸੀ। ਸਾਰੀ ਜਮਾਤ ਚ ਇੱਕੋ ਇੱਕ ਕੁੜੀ ਸੀ।

ਸਾਡੇ ਨਾਲ ਪੜ੍ਹਦਾ ਨੰਜੂ ਤਖਾਣ ਦਾ ਮੁੰਡਾ, ਘੋਗੀ, ਜਲੰਧਰ ਸਪੋਰਟਸ ਸਕੂਲੇ ਚਲਾ ਗਿਆ ਸੀ। ਅਜੀਤ ਮਾਲੜੀ ਦਾ ਚੇਲਾ ਪੈ ਗਿਆ ਸੀ। ਇਹਦਾ ਪੂਰਾ ਨਾਂ ਨਗਿੰਦਰ ਸਿੰਘ ਸੀ। ਨਗਿੰਦਰ ਸਿੰਘ ਹੂੰਝਣ। ਕਹਿੰਦੇ ਸਾਰੇ ਇਹਨੂੰ ਘੋਗੀ ਹੀ ਸੀ। ਅੱਜ ਕਲ ਇਹ ਖੁਦ ਨੂੰ ਸਰਦਾਰ ਨਕਿੰਦਰ ਸਿੰਘ ਹੂੰਝਣ ਅਖਵਾਉਂਦਾ ਹੈ। ਨਿਆਣੇ ਕਦੇ ਵੀ 'ਸਿੰਘ – ਸਿਓਂ' ਨਹੀਂ ਹੁੰਦੇ – ਵੱਡੇ ਹੋ ਕੇ ਹੀ ਬਣਦੇ ਹਨ। ਮਿਹਨਤੀ ਤੇ ਸਾਊ ਬਾਪ ਦਾ ਪੁੱਤ। ਇਹ ਮਹੀਨੇ ਚ ਇਕ ਦੋ ਵਾਰੀ ਪਿੰਡ ਆ ਜਾਂਦਾ ਸੀ। ਵਿਹਲਿਆਂ ਨੂੰ ਦੇਖ ਕੇ ਸਕੂਲੇ ਵੀ ਆ ਵੜਦਾ ਸੀ। ਸ਼ਹਿਰ ਜਾਣ ਕਰਕੇ ਇਹਦੀ ਹੁਣ ਦਿੱਖ ਬਦਲ ਗਈ ਸੀ। ਟੌਹਰ ਹੋਰ ਵੱਧ ਗਈ ਸੀ। ਇਹਦੀ ਗੇਮ ਚ ਨਿਖਾਰ ਆ ਗਿਆ ਸੀ। ਅੱਗੇ ਨਾਲੋਂ ਵੀ ਤੇਜ਼ ਹੋ ਗਿਆ ਸੀ। ਇਹ ਪਿੰਡ ਆ ਕੇ ਸ਼ਹਿਰ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਆਪਣੇ ਬਲੇਜ਼ਰ ਤੇ ਪੰਜਾਬ ਦਾ ਬਿੱਲਾ ਲਾਉਂਦਾ ਸੀ। ਇਹਦਾ ਸਾਡੇ ਤੇ ਅਸਰ ਹੋਣਾ ਹੀ ਹੋਣਾ ਸੀ। ਸਕੂਲੇ ਆ ਕੇ ਇੱਲਤਾਂ ਕਰਦਾ ਰਹਿੰਦਾ ਸੀ।

ਫਿਰ ਪਿੰਡ ਦਾ ਹੀ ਮੁੰਡਾ ਡੀ ਪੀ ਈ ਬਣਕੇ ਸਕੂਲੇ ਆ ਲੱਗਾ। ਸਾਡਾ ਵਿਹਲਾ ਟਾਇਮ ਖੇਡਾਂ ਚ ਬੀਤਣ ਲੱਗਾ। ਵਿਹਲਾ ਕੀ, ਜਿਹੜੇ ਖੇਡਣ ਵਾਲ਼ੇ ਸੀ ਉਹ ਕੰਮ ਹੀ ਇਹ ਕਰਦੇ ਸੀ। ਨਾ ਕੋਈ ਪੜ੍ਹਾਉਣ ਵਾਲ਼ਾ ਸੀ, ਨਾ ਸਾਡਾ ਮਨ ਏਧਰ ਸੀ। ਸਾਡਾ ਮਿਡਲ ਸਕੂਲ ਤਾਂ ਪਹਿਲਾਂ ਹੀ ਜ਼ਿਲੇ ਦਾ ਚੈਪੀਅਨ ਸੀ। ਏਸੇ ਭੱਲ ਸਦਕੇ ਸਾਧੂ ਤੇ ਘੋਗੀ ਸਪੋਰਟਸ ਸਕੂਲੇ ਗਏ ਸੀ। ਅਸੀਂ ਜ਼ੋਰੀਂ ਤਿਆਰੀਆਂ ਕਰਨ ਲੱਗੇ। ਇਕ ਦਿਨ ਵੱਡੇ ਪਿੱਪਲ ਹੇਠਾਂ ਕਬੱਡੀ ਖੇਡਦੇ ਸੀ ਤਾਂ ਘੋਗੀ ਵੀ ਆ ਗਿਆ। ਕਪੜੇ ਲਾਹੇ। ਖੇਡਣ ਲੱਗ ਪਿਆ। ਗੇਮ ਅਖ਼ੀਰ ਤੇ ਗਈ ਹੋਈ ਸੀ। ਅਖੀਰਲ਼ੇ ਸਾਹ ਹੀ ਸੀ। ਘੋਗੀ ਨੇ ਸੁੱਚੇ ਨੂੰ ਫੜਦੇ ਨੇ ਕੈਂਚੀ ਮਾਰੀ। ਇਹਦਾ ਸਾਰਾ ਭਾਰ ਸੁੱਚੇ ਸੀ ਲੱਤ ਤੇ ਪੈ ਗਿਆ। ਯੱਕਦਮ ਏਦਾਂ 'ਵਾਜ ਆਈ ਜਿੱਦਾਂ ਕੋਈ ਪਟਾਕਾ ਪਿਆ ਹੋਵੇ। ਸੁੱਚਾ ਥਾਂਹ ਹੀ ਢੇਰੀ ਹੋ ਗਿਆ। ਗੋਡਿਓਂ ਹੇਠਾਂ ਲੱਤ ਟੁਟ ਗਈ। ਨਾਲ਼ ਹੀ ਲਹੂ ਦੀ ਤਰੀਰੀ ਵਗ ਪਈ। ਸੁੱਚੇ ਦੀ ਆਹ ਨਿਕਲ਼ ਗਈ। ਪੀੜ ਦੰਦਾਂ ਦੀ ਕਚੀਚੀ ਚੋਂ ਬਾਹਰ ਆਵੇ। ਘੋਗੀ ਨੇ ਫੁਰਤੀ ਨਾਲ਼ ਕਪੜੇ ਪਾਏ ਤੇ ਖਿਸਕ ਗਿਆ। ਅਸੀਂ ਸੁੱਚੇ ਨੂੰ ਸਾਂਭਣ ਲੱਗ ਪਏ। ਹੱਡੀਆਂ ਬੰਨਣ ਵਾਲ਼ਾ ਸਿਆਣਾ ਲਿਆਂਦਾ। ਜਦੋਂ ਸਿਆਣੇ ਨੇ ਖਿੱਚ ਕੇ ਸੁੱਚੇ ਦੀ ਲੱਤ ਚਾੜ੍ਹ ਕੇ ਬੰਨੀ ਤਾਂ ਦਰਦ ਨਾਲ਼ ਸੁੱਚੇ ਦੀਆਂ ਚੀਕਾਂ ਹੋਰ ਉੱਚੀਆਂ ਹੋਈ ਗਈਆ। ਸਾਡੇ ਮਨ ਖ਼ਰਾਬ ਹੋਏ। ਅਖ਼ੀਰ ਅਸੀਂ ਮੰਜੇ ਤੇ ਪਾ ਕੇ ਇਹਦੇ ਘਰ ਬੀੜ ਬਾਲੋਕੀ਼ ਛੱਡ ਕੇ ਆਏ। ਜਾਂਦਿਆ ਕਰਦਿਆਂ ਨੂੰ ਵਾਹਵਾ ਘੁਸਮੁਸਾ ਹੋ ਗਿਆ ਸੀ। ਸੁੱਚੇ ਦੀ ਮਾਂ ਨੂੰ ਸੱਟ ਲਗਣ ਦੀ ਖਬਰ ਸੀ। ਇਹਨੇ ਆਵਦੇ ਪੁੱਤ ਨੂੰ ਸਾਂਭਣ ਦੀ ਥਾਂ, ਸਾਡੇ ਸਿਰ ਪਲੋਸੇ। ਸਾਡੇ ਲਈ ਦੁੱਧ ਗਰਮ ਕਰਦੀ ਫਿਰੇ।

ਇਕ ਦਿਨ ਘੋਗੀ ਫਿਰ ਆਇਆ। ਗੱਲਾਂ ਬਾਤਾਂ ਮੁੱਕੀਆਂ ਤਾਂ ਨਵੀਂ ਖੇਡ ਸ਼ੁਰੂ ਹੋ ਗਈ। ਸ਼ਰਾਰਤ ਵੱਸ ਕਿਸੇ ਮੁੰਡੇ ਨੂੰ ਕਹਿਣਾ, ਜਰਾ ਉੱਠੀ ਜਾਂ ਔਹ ਫ਼ਲਾਨਾ ਤੈਨੂੰ ਸੱਦਦਾ। ਜਦੋਂ ਉਹਨੇ ਮੁੜ ਆਪਣੀ ਥਾਂ ਕੇ ਬਹਿਣ ਲੱਗਣਾ ਤਾਂ ਹੇਠੋਂ ਬੈਂਚ ਖਿੱਚ ਲੈਣਾ। ਉਹਨੇ ਧੜੰਮ ਕਰਕੇ ਡਿੱਗ ਪੈਣਾ। ਫਿਰ ਦੂਜਾ, ਫਿਰ ਤੀਜਾ, ਚੌਥਾ ਤੇ ਫਿਰ ਚਲ ਸੋ ਚਲ। ਇਉਂ ਕਰਦਿਆਂ ਕਰਦਿਆਂ ਫਿਰ ਬੈਂਚਾਂ ਦੀ ਲੱਤਾਂ ਨੂੰ ਰੱਸੀਆਂ ਪਾ ਪਾ ਕੇ ਖਿੱਚਣ ਲੱਗ ਪਏ। ਖਿੱਚ-ਖਿਚਾਈ ਚ ਇਕ ਦੋ ਬੈਂਚਾਂ ਦੀਆਂ ਚੂਲਾਂ ਢਿੱਲੀਆਂ ਹੋ ਗਈਆਂ। ਹੋਰ ਹਿੱਲਣ ਲੱਗ ਪਏ ਤੇ ਫਿਰ ਖਿੱਲਰਣ ਵੀ ਲੱਗ ਪਏ। ਕੁਝ ਟੁੱਟ ਗਏ। ਫਿਰ ਇਕ ਦੋਂਹ ਨੇ ਚੰਗੇ ਭਲੇ ਬੈਂਚਾਂ ਤੇ ਟੁੱਟੇ ਬੈਂਚ ਮਾਰ ਮਾਰ ਤੇ ਲਕੜੀਆਂ ਦਾ ਢੇਰ ਬਣਾ ਦਿੱਤਾ। ਜਦੋਂ ਤਾਈਂ ਮਾਸਟਰਾਂ ਨੂੰ ਪਤਾ ਲੱਗਾ, ਬੈਂਚਾਂ ਦਾ ਨਾਂ ਨਿਸ਼ਾਨ ਵੀ ਨਹੀਂ ਸੀ ਰਿਹਾ। ਕਮਰੇ ਦੇ ਇਕ ਖੂੰਜੇ ਚ ਲੱਕੜਾਂ ਦਾ ਢੇਰ ਲੱਗਾ ਹੋਇਆ ਸੀ। ਮਾਸਟਰਾਂ ਨੂੰ ਆਪਣਾ ਡਰ ਸੀ ਕਿ ਪਿੰਡ ਵਾਲੇ ਪੁੱਛਣਗੇ, ਬਈ ਭਾਈ ਤੁਸੀਂ ਕਿੱਥੇ ਸੀ – ਜਦੋਂ ਇਹ ਤਬਾਹੀ ਹੋ ਰਹੀ ਸੀ। ਉਨ੍ਹਾਂ ਨੇ ਪਹਿਲ ਕਰਕੇ ਛੇਤੀ ਛੇਤੀ ਮੁੋਤਬਰ ਬੰਦਿਆਂ ਨੂੰ ਖ਼ਬਰ ਕਰ ਦਿੱਤੀ। ਗੁਆਂਢੀ ਪਿੰਡ ਦਾ ਮਾਸਟਰ ਸਿਆਣਿਆਂ ਨੂੰ ਦੱਸ ਰਿਹਾ ਸੀ: ਦੇਖੋ ਜੀ, ਇਨ੍ਹਾਂ ਨੇ ਤਾਂ ਤਹਿ ਹੀ ਲਾਅ ਦਿੱਤੀ ਕੇ। ਇਹ ਗੱਲ ਕਿੰਨਾ ਚਿਰ ਮੁੰਡਿਆਂ ਨੇ ਫੜੀ ਰੱਖੀ ਸੀ। ਜਦੋਂ ਮਾਸਟਰ ਕੇਵਲ ਸਿੰਘ ਨੇ ਕੋਲ਼ ਦੀ ਲੰਘਣਾ, ਮੁੰਡਿਆਂ ਨੇ ਕੋਈ ਨਾ ਕੋਈ ਗੱਲ ਖ਼ਤਮ ਕਰਕੇ ਤੋੜਾ ਏਸ ਫਿਕਰੇ ਨਾਲ਼ ਹੀ ਝਾੜਨਾ: ਦੇਖੋ ਜੀ 'ਤਹਿ ਹੀ ਲਾਅ ਦਿੱਤੀ ਕੇ'। ਨਾਲੇ ਮੁਸਕੜੀਏ ਹੱਸਣਾ।

ਵੱਡੇ ਗੁਰਦੁਆਰੇ ਪੰਚੈਤ ਦਾ ’ਕੱਠ ਹੋਇਆ। ਸਾਰਾ ਪਿੰਡ ਜੁੜ ਗਿਆ। ਕਿਸੇ ਨੂੰ ਸਮਝ ਨਾ ਆਵੇ ਬਈ, ਇਨ੍ਹਾਂ ਦਾ ਕਰਕੇ ਸਕੂਲ ਬਣਾਇਆ ਤੇ ਇਹ ਭੰਨ ਤੋੜ ਤੇ ਆ ਗਏ। ਸਿਆਣੇ ਬੰਦੇ ਜਿਹੜੇ ਮੁੰਡੇ ਨੂੰ ਵੀ ਪੁੱਛਣ ਉਹ ਇਨਕਾਰ ਕਰੀ ਜਾਵੇ। ਕਹੀ ਜਾਵੇ: ਮੈਂ ਤਾਂ ਕੁਛ ਨਹੀਂ ਕੀਤਾ ਜੀ, ਮੈਂ ਤਾਂ ਕੁਛ ਨਹੀਂ ਕੀਤਾ ਜੀ। ਫ਼ਲਾਨੇ ਫ਼ਲਾਨੇ ਨੇ ਕੀਤਾ ਸੀ। ਅਖ਼ੀਰ ਸ਼ਾਮ ਕੌਰ ਦੇ ਦੋਹਤੇ, ਦਾਰੀ, ਨੇ ਸਿਰੇ ਤੇ ਗੰਢ ਮਾਰ ਦਿੱਤੀ। ਸ਼ਾਮ ਕੌਰ ਆਪ ਵੀ ਵਿੱਚੇ ਹੀ ਬੈਠੀ ਸੀ – ਪੈਂਚਣੀ ਵੀ ਸੀ; ਸ਼ਾਇਦ ਸਰਪੈਂਚਣੀ ਸੀ। ਦਾਰੀ ਕਹਿੰਦਾ: ਜੀ ਕੋਈ ਵੱਧ ਤੇ ਕੋਈ ਘੱਟ, ਸਾਰੇ ਹੀ ਰਲ਼ੇ ਹੋਏ ਸੀ, ਮਨੀ ਚੰਦ ਨੂੰ ਛੱਡ ਕੇ। ਬਿਨਾਂ ਦਰਿਆਫ਼ਤ ਕੀਤਿਆਂ ਸਿਆਣਿਆਂ ਨੇ ਫ਼ੈਸਲਾ ਕਰ ਦਿੱਤਾ ਕਿ ਸਾਰੇ ਵੀਹ ਵੀਹ ਰੁਪਏ ਜ਼ੁਰਮਾਨਾ ਭਰਨ। ਪੰਚਾਇਤ ਦਾ ਫ਼ੈਸਲਾ ਸੀ। ਕਿਸੇ ਨੇ ਉਜਰ ਨਾ ਕੀਤਾ। ਸੱਭ ਨੇ ਚਾਹੁੰਦਿਆਂ ਨਾ–ਚਾਹੁੰਦਿਆਂ ਮੰਨ ਲਿਆ। ਬਹੁਤੇ ਤਮਾਸ਼ਗੀਰ ਸੀ; ਨਿਹੱਕੇ ਮਾਰੇ ਗਏ ਸੀ। ਕੰਮ ਤਾਂ ਤਿੰਨਾਂ ਚੌਹ ਦਾ ਸੀ, ਹੱਦ ਪੰਜਾਂ ਛੇਆਂ ਦਾ। ਕਿੰਨਾ ਚਿਰ ਘੋਗੀ ਪਿੰਡ ਨਹੀਂ ਸੀ ਆਇਆ ਜਾਂ ਬਾਹਰ ਨਹੀਂ ਸੀ ਨਿਕਲਿਆ। ਇਹਦੀ ਮਾਂ ਤੋਂ ਡਰਦਾ ਕੋਈ ਪੈਸੇ ਲੈਣ ਵੀ ਨਾ ਜਾਵੇ। ਫਿਰ ਕਹਿੰਦੇ: ਜੀ ਉਹ ਤਾਂ ਸਕੂਲੇ ਪੜ੍ਹਦਾ ਹੀ ਨਹੀਂ ਸੀ। ਜ਼ੁਰਮਾਨਾ ਤਾਂ ਉਨ੍ਹਾਂ ਨੂੰ ਹੋਇਆ ਜਿਹੜੇ ਸਕੂਲੇ ਪੜ੍ਹਦੇ ਸੀ।

ਸਾਥੋਂ ਵੱਡੇ ਪਿੰਡ ਦੇ ਕੁਝ ਮੁੰਡੇ ਖਾਲਸਾ ਕਾਲਜ ਜਲੰਧਰ ਪੜ੍ਹਦੇ ਸੀ। ਉਨ੍ਹਾਂ ਨੇ ਗੱਲ ਬਣਾ ਲਈ; ਜਣੇ ਖਣੇ ਨੂੰ ਕਿਹਾ ਕਰਨ: ਦੇਖੋ ਜੀ ਇਹ ਹੁਣੇ ਹੀ ਮਾਣ ਨਹੀਂ। ਸਕੂਲ ਚ ਹੀ ਐਦਾਂ ਦੇ ਕੰਮ ਕਰਦੇ ਆ, ਜਦੋਂ ਕਾਲਜੀਂ ਚਲੇ ਗਏ ਫਿਰ ਕੀ ਕਰਨਗੇ। ਇਹ ਤਾਂ ਬੜੇ ਖ਼ਤਰਨਾਕ ਮੁੰਡੇ ਆਂ। ਬਾਗੀ ਹੋਏ ਹੋਏ। ਜ਼ਰੂਰ ਬਗਾਵਤਾਂ ਕਰਨਗੇ। ਭੜਥੂ ਪਾਉਣਗੇ। ਮੈਨੂੰ ਤਾਂ ਏਸ ਗੱਲ ਦੀ ਉਦੋਂ ਵੀ ਸੀ, ਹੁਣ ਵੀ ਨਿਮੋਸ਼ੀ ਹੈ। ◆

# ਨਾਨਕਾ ਮੇਲ਼ ਰੇਲ ਗੱਡੀ

ਅਪਣੇ ਕਹਿੰਦੇ ਹੁੰਦੇ ਸੀ – ਨਾਨਕੇ ਨਾਨੇ ਨਾਨੀਆਂ ਨਾਲ਼ ਹੀ ਹੁੰਦੇ ਆ ਤੇ ਪੇਕੇ ਮਾਂ ਪਿਓ ਨਾਲ਼। ਮੈਂ ਸੋਚਦੇ ਰਹਿਣਾ ਬਈ ਛੇਤੀ ਛੇਤੀ ਛੁੱਟੀਆਂ ਹੋਣ ਤਾਂ ਨਾਨਕੀਂ ਜਾਈਏ। ਜਾਂ ਕੋਈ ਵਿਆਹ ਸ਼ਾਦੀ ਆਵੇ, ਤਾਂ ਮੌਕਾ ਮੇਲ਼ ਬਣੇ। ਮਾਂ ਨੂੰ, ਪੇਕੇ ਦੇਖਣ ਦੀ ਤਾਂਘ ਹੁੰਦੀ ਸੀ, ਮੈਨੂੰ ਨਾਨਕੇ ਜਾਣ ਦੀ। ਉਹਨੇ ਬੜੀ ਬੇਸਬਰੀ ਨਾਲ਼ ਉਡੀਕ ਕਰਨੀ। ਕਬੀਲਦਾਰੀਆਂ ਵਾਲ਼ੇ ਘਰਾਂ ਚੋਂ ਨਿਕਲਣਾ ਕਿਹੜਾ ਸੌਖਾ ਹੁੰਦਾ। ਮੇਰੇ ਵੱਡੇ ਮਾਮੇ ਦੇ ਪੁੱਤ ਸਤਨਾਮ ਸਿੰਘ ਮੇਰਾ ਹਾਣੀ ਪਰਵਾਣੀ ਈ ਸੀ। ਇਹਦੇ ਨਾਲ਼ ਨਾਲ਼ ਮੇਰਾ ਬੜਾ ਨੇਹੁ ਸੀ। ਇਹ ਸਾਲ ਦੋ ਸਾਲ ਛੋਟਾ ਹੋਊ, ਮੈਥੋਂ। ਸਾਡੇ ਸੁਭਾਅ ਵੀ ਰਲ਼ਦੇ ਮਿਲ਼ਦੇ ਸੀ। ਇਹ ਵੀ ਸਰਫ਼ੇ ਦਾ ਹੀ ਸੀ, ਤੇ ਮੈਂ ਵੀ। ਸਾਡੀ ਮੀਚਾ ਮਿਲ਼ ਗਈ। ਲਾਡ ਨਾਲ਼ ਸਾਰੇ ਇਹਨੂੰ ਬਿੱਲਾ ਕਹਿੰਦੇ ਸੀ। ਮੇਰਾ ਇਹਨੂੰ ਮਿਲਣ ਨੂੰ ਮਨ ਰਹਿੰਦਾ ਸੀ।

ਪਹਿਲਾਂ ਪਹਿਲ ਬੱਸਾਂ ਗੱਡੀਆਂ ਆਮ ਨਹੀਂ ਸੀ। ਸਾਡੇ ਪਿੰਡ ਨੂੰ ਬੱਸ ਤਾਂ ਬੜੀ ਦੇਰ ਦੀ ਲੱਗੀ ਹੋਈ ਸੀ, ਪਰ ਇਹ ਸਵੇਰੇ ਨੌਂ ਵਜੇ ਤੋਂ ਪਹਿਲਾਂ ਹੀ ਜਲੰਧਰ ਨੂੰ ਨਿਕਲ਼ ਜਾਂਦੀ ਸੀ ਤੇ ਸ਼ਾਮ ਨੂੰ ਮੁੜਦੀ ਸੀ। ਸਾਰੀ ਦਿਹਾੜੀ ਚ ਇੱਕੋ ਗੇੜਾ ਹੀ ਲਾਉਂਦੀ ਸੀ। ਇਹਦੇ ਟੈਮ ਨਾਲ਼ ਤਾਂ ਘਰਾਂ ਦੇ ਕੰਮ ਕਾਰ ਹੀ ਨਹੀਂ ਸੀ ਮੁੱਕਦੇ। ਬੀਬੀਆਂ ਰੋਟੀ ਪਾਣੀ ਤੋਂ ਵੀ ਵਿਹਲੀਆਂ ਵੀ ਨਹੀਂ ਸੀ ਹੁੰਦੀਆਂ।

ਪਹਿਲਾਂ ਤਾਂ ਅਸੀਂ ਮੰਡੀ ਵਾਲ਼ੇ ਖੂਹ ਕੋਲ਼ ਦੀ ਮਹਿਤਪੁਰ ਤਾਂਈਂ ਦੋ ਢਾਈ ਮੀਲ ਤੁਰਕੇ ਜਾਣਾ। ਅੱਗੋਂ ਮਹਿਤਪੁਰੋਂ ਦੇਖਣਾ ਬਈ ਨਕੋਦਰ ਨੂੰ ਟਾਂਗਾ ਕਦੋਂ ਤੁਰੂਗਾ। ਏਥੇ ਇਕ ਦੋ ਹੀ ਤਾਂਗੇ ਹੁੰਦੇ ਸਨ। ਏਥੇ ਮੂਰਤੀ ਦਾ ਯੱਕਾ ਮਸ਼ਹੂਰ ਸੀ। ਇਹ ਮਹਿਤਪੁਰ ਦਾ ਈ ਬਸ਼ਿੰਦਾ ਸੀ। ਇਹਦੀ ਘੋੜੀ ਵੀ ਵੱਤੇ ਈ ਸੀ। ਇਹਦੇ ਆਵਦੇ ਵਰਗੀ ਹੀ ਸੀ। ਵਿਚਾਰੀ। ਪੂਰਾ ਚਾਰਾ ਨਹੀਂ ਸੀ ਪਾ ਹੁੰਦਾ ਹੋਣਾ। ਉੱਤੋਂ ਇਹਨੇ ਸਵਾਰੀਆਂ ਦਾ ਲਾਲਚ ਕਰ ਲੈਣਾ। ਪਰ ਇਹ ਵੱਡਾ ਗਾਲੜੀ ਸੀ। ਇਹਨੂੰ ਗੱਲ ਲਮਕਾਉਣ ਦਾ ਵੱਲ ਸੀ। ਬੱਸ ਸਵਾਰੀਆਂ ਨੂੰ ਐਸਾ ਗੱਲੀਂ ਪਾਉਣਾ, ਉਨ੍ਹਾਂ ਨੂੰ ਪਤਾ ਈ ਨਾ ਲੱਗਣ ਦੇਣਾ ਬਈ ਇਹਨੇ ਰੇਲ ਗੱਡੀ ਦੇ ਟਾਈਮ ਨਾਲ਼ ਨਕੋਦਰ ਤਾਂ ਪਹੁੰਚਾਣਾ ਈ ਨਹੀਂ। ਇਹ ਇਹਦੀ ਵੱਡੀ ਜੁਗਤ ਹੁੰਦੀ ਸੀ। ਹਰ ਵਾਰ ਕੰਮ ਕਰ ਜਾਂਦੀ ਸੀ।

ਮੂਰਤੀ ਨੂੰ ਸਾਰੇ ਇਲਾਕੇ ਦੇ ਬੰਦਿਆਂ ਦੀ ਜਾਣ ਪਛਾਣ ਸੀ। ਮੱਲੋ ਜ਼ੋਰੀਂ ਜਾਣ-ਸਿਆਣ ਕੱਢ ਲੈਣੀ। ਸਭ ਤੋਂ ਪੁਛ ਪੁਛਾ ਕੇ ਇਹਨੇ ਹਿਸਾਬ ਲੈਣਾ, ਬਈ ਸਵਾਰੀਆਂ ਕਿਹੜੇ ਪਿੰਡਾਂ ਦੀਆਂ ਸੀ। ਜਿਹੜੇ ਪਿੰਡ ਦੀ ਸਵਾਰੀ ਨਾ ਹੋਣੀ, ਉੱਥੋਂ ਦੇ ਕਿਸੇ ਬੰਦੇ ਦੀ ਐਸੀ ਗੱਲ ਸ਼ੁਰੂ ਕਰਨੀ, ਐਸੀ ਗੱਲ ਸ਼ੁਰੂ ਕਰਨੀ, ਬਈ ਅਗਲੇ ਦੀ ਅਈ੍ਹ ਤਈ੍ਹ ਫਿਰ ਦੇਣੀ। ਐਸੀ ਛੇੜੀ ਗੱਲ ਏਨੀਂ ਲਮਕਾ ਲੈਣੀ ਕਿ ਉਹ ਨਕੋਦਰ ਅੱਪੜਨ ਤਕ ਮੁੱਕਣ ਹੀ ਈ ਨਾ ਦੇਣੀ। ਅਗਲੇ ਦਾ ਅੱਗਾ ਪਿੱਛਾ ਸਭ ਫਰੋਲ਼ ਦੇਣਾ। ਵਿਚ-ਵਿਚਾਲ਼ੇ ਘੋੜੀ ਦੀ ਲਗਾਮ ਖਿੱਚਦੇ ਨੇ ਚਟਕਾਰੀ ਵੀ ਮਾਰੀ ਜਾਣੀ। ਇਹਨੇ ਕਹਿਣਾ: ਦੇਖ ਕੇ, ਦੇਖ ਕੇ ਜੀਣ ਜੋਗੀਏ…। ਓਅ ਜੀਂਦੀ ਰਹਿ...। ਭਲਾ ਹੋਵੇ…… ਓ ਸਦਕੇ, ਤੇਰੇ ਜਣਦਿਆਂ ਦੇ…। ਓਅ ਤੇਰੇ ਮਾਲਕਾਂ ਦਾ ਸੁਰਗੀਂ ਵਾਸਾ…। ਵਿਚ ਵਿਚਾਲ਼ੇ ਮੂਰਤੀ ਨੇ ਘੋੜੀ ਦੇ ਸਹਿੰਦਾ-ਸਹਿੰਦਾ ਚਾਬਕ ਵੀ ਮਾਰਨਾ – ਪਰ ਖੜਾਕ ਬਹੁਤਾ ਕਰਨਾ। ਬਹੁਤੀ ਵਾਰ ਤਾਂ ਛੈਂਟਾ ਤਾਂਗੇ ਦੇ ਪਹੀਏ ’ਤੇ ਹੀ ਮਾਰਨਾ। ਜਦ ਕਿਤੇ ਘੋੜੀ ਕੋਲੋਂ ਤਾਂਗਾ ਨਾ ਈ ਖਿੱਚਿਆ ਜਾਣਾ, ਤਾਂ ਇਹਨੇ ਗੱਲ ਵਧਾ ਲੈਣੀ। ਸਵਾਰੀਆਂ ਦਾ ਧਿਆਨ ਹੋਰ ਦੀ ਹੋਰ ਪਾਸੇ ਪਾ ਲੈਣਾ। ਆਪ ਮੋਹ੍ਰਿਓਂ ਉੱਤਰ ਜਾਣਾ। ਲਗਾਮ ਫੜ ਕੇ ਘੋੜੀ ਨੂੰ ਖਿੱਚਣ ਲੱਗ ਪੈਣਾ ਤੇ ਜ਼ੋਰ ਨਾਲ਼ ਗੱਲ ਸ਼ੁਰੂ ਕਰ ਦੇਣੀ: ਧੁਆਨੂੰ ਪਤਾ ਫਲਾਨਾ ਪਰਸੋਂ ਪੂਰਾ ਹੋ ਗਿਆ। ਭਲਾ ਬੰਦਾ ਸੀ। ਬੱਸ ਬੈਠਾ ਹੀ ਸੌਂ ਗਿਆ ਤੇ ਸੁੱਤਾ ਹੀ ਰਹਿ ਗਿਆ। ਕੋਈ ਹਾਏ ਨਹੀਂ, ਬਹੁੜੀ ਨਹੀਂ। ਨੂੰਹ ਪੁੱਤ ਚਾਹ ਦੇਣ ਆਏ ਤਾਂ ਪਤਾ ਲੱਗਾ, ਬਈ ਰੂਹ ਤਾਂ ਉੱਡ ਗਈ। ਬੱਸ ਸਰੀਰ ਪਿਆ ਸੀ। ਜਿੰਦਾਂ ‘ਰਾਮ ਨਾਲ਼ ਸੁੱਤਾ ਹੋਵੇ। ਦੇਵਤਿਆਂ ਵਾਲ਼ੀ ਮੌਤ ਆਈ ਓਹਨੂੰ। ਸਾਊ ਬੰਦਾ ਸੀ। ਮੈਂ ਕਹਿਨਾਂ, ਸਿੱਧਾ ਸੁਰਗਾਂ ਨੂੰ ਹੀ ਗਿਆ ਹੋਊ। ਏਦਾਂ ਦਾ ਈ ਸੀ ਉਹ – ਭਲਾ ਪੁਰਖ।

ਮੂਰਤੀ ਨੇ ਘਾਟ-ਘਾਟ ਦਾ ਪਾਣੀ ਪੀਤਾ ਹੋਇਆ ਸੀ। ਨਿੱਤ ਦਿਹਾੜੀ ਇਹਦਾ ਵੰਨ ਸੁਵੰਨਿਆਂ ਨਾਲ਼ ਵਾਹ ਪੈਂਦਾ ਸੀ। ਇਹਨੂੰ ਜਿਹੜੀ ਸਵਾਰੀ ਤੇ ਗੱਲ ਚੁੱਕਣ ਦੀ ਸ਼ੱਕ ਹੋਣੀ, ਉਹਨੂੰ ਸਿੱਧਾ ਗੱਲੀਂ ਪਾ ਲੈਣਾ। ਬਹੁਤੀ ਵਾਰ ਅਸੀਂ ਰੇਲਵੇ ਫਾਟਕ ਕੋਲ ਪਹੁੰਚ ਕੇ ਗੱਡੀ ਤੁਰੀ ਜਾਂਦੀ ਦੇਖ ਲੈਣੀ। ਫਿਰ ਡੇੜ ਦੋ ਘੈਂਟੇ ਬੜੇ ਔਖੇ ਹੋ ਕੇ ਕੱਢਣੇ। ਲੱਕੜ ਦੇ ਬੈਂਚਾਂ ’ਤੇ ਬਹਿ ਬਹਿ ਕੇ ਸਰੀਰ ਆਕੜ ਜਾਣਾ। ਅਕੜੇਵੇਂ ਭੰਨਣੇ। ਮੂੰਹ ਚੱਕ ਚੱਕ ਅਗਲੀ ਗੱਡੀ ਦੀ ਉਡੀਕ ਕਰਨੀ। ਮਨੋਂ ਮਨੀਂ ਮੂਰਤੀ ਨੂੰ ਕੋਸਣਾ। ਅਗਲੀ ਵਾਰ ਮੂਰਤੀ ਦੇ ਯੱਕੇ ’ਤੇ ਨਾ ਚੜ੍ਹਨ ਦਾ ਅਹਿਦ ਕਰਨਾ। ਪਰ ਇਹਦੇ ਬਿਨ ਸਰਨਾ ਨਾ। ਗੰਜੀ ਨਾਵ੍ਹੇ ਕੀ ਤੇ ਨਚੋੜੇ ਕੀ – ਪਾ ਲਾ ਕੇ ਮਹਿਤਪੁਰ ਨੂੰ ਯੱਕੇ ਹੀ ਦੋ ਚਲਦੇ ਸੀ। ਗੱਡੀ ਦੀ ਕੂਕ ਦੀ ਉਡੀਕ ਕਰਨੀ। ਜਦੋਂ ਇੰਜਣ ਦਾ ਧੂੰਆਂ ਦਿਸਣਾ ਜਾਂ ਛੱਕ-ਛੱਕ ਕਰਦਾ ਸੁਣਨਾ ਤਾਂ ਮਨ ਹੁਲਾਸ ਹੋਣਾ। ਚਾਅ ਚੜ੍ਹ ਜਾਣਾ। ਬਈ

ਸਮਝੋ ਹੁਣ ਨਾਨਕੀਂ ਪਹੁੰਚੇ ਹੀ ਪਹੁੰਚੇ। ਕਈ ਵਾਰ ਇੰਜਣ ਨੇ ਨਕੋਦਰੋਂ ਪਾਣੀ ਲੈਣਾ ਜਾਂ ਕੋਲ਼ਾ ਚੁੱਕਣਾ। ਜਾਂ ਸ਼ੰਟਿੰਗ ਕਰਨੀ। ਫਿਰ ਨਾਨਕਾ ਮੇਲ਼, ਚਲ ਸੋ ਚਲ। ਨਕੋਦਰ ਦੇ ਜੰਕਸ਼ਨ ਹੋਣ ਦਾ ਚੇਤਾ ਆਉਣਾ ਤਾਂ, ਗੀਤ ਗਾਉਣਾ:

ਇਹ ਜੰਕਸ਼ਨ ਰੇਲਾਂ ਦਾ
ਇਕ ਗੱਡੀ ਆਵੇ ਤੇ ਇਕ ਗੱਡੀ ਜਾਵੇ।

ਅੰਗਰੇਜ਼ਾਂ ਵਲੋਂ 1856 ਚ ਭਾਰਤ ਚ ਸ਼ੁਰੂ ਕੀਤੀਆਂ ਰੇਲਾਂ ਦਾ ਵਿਰੋਧ ਕਈ ਪਾਸਿਓਂ ਹੋਇਆ ਸੀ। ਕਈ ਦੰਦ ਕਥਾਵਾਂ ਤੁਰੀਆਂ। ਇਹਦੇ ਤੋਂ ਡਰਦੇ ਲੋਕ ਦੌੜ ਤੁਰਦੇ ਸੀ ਕਿ ਖਵਰੇ ਕੋਈ ਭੂਤ ਆ ਗਿਆ। ਕੋਈ ਕਿਹਾ ਕਰੇ, ਅੰਗਰੇਜ਼ਾਂ ਨੇ ਰੇਲ ਗੱਡੀ ਬੰਦਿਆਂ ਨੂੰ ਇਹਦੇ ਥੱਲੇ ਦੇ ਦੇ ਕੇ ਮਾਰਨ ਨੂੰ ਚਲਾਈ ਆ। ਕੋਈ ਕਿਹਾ ਕਰੇ, ਗੋਰਿਆਂ ਇਨ੍ਹਾਂ ਰੇਲਾਂ ਚ ਭਾਰਤ ਦਾ ਸਾਰਾ ਧੰਨ ਵਲੈਤ ਨੂੰ ਢੋਹ ਕੇ ਲੈ ਜਾਣਾ ਹੈ। ਇਹ ਵੀ ਸੋਚਣ ਵਾਲ਼ੀ ਗੱਲ ਹੈ ਕਿ ਇਹਨੇ ਭਾਰਤ ਨੂੰ ਕਿੰਨਾ ਕੁ ਇਕੱਮੁਠ ਕੀਤਾ।

ਇਹ ਸਵਾਲ ਔਖਾ ਹੈ ਕਿ ਰੇਲ ਗੱਡੀ ਮੇਲ-ਮਿਲ਼ਾਪ ਦਾ ਸਬੱਬ ਪਹਿਲਾਂ ਬਣੀ ਕਿ ਵਿਛੋੜੇ ਦਾ। ਅਪਣੇ ਕਹਿੰਦੇ ਆ ਬਈ ਕਿਸੇ ਲਈ ਮਾਂਹ ਬਾਦੀ ਕਿਸੇ ਲਈ ਸੁਆਦੀ। ਪਹਿਲਾਂ ਪਹਿਲ ਵਿਛਾਈਆਂ ਰੇਲਵੇ ਲਾਈਨਾਂ ਨੇ ਤਾਂ ਮੇਲ਼ ਈ ਬਹੁਤੇ ਕਰਵਾਏ ਹੋਣੇ ਆਂ। ਜਾਂ ਇਨ੍ਹਾਂ ਕਰਕੇ ਮੇਲ਼ ਛੇਤੀ ਹੋ ਗਏ; ਓਦਾਂ ਦੇਰ ਨਾਲ਼ ਹੋਣੇ ਸੀ। ਵਿਛੋੜੇ ਦਾ ਸੰਕਲਪ ਤਾਂ ਬਾਅਦ ਦਾ ਹੋਣਾ ਹੈ। ਬਈ ਇਹ ਭਲੀ ਰੇਲ ਵਿਛੋੜੇ ਵੀ ਪਾਉਂਦੀ ਹੈ। ਮਸ਼ਹੂਰ ਤਰੀਨ ਪੁਰਾਣਾ ਫਿਲਮੀ ਗੀਤ ਵੀ ਹੈ:

ਨੀ ਟੁੱਟ ਜਾਵੇਂ ਰੇਲ ਗੱਡੀਏ,
ਨੀ ਤੈਂ ਰੋਕ ਲਿਆ ਚੰਨ ਮੇਰਾ।

ਸੰਨ 1913 ਚ ਜਲੰਧਰੋਂ ਨਕੋਦਰ ਨੂੰ ਵਿਛਾਈ ਏਸ ਰੇਲ ਲੈਨ ਨੇ ਵੱਡੇ ਫ਼ਾਇਦੇ ਕੀਤੇ ਸੀ। ਨਾਨਕਿਆਂ ਦਾਦਕਿਆਂ ਵਿਚਲੀ ਦੂਰੀ ਘਟਾ ਦਿੱਤੀ ਸੀ। ਕੰਮਾਂ ਕਾਰਾਂ ਵਾਲਿਆਂ ਨੂੰ ਮੌਜਾਂ ਹੋ ਗਈਆਂ ਸੀ। ਪਹਿਲਾਂ ਲੋਕ ਜਾਂ ਟਾਂਗਿਆਂ ਤੇ ਜਾਂਦੇ ਸੀ ਜਾਂ ਤੁਰਕੇ। ਸਰਦਿਆਂ ਪੁੱਜਦਿਆਂ ਦੀਆਂ ਬੱਘੀਆਂ ਹੁੰਦੀਆਂ ਸੀ। ਹਮਾਤੜਾਂ ਦੀਆਂ ਲੱਤਾਂ। ਨਕੋਦਰੋਂ ਜਲੰਧਰ ਦੇ ਰਾਹ ਚ ਤਿੰਨ ਟੇਸ਼ਣ ਪੈਂਦੇ ਸੀ – ਸ਼ੰਕਰ, ਥਾਬਲ਼ਕੇ ਤੇ ਜਮਸ਼ੇਰ। ਖ਼ਾਲਸਾ ਕਾਲਜ ਵਾਲ਼ਾ ਹਾਲਟ ਕਿਤੇ ਬਾਅਦ ਚ ਬਣਿਆ। ਕਾਲਜ ਦੇ ਪਾੜ੍ਹਿਆਂ ਦੀ ਸੌਖ ਲਈ। ਪਿੰਡਾਂ ਦੇ ਬਹੁਤੇ ਮੁੰਡੇ ਏਥੇ ਹੀ ਪੜ੍ਹਦੇ ਸੀ। ਪਲੇਟਫਾਰਮ ਤੋਂ ਸਿਰਫ਼ ਜਮਸ਼ੇਰ ਦਾ ਸਟੇਸ਼ਨ ਹੀ ਸੱਖਣਾ ਹੈ। 'ਕੱਲੇ ਸ਼ੰਕਰ ਵਾਲ਼ੇ ਟੇਸ਼ਣ ਦੇ ਪਲੇਟਫਾਰਮ ਤੇ ਹੀ ਸ਼ੈੱਡ ਹੈ – ਹੋਰ ਕਿਤੇ ਨਹੀਂ। ਜਦੋਂ ਸ਼ੈਡ ਬਣਿਆ, ਸ਼ੰਕਰੀਆ ਸਵਰਨ ਸਿੰਘ ਉਦੋਂ ਰੇਲ ਮੰਤਰੀ ਹੁੰਦਾ ਸੀ। ਟੇਸ਼ਣਾਂ 'ਤੇ ਪਹਿਲੇ ਨਲ਼ਕਿਆਂ ਦਾ ਢਿੱਡ ਢੋਲਕੀ ਵਰਗਾ ਹੁੰਦਾ ਸੀ – ਇਨ੍ਹਾਂ ਦੇ ਗੱਭਿਓਂ ਪਾਣੀ ਨਿਕਲਣਾ। ਇਹਨੂੰ ਗੇੜਨ ਲਈ ਦੋਹੀਂ ਪਾਸੀਂ ਹੈਂਡਲ ਲੱਗੇ ਹੁੰਦੇ ਸੀ - ਪੱਠੇ ਕੁਤਰਨ ਵਾਲ਼ੀ ਮਸ਼ੀਨ ਵਰਗੇ। ਇਨ੍ਹਾਂ ਨੂੰ ਗੇੜਨ ਲਈ ਵਾਹਵਾ ਜ਼ੋਰ ਲੱਗਦਾ ਹੁੰਦਾ ਸੀ। ਨਿਆਣਿਆਂ ਤੋਂ ਪੂਰਾ ਗੇੜਾ ਵੀ ਨਹੀਂ ਸੀ ਨਿਕਲਦਾ। ਇਨ੍ਹਾਂ ਨਲਕਿਆਂ ਦਾ ਅੰਗਰੇਜ਼ੀ ਨਾਂ ਡੀਪ ਵੈੱਲ ਹੈਂਡ ਪੰਪ (Deepwell Handpump) ਸੀ। ਫਿਰ ਕੁੱਤਾ ਨਲ਼ਕੇ ਆ ਗਏ। ਹੁਣ ਆਮ ਨਲ਼ਕੇ ਲੱਗੇ ਹੋਏ ਨੇ ਜਾਂ ਮੋਟਰਾਂ। ਸਿਆਣੇ ਦੱਸਦੇ ਨੇ ਕਿ ਰੌਲ਼ਿਆਂ ਤੋਂ ਪਹਿਲਾਂ ਟੇਸ਼ਣਾਂ ਤੇ ਪਾਣੀ ਵੀ ਵੰਡੇ ਹੁੰਦੇ ਸੀ। ਹਿੰਦੂਆਂ ਲਈ ਹਿੰਦੂ ਪਾਣੀ; ਮੁਸਲਮਾਨਾਂ ਲਈ ਮੁਸਲਮਾਨ ਪਾਣੀ।

ਹੁਣ ਵਾਲ਼ਾ ਜਮਸ਼ੇਰ ਦਾ ਸਟੇਸ਼ਨ ਕਿਤੇ ਬਾਅਦ ਚ ਬਣਿਆ; ਉੱਨੀ ਸੌ ਸੱਠ ਦੇ ਗੇੜ ਚ। ਪਹਿਲੇ ਸਟੇਸ਼ਨ ਵਿਚ ਅੱਜਕੱਲ ਸਟੇਸ਼ਨ ਮਾਸਟਰ ਨੇ ਵਸੋਂ ਕੀਤੀ ਹੋਈ ਹੈ। ਸਟੇਸ਼ਨ ਦੀ ਸਫ਼ਾਈ ਦਾ ਕੋਈ ਪ੍ਰਬੰਧ ਨਹੀਂ। ਹੁਣ ਪੱਕਾ ਸਫ਼ਾਈ ਕਰਮਚਾਰੀ ਹੈ ਈ ਨਹੀਂ। ਇਹ ਕੰਮ 'ਬਟੌਟ' ਸਵਾਰੀਆਂ ਨੂੰ ਫੜ ਕੇ ਉਨ੍ਹਾਂ ਤੋਂ ਕਰਵਾ ਲਿਆ ਜਾਂਦਾ ਹੈ। ਸਰਕਾਰ ਉੱਕੇ-ਪੁੱਕੇ ਸਫ਼ਾਈ ਦੇ ਪੈਸੈ ਦੇ ਦਿੰਦੀ ਹੈ। ਸਾਲ ਦੇ ਪੰਦਰਾਂ ਸੌ ਰੁਪੱਈਏ। ਹੁਣ ਇਹ ਵਾਟ ਵੀ ਬਹੁਤੀ ਨਹੀਂ ਲੱਗਦੀ: ਉਦੋਂ ਏਦਾਂ ਲੱਗਣਾ ਬਈ ਵਾਟ ਨਿਬੜਦੀ ਹੀ ਨਹੀਂ।

ਰੇਲ ਨੇ ਸਪਰਾਵਾਂ ਨੂੰ ਉੱਧੋਵਾਲ਼ ਦੇ ਹੋਰ ਨੇੜੇ ਕਰ ਦਿੱਤਾ। ਨਾਨਕੇ ਦਾਦਕਿਆਂ ਦਾ ਸਫ਼ਰ ਘੱਟ ਗਿਆ। ਸਪਰਾਵਾਂ ਦਾ ਕਾਗ਼ਜ਼ਾਂ ਚ ਨਾਂ ਭੋਡੇ ਸਪਰਾਏ ਹੈ, ਡਾਕਖਾਨਾ ਜਮਸ਼ੇਰ ਖਾਸ, ਤਸੀਲ ਤੇ ਜ਼ਿਲਾ ਜਲੰਧਰ। ਮਾਸਕ "ਮਾਂ" ਦੀ ਸੰਪਾਦਕ ਕਾਮਰੇਡ ਕੇਵਲ ਕੌਰ ਏਸੇ ਪਿੰਡ ਦੀ ਸੀ। ਇਹ ਨਕਸਲਬਾੜੀ ਲਹਿਰ ਦੀ ਲਾਡਲੀ ਸੀ। ਏਥੋਂ ਦੇ ਹਕੀਮ ਵੀ ਬੜੇ ਨਾਂ ਵਾਲ਼ੇ ਹੋਏ। ਏਡੇ ਸਾਰੇ ਚ ਪਿੰਡ ਡਾਕਖਾਨਾ ਵੀ ਹੈ ਨਹੀਂ। ਪਰ ਹੁਣ ਦੁਸਹਿਰਾ ਏਥੇ ਲੱਗਦਾ ਹੈ। ਪਹਿਲਾਂ ਜਮਸ਼ੇਰ ਲੱਗਦਾ ਸੀ।

ਰੇਲਵੇ ਲਾਈਨ ਪਹਿਲਾਂ ਸਪਰਾਵਾਂ ਦੇ ਮੁੱਢ ਚ ਦੀ ਨਿਕਲਣੀ ਸੀ। ਟੇਸ਼ਣ ਵੀ ਏਥੇ ਹੀ ਬਣਨਾ ਸੀ। ਜਿਹਦੀ ਜ਼ਮੀਨ ਵਿਚ ਦੀ ਬਣਨੀ ਸੀ ਉਹ ਜੱਟ, ਸਰਵੇਅਰ ਨੂੰ ਗਾਲ੍ਹੋ ਬਾਲ਼ੀ ਹੋ ਪਿਆ। ਬਈ ਉਹ ਇਹਦੀ ਜ਼ਮੀਨ ਵਿਚ ਦੀ ਲੈਨ ਕਿਓਂ ਕੱਢਦਾ ਹੈ। ਸਰਵੇਅਰ ਨੇ ਟੇਸ਼ਣ ਤਾਂ ਜਮਸ਼ੇਰ ਤੇ ਸਪਰਾਵਾਂ ਤੇ ਗੱਭੇ ਬਣਾ ਦਿਤਾ। ਟੇਸ਼ਣ ਦਾ ਨਾਂ ਵੀ ਜਮਸ਼ੇਰ ਦੇ ਖਾਤੇ ਪਾ ਦਿੱਤਾ। ਪਰ ਜ਼ਿੱਦ ਚ ਰੇਲਵੇ ਲੈਨ ਉਹਦੇ ਖੂਹ ਦੇ ਐਨ ਉੱਤੋਂ ਦੀ ਕੱਢ ਦਿੱਤੀ। ਅੱਧਾ ਖੂਹ ਓਧਰ, ਅੱਧਾ ਓਧਰ ਰਹਿ ਗਿਆ।। ਨਾਨਕੇ ਪਿੰਡ ਦੇ ਲੋਕ ਦਸਦੇ ਹਨ ਕਿ ਮੀਂਹ ਜਾ ਹੜ੍ਹਾਂ ਨਾਲ ਜਦੋਂ ਵੀ ਲੈਨ ਟੁਟਦੀ ਹੈ, ਏਸੇ ਖੂਹ ਵਾਲ਼ੇ ਥਾਂ ਤੋਂ ਹੀ ਟੁੱਟਦੀ ਹੈ।

ਮੈਂ ਗੱਡੀ ਦੀ ਬਾਰੀ ਵਿਚਦੀ ਸਿਰ ਬਾਹਰ ਕੱਢਣਾ। ਗੱਡੀ ਭੱਜੀ ਜਾਣੀ ਤੇ ਨਾਲ਼ੋ ਨਾਲ਼ ਰੁੱਖ ਘੁੰਮੀ ਜਾਣੇ। ਮੈਂ ਕਿਸੇ ਦੂਰ ਦੇ ਰੁੱਖ ’ਤੇ ਨਿਗ੍ਹਾ ਟਿਕਾਉਣੀ। ਉਹਨੇ ਹੌਲ਼ੀ ਹੌਲ਼ੀ ਘੁੰਮਦੇ ਘੁੰਮਦੇ ਨੇ ਨੇੜੇ ਆਈ ਜਾਣਾ ਤੇ ਕੋਲ਼ ਦੀ ਸ਼ੂੰਅ ਕਰਕੇ ਨਿਕਲ਼ ਜਾਣਾ। ਨਾਲ਼ੋ ਨਾਲ਼ ਗੱਡੀ ਦੇ ਪਹੀਆਂ ਤੇ ਰੇਲਵੇ ਲੈਨ ਨੇ ਰਲ਼ ਕੇ ਸੰਗੀਤ ਸੁਣਾਉਣਾ: ਠੱਕ ਠਕਾ ਠੱਕ ਠੱਕ, ਠੱਕ ਠਕਾ ਠੱਕ ਠੱਕ। ਠੱਕ ਠਕਾ ਠੱਕ ਠੱਕ, ਠੱਕ ਠਕਾ ਠੱਕ ਠੱਕ। ਬੱਸ ਏਸੇ ਖੇਲ ਚ ਲੱਗੇ ਦਾ ਅੱਧਾ ਸਫ਼ਰ ਬੰਨੇ ਹੋ ਜਾਣਾ। ਮਾਂ ਨੇ ਵਰਜਣਾ। ਕਹਿਣਾ: ਸਿਰ ਅੰਦਰ ਕਰ ਲੈ। ਜਾਂ ਮੂੰਹ ਪਿੱਛੇ ਨੂੰ ਕਰ ਕੇ ਬੈਠ, ਇੰਜਣ ਵੱਲ ਨੂੰ ਨਾ ਕਰ। ਅੱਖ ਚ ਕੋਲ਼ਾ ਪੈ ਜਾਊਗਾ। ਉਹੋ ਗੱਲ ਹੋਣੀ। ਨਾਲ਼ੇ ਮੂੰਹ ਸਿਰ ਕਾਲ਼ਾ ਹੋ ਜਾਣਾ। ਨਾਲ਼ੇ ਅੱਖਾਂ ਚ ਕੋਲ਼ੇ ਦੇ ਨਿਕ-ਨਿਕੇ ਕੰਕਰ ਪੈ ਜਾਣੇ। ਇਹ ਬੜੇ ਰੜਕਣੇ। ਮੈਂ ਅੱਖਾਂ ਚੁੰਨ੍ਹੀਂਆਂ ਕਰਕੇ ਦੇਖੀ ਜਾਣਾ। ਪਰ ਮੂੰਹ ਓਧਰ ਹੀ ਰੱਖਣਾ। ਅੱਖਾਂ ਮਲ਼-ਮਲ਼ ਲਾਲ ਕਰ ਲੈਣੀਆਂ। ਮਾਂ ਨੇ ਕਹਿਣਾ: ਹੁਣ ਮਲ਼ੀ ਨਾ ਜਾਹ, ਜਖਮ ਹੋ ਜਾਣਗੇ। ਟੇਸ਼ਣ ’ਤੇ ਉੱਤਰ ਕੇ ਠੰਢੇ ਪਾਣੀ ਦੇ ਛਿੱਟੇ ਮਾਰੀਂ। ਅਰਸੇ ਬਾਅਦ ਇਹਦੀ ਜੁਗਤ ਵੀ ਆ ਗਈ। ਜਾਂ ਤਾਂ ਮਾਂ ਦੀ ਚੁੰਨੀ ਦਾ ਪੱਲਾ ਮੂੰਹ ’ਤੇ ਲੈ ਲੈਣਾ ਜਾਂ ਪੱਗ ਦਾ ਉਪਰਲਾ ਲੜ ਖੋਲ੍ਹ ਕੇ ਮੂੰਹ ਮੱਥਾ ਢਕ ਲੈਣਾ। ਬਹਿਣਾ ਮੂੰਹ ਇੰਜਣ ਵੱਲ ਨੂੰ ਕਰਕੇ ਹੀ। ਕੋਲ਼ੇ ਤੇ ਕਾਲ਼ੋਂ ਤੋਂ ਵੀ ਬਚ ਜਾਣਾ ਤੇ ਨਜ਼ਾਰਾ ਵੀ ਮਾਣ ਲੈਣਾ। ਬਣੇ ਸੁਆਰੇ ਪਾੜ੍ਹੇ ਮੁੰਡੇ ਜੁਆਨੀ ਦਾ ਸਬੂਤ ਦਿਸਦੇ। ਇਹ ਆਪਸ ਵਿਚ ਟਿੱਚਰਾਂ ਮਖੌਲ ਕਰਦੇ। ਖਰੂਦ ਕਰਦੇ। ਗੱਡੀ ਭਾਂਵੇ ਖ਼ਾਲੀ ਹੁੰਦੀ, ਪੜ੍ਹਾਕੂ ਮੁੰਡੇ ਦਰਵਾਜ਼ਿਆਂ ਚ ਖੜੇ ਹੀ ਰਹਿੰਦੇ।

ਰੇਲਵੇ ਲਾਈਨ ਦੇ ਆਲ਼ੇ ਦੁਆਲ਼ੇ ਪਿੰਡਾਂ ਚ ਵਸਦੇ ਲੋਕਾਂ ਦਾ ਆਵਾਜਾਈ ਤੋਂ ਬਿਨਾਂ ਵੀ ਰੇਲ ਗੱਡੀਆਂ ਨਾਲ਼ ਬੜਾ ਕੁਝ ਸਾਂਝਾ ਸੀ। ਸਵੇਰੇ ਪੰਜ ਵਜੇ ਵਾਲ਼ੀ ਗੱਡੀ ਨਾਲ਼ ਉੱਠਣਾ। ਕੰਮੀਂ-ਕਾਰੀਂ ਜੁਟਣਾ। ਜਾਂ ਕਹਿਣਾ: ਸਾਢੇ ਅੱਠ ਦੀ ਗੱਡੀ ਆ ਗਈ, ਚਲੋ ਨਿਆਣਿਓ ਤੁਰੋ ਸਕੂਲਾਂ ਨੂੰ। ਜਾਂ ਫਿਰ, ਲੈ ਬਈ ਸਾਢੇ ਗਿਆਰਾਂ ਵਾਲ਼ੀ ਆ ਗਈ, ਹੱਲਾ ਮਾਰ ਲਓ। ਬੀਬੀਆਂ ਨੇ ਕਹਿਣਾਂ: ਛੇਤੀ ਛੇਤੀ ਕੰਮ ਨਿਬੇੜ ਲਓ, ਨੌਂ ਦੀ ਗੱਡੀ ਆਉਣ ਵਾਲ਼ੀ ਆ। ਬੰਦਿਆਂ ਕਹਿਣਾ: ਲੈ ਬਈ ਆਹ ਕੰਮ ਡੇੜ ਵਾਲ਼ੀ ਗੱਡੀ ਤੋਂ ਪਹਿਲਾਂ ਪਹਿਲਾਂ ਕਰ ਲਈਏ, ਫਿਰ ਰੋਟੀ ਖਾਵਾਂਗੇ। ਨਿਆਣਿਆਂ ਨੂੰ ਉਡੀਕਦੀਆਂ ਮਾਵਾਂ ਨੇ ਕਹਿਣਾ: ਚਾਰ ਦੀ ਗੱਡੀ ਆ ਗਈ ਆਂ, ਨਿਆਣੇ ਘਰ ਮੁੜ ਕੇ ਆਏ ਨਹੀਂ ਅਜੇ। ਕਦੇ ਕਦੇ ਕਿਸੇ ਦੁਖੀਏ ਨੇ ਜੀਵਨ ਲੀਲਾ ਮੁਕਾ ਲੈਣੀ। ਰੇਲ ਗੱਡੀ ਮੋਹਰੇ ਸਿਰ ਨਿਵਾ ਦੇਣਾ। ਜੇ ਮੈਂ ਨਾਲ਼ ਨਾ ਜਾਣਾ ਤਾਂ ਮਾਂ ਬਾਪ ਨੇ ਗੱਡੀ ਦੇ ਟਿਕਟ ਲਿਆ ਕੇ ਮੈਨੂੰ ਦੇਣੇ – ਨਿਸ਼ਾਨੀ ਵਜੋਂ। ਨਿੱਕੇ ਹੁੰਦਿਆਂ ਇਹ ਗੱਲ ਵੱਡੀ ਲੱਗਣੀ। ਬਈ ਮੇਰੇ ਕੋਲ਼ ਰੇਲ ਗੱਡੀ ਦਾ ਟਿਕਟ ਹੈ। ਸਮੇਂ ਸਮੇਂ ਦੀ ਗੱਲ ਹੈ; ਹੁਣ ਸੋਚੀਦਾ ਹੈ ਬਈ ਅਸੀਂ ਚੱਲੀ ਹੋਈ ਟਿਕਟ ਨਾਲ਼ ਹੀ ਵਰਚ ਜਾਈਦਾ ਸੀ।

ਪਹਿਲੀਆਂ ਚ ਆਸ਼ਕਾਂ-ਮਸ਼ੂਕਾਂ ਲਈ ਗੱਡੀਆਂ ਦੇ ਟੈਮਾਂ ਦਾ ਵੱਡਾ ਆਸਰਾ ਹੁੰਦਾ ਸੀ। ਇਨ੍ਹਾਂ ਦੇ ਹਿਸਾਬ ਨਾਲ਼ ਮੇਲ ਮਿਥਿਆ ਜਾਂਦਾ ਸੀ। ਅਗਲੇ ਨੇ ਕਹਿਣਾ: ਚਾਰ ਦੀ ਗੱਡੀ ਨਾਲ਼ ਮੈਂ ਫਲਾਨੀ ਥਾਂ ਤੇ ਮਿਲੂਗਾਂ, ਤੂੰ ਵੀ ਓਥੇ ਆ ਜਾਈਂ। ਵਸਲ ਦੀਆਂ ਗੱਲਾਂ ਹੋਣੀਆਂ ਜਾਂ ਵਸਲ। ਨਾਨਕਿਆਂ ਦੀ ਮੰਨੀ ਹੋਈ ਗੱਲ ਹੈ ਕਿ ਕੋਈ ਪ੍ਰੇਮੀ ਜੋੜਾ ਰਾਤ ਨੂੰ ਬੁੱਕਲ਼ ਦੇ ਨਿੱਘ ਚ ਗੁਆਚ ਗਿਆ। ਸਵੇਰੇ ਚਾਰ ਦੀ ਗੱਡੀ ਨੇ ਕੂਕ ਮਾਰੀ ਤਾਂ ਭਾਈ ਨੂੰ ਜਾਗ ਆਈ। ਉਹ ਡਰਿਆ ਉੱਠ ਕੇ ਭੱਜਿਆ। ਰੇਲ ਦਾ ਧੰਨਬਾਦ ਕਰੇ: ਬਚਾ ਲਏ ਈ ਗੱਡੀਏ, ਚਾਰ ਵਾਲ਼ੀਏ। ਨਹੀਂ ਤਾਂ ਇਕ ਹੋਰ ਮਿਰਜਾ ਸੁੱਤਾ ਹੀ ਮਾਰਿਆ ਜਾਣਾ ਸੀ।

ਥਾਬਲ਼ਕੇ ਟੱਪ ਕੇ ਜਦੋਂ ਵੇਈਂ ਉੱਤੋਂ ਦੀ ਲੰਘਣਾ ਤਾਂ ਬੜਾ ਆਸਰਾ ਹੋ ਜਾਣਾ। ਲੈ ਬਈ ਨਾਨਕਿਆਂ ਦੀ ਹੱਦ ਸ਼ੁਰੂ ਹੋ ਗਈ। ਮਾਂ ਨੇ ਕੋਈ ਪੈਸਾ ਦੇਣਾ, ਖ਼ਵਾਜੇ ਖ਼ਿਜ਼ਰ ਨੂੰ ਮੱਥਾ ਟੇਕਣ ਲਈ। ਉਦੋਂ ਵੇਈਂ ਦਾ ਪਾਣੀ ਬੜਾ ਸਾਫ਼ ਹੁੰਦਾ ਸੀ; ਏਨਾ ਸਾਫ਼ ਕਿ, ਬਈ ਗੱਡੀ ਚ ਬੈਠਿਆਂ ਨੂੰ ਮੱਛੀਆਂ, ਕੱਛੂ ਤਰਦੇ ਦਿਸ ਜਾਣੇ। ਉੱਤੇ ਬੈਠਿਆਂ ਨੂੰ ਹੇਠਾਂ ਪਾਣੀ ਚ ਸੁੱਟੇ ਪੈਸੇ ਚਿਲਕਦੇ ਦਿਸਣੇ। ਲਿਸ਼ਕੋਰਾਂ ਮਾਰਦੇ। ਕਿਸੇ ਕਿਸੇ ਭਲੇ ਰੇਲ ਡਰੈਵਰ ਨੇ ਗੱਡੀ ਰੋਕ ਦੇਣੀ ਜਾਂ ਬਿਲਕੁਲ ਹੌਲ਼ੀ ਕਰ ਦੇਣੀ। ਸਵਾਰੀਆਂ ਨੇ ਮਾਰੋ ਮਾਰ ਵੇਈਂ ਚ ਪੈਸੇ ਸੁੱਟਣੇ। ਇਕ ਦੂਜੇ ਦੇ ਉੱਤੋਂ ਦੀ ਹੋ ਹੋ ਕੇ। ਕਈਆਂ ਬੀਬੀਆਂ ਨੇ ਗੱਡੀ ਚ ਬੈਠਿਆਂ ਹੀ ਖ਼ਵਾਜੇ ਨੂੰ ਨਮਸਕਾਰੀ ਕਰ ਲੈਣੀ। ਰੌਲ਼ਿਆ ਤੋਂ ਪਹਿਲਾਂ ਇਹ ਪੁਲ਼ ਵੀ ਟੁਟ ਗਿਆ ਸੀ। ਭਲੀ ਕਿਸਮਤ ਨੂੰ ਇਹ ਛੇਤੀ ਹੀ ਬਣ ਗਿਆ। ਉਦੋਂ ਵੇਈਂ ਦਾ ਪਾਣੀ ਏਨਾ ਸਾਫ਼ ਹੁੰਦਾ ਸੀ ਕਿ ਲੋਕ ਪੀ ਵੀ ਲੈਂਦੇ ਸੀ। ਹੁਣ ਇਹੀ ਵੇਈਂ, ਜਲੰਧਰ ਤੇ ਫਗਵਾੜੇ ਦੇ ਗੰਦ ਨਾਲ਼ ਭਰੀ ਹੋਈ ਹੈ। ਗੰਦਾ ਪਾਣੀ ਦੂਰ ਦੂਰ ਤਾਈਂ ਬੋਅ ਮਾਰਦਾ ਹੈ। ਇਹਦਾ ਨਾਂ ਤਾਂ ਚਿੱਟੀ ਵੇਈਂ ਹੈ ਪਰ ਚਿੱਟਾ ਇਹਦਾ ਕੁਝ ਵੀ ਨਹੀਂ। ਉੱਤੇ ਗਾੜ੍ਹੀ ਹਰੀ ਬੂਟੀ ਜੰਮੀ ਰਹਿੰਦੀ ਹੈ। ਕੋਲ਼ ਦੀ ਲੰਘਣਾ ਔਖਾ ਹੈ।

ਜਦੋਂ ਸੌਣ ਭਾਦੋਂ ਦੇ ਮੀਂਹ ਪੈਣੇ, ਵੇਈਂ ਚੜ੍ਹ ਜਾਣੀ। ਕਈ ਵਾਰੀ ਕੰਢਿਆਂ ਤੱਕ ਆ ਜਾਣੀ। ਪੁਲਾਂ ਤੋਂ ਬਿਨਾਂ ਨਾ ਸਰਨਾ। ਇਨ੍ਹਾਂ ਦਿਨਾਂ ਚ ਹਿਰਨਾਂ ਦੀਆਂ ਡਾਰਾਂ ਕਿਤਿਓਂ ਆ ਜਾਣੀਆਂ। ਇਹਨਾਂ ਟਿੱਬਿਆਂ ਚ ਹਿਰਨਾਂ ਨੇ ਕਾਹੀ ਖਾਣੀ। ਚੁੰਗੀਆਂ ਭਰਨੀਆਂ। ਮਸਤੀਆਂ ਕਰਨੀਆਂ। ਕਿਤੇ ਕਿਤੇ ਖੜੀ ਫ਼ਸਲ ਨੂੰ ਵੀ ਮੂੰਹ ਮਾਰਨਾ। ਜਦੋਂ ਗੱਡੀ ਆਉਣੀ, ਹਿਰਨਾਂ ਨੇ ਚੌਕਸ ਹੋ ਜਾਣਾ। ਖੜੇ ਹੋ ਜਾਣਾ। ਬੂਥੀਆਂ ’ਤਾਂਹ ਨੂੰ ਚੁੱਕ ਲੈਣੀਆਂ। ਕੰਨ ਖੜੇ ਕਰ ਲੈਣੇ। ਕਈ ਵਾਰ ਐਵੇਂ ਹੀ ਭੱਜ ਤੁਰਨਾ। ਹਿਰਨਾਂ ਦੇ ਝੁੰਡ ਥਾਬਲ਼ਕਿਆਂ ਵਾਲ਼ੇ ਪਾਸੇ ਹੀ ਰਹਿੰਦੇ ਸੀ। ਪਾਣੀ ਟੱਪ ਕੇ ਦੂਜੇ ਪਾਸੇ ਕਦੇ ਨਾ ਜਾਂਦੇ। ਜੇ ਕੋਈ ਭੁੱਲ ਕੇ ਚਲਿਆ ਜਾਂਦਾ ਤਾਂ ਪਿੰਡਾਂ ਦੇ ਕੁੱਤੇ ਪਾੜ ਸੁੱਟਦੇ ਤੇ ਜਾਂ ਸ਼ਿਕਾਰੀ ਫੁੰਡ ਲੈਂਦੇ।

ਲੰਮੇ ਸਾਰੇ ਪੁਲ਼ ਦੇ ਐਨ ਵਿਚਾਲ਼ੇ ਕਰਕੇ ਇਕ ਪਾਸੇ ਨੂੰ ਵਾਧੂਰਾ ਕਰਕੇ ਥੜ੍ਹਾ ਬਣਾਇਆ ਹੋਇਆ ਸੀ। ਇਹ ਹਿਫ਼ਾਜ਼ਤੀ ਪ੍ਰਬੰਧ ਸੀ। ਪੰਜ ਸੱਤ ਬੰਦਿਆਂ ਦੇ ਖੜੋਣ ਨੂੰ। ਰੇਲਵੇ ਦੇ ਕਾਮਿਆਂ ਜਾਂ ਪੁਲ਼ ਪਾਰ ਕਰਦਿਆਂ ਕਰਦਿਆਂ ਨੂੰ ਗੱਡੀ ਆ ਜਾਣੀ, ਤਾਂ ਇਨ੍ਹਾਂ ਨੇ ਇਸ ਵਾਧਰੇ ਚ ਵੜ ਜਾਣਾ। ਗੱਡੀ ਲੰਘ ਜਾਣੀ ਤਾਂ ਫਿਰ ਪੁਲ਼ੇ ਪੈ ਕੇ ਲੰਘ ਜਾਣਾ। ਵਾਗੀ ਮੁੰਡਿਆਂ ਲਈ ਇਹ ਖੇਡ ਹੁੰਦੀ ਸੀ। ਇਨ੍ਹਾਂ ਦੂਰੋਂ ਗੱਡੀ ਆਉਂਦੀ ਦੇਖ ਲੈਣੀ। ਇਹਦੇ ਪੁਲ਼ ’ਤੇ ਪਹੁੰਚਣ ਤੋਂ ਪਹਿਲਾਂ ਪਹਿਲਾਂ ਭੱਜਕੇ ਵਾਧਰੇ ਚ ਜਾ ਵੜਨਾ। ਡਰੈਵਰਾਂ ਨੂੰ ਵੀ ਪਤਾ ਸੀ ਕਿ ਮੁੰਡੇ ਇੱਲਤੀ ਆ। ਉਨ੍ਹਾਂ ਨੇ ਵੀ ਸੀਟੀ ਤੇ ਸੀਟੀ ਮਾਰੀ ਆਉਣੀ। ਬਈ ਕਿਤੇ ਕੋਈ ਚੰਗੀ ਮਾੜੀ ਨਾ ਹੋ ਜਾਵੇ। ਇਕ ਵਾਰੀ ਮਿਸਤਰੀਆਂ ਦਾ ਕੋਈ

ਮੁੰਡਾ ਪੱਠਿਆ ਦੀ ਭਰੀ ਚੱਕੀ ਆਉਂਦਾ ਵੇਈਂ ਵਾਲ਼ੇ ਪੁਲ ਤੇ ਘੇਰਿਆ ਗਿਆ ਸੀ। ਪਿੱਛਿਓਂ ਆਉਂਦੀ ਗੱਡੀ ਨਾ ਇਹਨੂੰ ਦਿਸੀ, ਨਾ ਇਹਨੇ ਸੁਣੀ। ਗੱਡੀ ਉੱਪਰ ਦੀ ਲੰਘ ਗਈ। ਸਰੀਰ ਦੇ ਚੀਥੜੇ ਕਰ ਸੁੱਟੇ। ਘਰਦਿਆਂ ਨੇ ਅੰਗ ਕੱਠੇ ਕਰਕੇ ਸੰਸਕਾਰ ਕੀਤਾ।

ਨਾਨਕੀਂ ਗਿਆਂ ਹਾਣ ਪਰਵਾਣ ਛੱਡ ਕੇ ਆਉਣ ਨੂੰ ਚਿਤ ਨਾ ਕਰਨਾ। ਵੱਡੇ ਮਾਮੇ ਦੇ ਪੁੱਤ ਨਾਲ਼ ਮੇਰੀ ਜੁਜ਼ ਰਲ਼ਦੀ ਸੀ। ਸਾਡਾ ਮਨ ਇਕ ਦੂਜੇ ਤੋਂ ਵਿਛੜਣ ਨੂੰ ਨਾ ਕਰਨਾ। ਅਸੀਂ ਦੋਵੇਂ ਨਿਆਣਪੁਣੇ ਦੀਆਂ ਗੱਲਾਂ ਕਰਦੇ-ਕਰਦੇ ਜੁਆਨ ਹੋ ਗਏ। ਸਿਨਮੇ ਚ ਪਹਿਲੀ ਫਿਲਮ ਵੀ ਮੈਂ ਤੇ ਬਿੱਲੇ ਨੇ ਕੱਠਿਆਂ ਦੇਖੀ ਸੀ। ਪੈਸੇ ਵੱਡੇ ਮਾਮੇ, ਗੁਰਮੇਜ, ਨੇ ਦਿੱਤੇ ਸੀ। ਮਾਮਾ ਕਹਿੰਦਾ: ਜਾਓ ਦੋਵੇਂ ਜਣੇ ਫਿਲਮ ਦੇਖ ਆਓ, ਪਰ ਦਿਨੇ ਦਿਨੇ ਮੁੜ ਕੇ ਘਰ ਆਇਓ। ਅਸੀਂ ਦੋਵੇਂ ਸਾਈਕਲ ’ਤੇ ਜਲੰਧਰ ਛਾਉਣੀ ਦੇ ਕਿਸੇ ਸਿਨਮੇ ਗਏ। ਮੇਰੇ ਲਈ ਇਹ ਅਜਬ ਨਜ਼ਾਰਾ ਸੀ। ਪਹਿਲੀ ਵਾਰੀ ਡਿੱਠਾ। ਬੜੀ ਚਿਰ ਮਨ ਹੁਲਾਸ ਚ ਰਿਹਾ।

ਨਾਨਕਿਆਂ ਤੋਂ ਮੁੜਨ ਨੂੰ ਚਿੱਤ ਨਾ ਕਰਨਾ। ਮਾਂ ਨੂੰ ਘਰ ਦਾ ਵੀ ਫ਼ਿਕਰ ਹੁੰਦਾ ਸੀ। ਨਾਲ਼ ਮੈਨੂੰ ਚੇਤੇ ਕਰਾਈ ਜਾਣਾ: ਤੈਂ ਸਕੂਲੇ ਵੀ ਜਾਣਾ। ਜਾਂ ਤੈਂ ਸਕੂਲ ਦਾ ਕੰਮ ਵੀ ਕਰਨਾਂ। ਨਾਨੀ ਨੇ ਕਹੀ ਜਾਣਾ: ਕੋਈ ਨਹੀਂ ਚਲੇ ਜਾਇਓ; ਕਬੀਲਦਾਰੀ ਵਾਲੇ ਘਰੋਂ ਕਿਹੜਾ ਰੋਜ ਰੋਜ ਨਿਕਲ਼ ਹੁੰਦਾ। ਸਾਲ ਬਾਅਦ ਤਾਂ ਅੱਗੇ ਆਏ ਆਂ। ਮਾਂ ਦਾ ਮਨ ਆਪ ਵੀ ਬਹੁਤਾ ਕਾਹਲ਼ਾ ਨਹੀਂ ਸੀ ਹੁੰਦਾ। ਫਿਰ ਬੱਸਾਂ ਤੁਰ ਪਈਆਂ। ਭੀਂ ਭੀਂ ਕਰਦੀਆਂ। ਲੋਕਾਂ ਨੂੰ ਇਨ੍ਹਾਂ ਦਾ ਭੁੱਸ ਪੈ ਗਿਆ। ਰੇਲ ਗੱਡੀ ਦੀ ਸ਼ਾਹੀ ਸਵਾਰੀ ਨਕਾਰ ਦਿੱਤੀ। ਬੱਸਾਂ ਚ ਧੱਕੇ ਖਾਣੇ ਸ਼ੁਰੂ ਕਰ ਦਿੱਤੇ। ਏਸ ਲਾਈਨ ’ਤੇ ਗੱਡੀ ਚ ਹੁਣ ਮੁਫ਼ਤਖ਼ੋਰੇ ਸਾਧ ਚੜ੍ਹਦੇ ਨੇ, ਜਾਂ ਦੋਧੀ। ਕੋਈ ਵਿਰਲ਼ੀ ਵਿਰਲ਼ੀ ਲੋੜਵੰਦ ਸਵਾਰੀ।

ਨਾਨਾ ਤੇ ਨਾਨੀ ਕੰਮ ਵਾਲ਼ੇ ਜੀਅ ਸੀ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲ਼ੇ। ਨਾਨਾ ਮਧਰਾ ਸੀ। ਕਣਕ ਵੰਨੇ ਰੰਗ ਦਾ। ਨਾਨੀ ਗੋਰੀ ਨਿਸ਼ੋਹ ਸੀ। ਪਤਲੀ, ਲੰਮ-ਸੁਲੰਮੀ। ਕਦੋਂ ਦੇ ਤੁਰ ਗਏ ਹਨ। ਮਾਂ ਦਾ ਜੀਅ ਪੇਕਿਓਂ ਤੁਰਨ ਨੂੰ ਨਾ ਕਰਨਾ। ਸਿਆਣਿਆਂ ਗੱਲ ਬਣਾਈ ਹੋਈ ਹੈ ਕਿ ਪੇਕੀਂ ਗਈ ਤੀਵੀਂ ਤੇ ਛੱਪੜ ਚ ਵੜੀ ਮੱਝ, ਮਰਜ਼ੀ ਨਾਲ਼ ਹੀ ਨਿਕਲ਼ਦੀਆਂ ਹੁੰਦੀਆਂ। ਜੇ ਅਣਚਾਹੇ ਮਨ ਨਾਲ ਨਾਨਕੇ ਘਰੋਂ ਤੁਰ ਹੀ ਪੈਣਾ ਤਾਂ ਬਹੁਤੀ ਵਾਰ ਨਾਨਕ ਪਿੰਡੀ ਕੋਲ਼ ਜਾਂਦਿਆਂ ਨੂੰ ਗੱਡੀ ਨਿਕਲ਼ ਜਾਣੀ। ਕਈ ਵਾਰੀ ਕਿਸੇ ਭਲੇ ਡਰੈਵਰ ਨੇ ਲਾਗੇ ਆਉਂਦਿਆਂ ਨੂੰ ਦੇਖ ਗੱਡੀ ਰੋਕ ਵੀ ਲੈਣੀ। ਕਈ ਵਾਰੀ ਪਿੱਛੇ ਨਾਨਕੀਂ ਮੁੜ ਜਾਣਾ ਤੇ ਕਦੇ ਕਦੇ ਮਸੋਸੇ ਮਨ ਨਾਲ਼ ਸ਼ਟੇਸ਼ਨ ’ਤੇ ਜਾ ਬਹਿਣਾ। ਅਗਲੀ ਗੱਡੀ ਦੀ ਉਡੀਕ ਕਰਨੀ

ਨਾਨਕਿਆਂ ਦਾ ਚਾਅ ਕਿਤੇ ਲੁਕਿਆ ਹੋਇਆ ਹੈ – ਵਿਚ ਵਿਚ ਹੱਲਾ ਮਾਰ ਕੇ ਉੱਠਦਾ ਹੈ। ਫਿਰ ਹਉਕੇ ਜਿਹਾ ਬਹਿ ਜਾਂਦਾ ਹੈ। ◆

# ਸਵਰਨਾ ਫ਼ੌਜੀ

ਮੇਰੇ ਬਾਪ ਦੇ ਮਾਮੇ ਦਾ ਪੁੱਤ ਸੀ, ਸਵਰਨਾ। ਇਹ ਡਾਢਾ ਅੱਥਰਾ ਸੀ। ਮੇਰਾ ਹਾਣ-ਪ੍ਰਵਾਣ ਈ ਸੀ। ਮੇਰੇ ਬਾਪ ਦੇ ਤਿੰਨ ਮਾਮੇ ਸੀ – ਸ਼ਾਦੀ, ਬਿਸ਼ਨਾ ਤੇ ਕਿਸ਼ਨਾ। ਇਹ ਸਾਰਿਆ ਤੋਂ ਛੋਟੇ ਕਿਸ਼ਨੇ ਦਾ ਪੁੱਤ ਸੀ। ਕਿਸ਼ਨਾ ਮੇਰੀ ਦਾਦੀ ਦਾ ਲਾਡਲਾ ਭਰਾ ਸੀ। ਪੇਟ ਘਰੋੜੀ ਦਾ। ਦਾਦੀ ਨੇ ਰੋਟੀਆਂ ਪਕਾਉਂਦੀ ਨੇ ਕਦੇ ਕਦੇ ਬਾਤ ਪਾਉਣੀ ਕਿ ਜਦੋਂ ਬੀਬੀ ਨਾਨਕੀ ਦੀ ਵੀਰ ਨਾਨਕ ਨੂੰ ਮਿਲਣ ਦੀ ਰੂਹ ਹੋਣੀ ਤਾਂ, ਰੋਟੀਆਂ ਲਾਹੁੰਦੀ ਨੇ ਉਹਨੇ ਕਹਿਣਾ: ਅੱਜ ਤਵੇ ਤੇ ਮੇਰਾ ਫੁਲਕਾ ਫੁੱਲਦਾ ਹੈ। ਵੀਰਾ ਨਾਨਕ ਜਰੂਰ ਆਊਗਾ। ਓਹੋ ਹੀ ਗੱਲ ਹੋਣੀ। ਫਿਰਦੇ ਤੁਰਦੇ ਬਾਬੇ ਨਾਨਕ ਨੇ ਆ ਧਮਕਣਾ। ਇਹੀ ਜੁਗਤ ਮੇਰੀ ਦਾਦੀ ਨੇ ਵੀ ਵਰਤਣੀ ਤੇ ਕਦੇ-ਕਦੇ ਬਾਬੇ ਕਿਸ਼ਨੇ ਨੇ ਆ ਵੀ ਜਾਣਾ। ਨਾਲ਼ ਹੀ ਇਹਦਾ ਪੁੱਤ ਸਵਰਨਾ ਵੀ ਹੋਣਾ। ਇਹਦੇ ਆਏ ਦਾ ਨਾ ਮੈਨੂੰ ਚਾਅ ਹੋਣਾ ਨਾ ਗ਼ਮ। ਬੜਾ ਈ ਅਜੀਬ ਲੱਗਣਾ। ਦਾਦੀ ਨੇ ਮੈਨੂੰ ਸਮਝਾਉਣਾ: ਇਹ ਮਾਂ ਮਹਿੱਟਰ ਆ। ਮਨ ਚ ਇਹਦੇ ਬਾਰੇ ਬੁਰੀ ਗੱਲ ਨਹੀਂ ਲਿਆਉਣੀ। ਬਾਅਦ ਚ ਪਤਾ ਲੱਗਾ ਕਿ ਸਵਰਨੇ ਤੋਂ ਇਕ ਛੋਟਾ ਵੀ ਸੀ – ਮੋਹਣਾ। ਇਨ੍ਹਾਂ ਦੀ ਮਾਂ ਇਨ੍ਹਾਂ ਨੂੰ ਛੱਡ ਕੇ ਚਲੀ ਗਈ ਸੀ। ਛੋਟੇ ਮੋਹਣੇ ਨੂੰ ਆਵਦੇ ਨਾਲ਼ ਲੈ ਗਈ ਸੀ। ਇਹ ਗੱਲ ਕਿੰਨਾ ਚਿਰ ਦੱਬੀ ਰਹੀ ਸੀ।

ਜਦੋਂ ਇਨ੍ਹਾਂ ਨੇ ਸਾਡੇ ਕੋਲ਼ ਰਹਿਣਾ ਤਾਂ ਅਸੀਂ ਇੱਕੋ ਜਮਾਤੇ ਪੜ੍ਹਨਾ। ਮੇਰੇ ਬਾਪ ਦਾ ਜ਼ੋਰ ਲੱਗਾ ਰਹਿਣਾ ਕਿ ਸਵਰਨਾ ਵੀ ਚਾਰ ਅੱਖਰ ਪੜ੍ਹ ਜਾਵੇ। ਕਿਤੇ ਇਹਦੇ ਕੰਮ ਆਉਣਗੇ। ਇਹਨੇ ਤਾਂ ਸ਼ਾਇਦ ਕੋਈ ਸਹੁੰ ਖਾਧੀ ਹੋਈ ਸੀ, ਕਿ ਪੜ੍ਹਨਾ ਨਹੀਂ। ਇਹਨੇ ਹੋਰਨਾਂ ਦੀਆਂ ਵੀ ਲੱਤਾਂ ਖਿੱਚਣੀਆਂ। ਕਦੇ ਝੱਲ ਚ ਜਾ ਕੇ ਲੁਕ ਜਾਣਾ। ਨਿਆਣੇ 'ਕੱਠੇ ਕਰਕੇ ਸਿਵਿਆਂ ਵੱਲ ਨੂੰ ਲੈ ਤੁਰਨੇ। ਕਦੇ ਉੱਚੇ ਰੁੱਖੀਂ ਜਾ ਚੜ੍ਹਨਾ। ਕਦੇ ਲੋਕਾਂ ਦੇ ਪਸ਼ੂ ਖੋਲ੍ਹ ਦੇਣੇ। ਕਿਸੇ ਦੇ ਕੁੱਤੇ ਦੀ ਲੱਤ ਭੰਨ ਦੇਣੀ। ਲੋਕਾਂ ਦੇ ਨਿਆਣੇ ਕੁੱਟੀ ਜਾਣੇ – ਕਿਸੇ ਦਾ ਝੱਗਾ ਪਾੜ ਦੇਣਾ, ਕਿਸੇ ਦੀਆਂ ਕਾਪੀਆਂ ਪਾੜ ਦੇਣੀਆਂ। ਕਿਸੇ ਦੀ ਕੁੱਕੜੀ ਮਾਰ ਦੇਣੀ। ਕਿਸੇ ਦੇ ਕੁੱਪ ਨੂੰ ਅੱਗ ਲਾ ਦੇਣੀ। ਸਾਰੇ ਦੇ ਸਾਰੇ ਕੰਮ ਪੁੱਠੇ। ਜਾਣੀ ਕਿ ਖ਼ੈਰ ਭਲੀ। ਕਦੇ ਕਦੇ ਤਾਂ ਸ਼ਾਤੀ ਦੀ ਮੂਰਤ ਮੇਰੀ ਦਾਦੀ ਨੇ ਵੀ ਖਿਝ ਕੇ ਕਹਿ ਦੇਣਾ ਬਈ: ਇਹ ਕਮੂਤ ਦੀ ਮਾਰ, ਜ਼ਰੂਰ ਕਿਸੇ ਪੁੱਠੇ ਦਿਨ ਦਾ ਜੰਮਿਆ ਹੋਇਆ; ਕੋਈ ਸਿੱਧਾ ਕੰਮ ਹੀ ਨਹੀਂ ਕਰਦਾ। ਇਹ ਗੱਲਾਂ ਦਾਦੀ ਨੇ ਅਪਣੇ ਭਰਾ ਸਾਹਵੇਂ ਬਿਲਕੁਲ ਨਾ ਕਰਨੀਆਂ। ਉਹ ਤਾਂ ਪਹਿਲਾਂ ਹੀ ਦੁਖੀਆ ਸੀ। ਇਹਤੋਂ ਵੀ ਸਤਿਆ ਹੋਇਆ ਸੀ।

ਸਵਰਨੇ ਨੇ ਅਪਣੇ ਬਾਪ ਦੇ ਕਿਤੇ ਵੀ ਪੈਰ ਨਾ ਲੱਗਣ ਦਿੱਤੇ। ਬੱਸ ਚੱਕੀ ਗੇੜਾ ਬੰਨੀ ਰੱਖਿਆ। ਏਧਰੋ ਓਧਰ, ਓਧਰੋਂ ਏਧਰ। ਓਥੇ ਕਹਿਣਾ: ਚਾਚੇ ਤਾਏ ਦੇ ਪੁੱਤ ਮਾੜਾ ਸਮਝਦੇ ਆ। ਮੈਂ ਏਥੇ ਨਹੀਂ ਰਹਿਣਾ। ਬਾਬੇ ਕਿਸ਼ਨੇ ਨੇ ਕਹਿਣਾ: ਦੱਸ ਫੇ ਕਿੱਥੇ ਚੱਲੀਏ। ਪੇ ਪੁੱਤ ਨੇ ਫਿਰ ਟਿੰਡ ਫਹੁੜੀ ਚੱਕਣੀ। ਜਿੱਥੇ ਸਵਰਨੇ ਦਾ ਮਨ ਹੋਣਾ ਓਥੇ ਈ ਜਾ ਧਮਕਣਾ। ਫਿਰ ਜਿੰਨਾ ਚਿਰ ਇਹਦਾ ਮਨ ਓਥੋਂ ਉਚਾਟ ਨਾ ਹੋਣਾ, ਟਿਕੇ ਰਹਿਣਾ। ਇਹ ਇਹਦੀ ਰਜ਼ਾ ਮਰਜ਼ੀ ਤੇ ਸੀ। ਬਾਬਾ ਤਾਂ ਵਿਚਾਰਾ ਸੀ। ਕਦੀ-ਕਦੀ ਉਹਨੇ ਖ਼ਫ਼ਾ ਹੋ ਕੇ ਕਹਿ ਦੇਣਾ: ਇਸ ਮੁੰਡੇ ਨੇ ਮੈਨੂੰ ਟਿਕ ਕੇ ਕਿਤੇ ਮਰਨ ਵੀ ਨਹੀਂ ਦੇਣਾ। ਉਹਦੇ ਮੂੰਹੋਂ ਸਹਿ ਸੁਭਾਅ ਨਿਕਲ਼ੀ ਗੱਲ ਸਹੀ ਹੋ ਗਈ। ਇਹਨੇ ਸਾਲ ਦੋ ਸਾਲ ਮਸੀਂ ਇਕ ਥਾਂ ਟਿਕ ਕੇ ਬਹਿਣਾ, ਤੇ ਇਹਨੇ ਫਿਰ ਬਾਬੇ ਨੂੰ ਪੱਟ ਤੁਰਨਾ। ਬਾਬਾ ਕਿਸ਼ਨਾ ਇਹਦੇ ਹੱਥੋਂ ਸਾਰੀ ਉਮਰ ਔਖਾ ਈ ਰਿਹਾ। ਦੁਖੀ ਹੋ ਕੇ ਮਰਿਆ। ਇਕ ਹਿਸਾਬ ਨਾਲ਼ ਵਿਚਾਰੇ ਦੀ ਜਾਨ ਖਲਾਸੀ ਹੀ ਹੋਈ। ਸੱਭ ਕਸ਼ਟ ਕੱਟੇ ਗਏ ਸੀ।

ਸਵਰਨੇ ਨੇ ਪੜ੍ਹਨਾ ਕਿੱਥੋਂ ਸੀ। ਟਿਕ ਕੇ ਤਾਂ ਕਿਤੇ ਬਹਿੰਦਾ ਨਹੀਂ ਸੀ। ਅਖ਼ੀਰ 1972 ਕੁ ਚ ਇਹ ਵੱਧ ਉਮਰ ਲਿਖਾ ਕੇ ਫ਼ੌਜ ਚ ਜਾ ਭਰਤੀ ਹੋਇਆ। ਸਾਰਿਆਂ ਤੋਂ ਚੋਰੀ। ਸਭ ਹੈਰਾਨ ਪ੍ਰਸ਼ਾਨ। ਪਰ ਅੰਦਰੋਂ ਸਾਰੇ ਖ਼ੁਸ਼ ਸੀ। ਚਲੋ ਕਿਸੇ ਆਹਰੇ ਲੱਗ ਗਿਆ। ਜੂਨ ਸੁਆਰੀ ਜਾਊ; ਸਰਕਾਰੀ ਨੌਕਰੀ ਸੀ। ਨਾਲ਼ੇ ਪੱਕੀ। ਉਮਰ ਦੀਆਂ ਰੋਟੀਆਂ। ਮਿਲਟਰੀ ਚ ਡਿਸਿਪਲਿਨ ਤਾਂ ਕੀ ਸਿੱਖਣਾ ਸੀ, ਇਹ ਸਗੋਂ ਹੋਰ ਅਵੈੜਾ ਹੋ ਗਿਆ। ਛੁੱਟੀ ਆਉਣਾ ਤਾਂ ਸ਼ਰਾਬ ਪੀ ਕੇ ਲੜਾਈਆਂ ਕਰਨੀਆਂ। ਜਲੰਧਰ ਛਾਉਣੀਓਂ ਫ਼ੌਜੀ ਕੋਟੇ ਦੀ ਸਸਤੀ ਸ਼ਰਾਬ ਲਿਆ ਕੇ ਜਮ੍ਹਾਂ ਕਰੀ ਰੱਖਣੀ। ਐਵੇਂ ਕੋਈ ਨਾ ਕੋਈ ਚੀਜ਼ ਦਿਖਾ ਕੇ ਲੋਕਾਂ ਨੂੰ ਧਮਕੀਆਂ ਦੇਣੀਆਂ: ਐਤਕੀਂ ਮੈਂ ਬੰਬ ਗ੍ਰਨੇਡ ਵੀ ਨਾਲ਼ ਲੈ ਕੇ ਆਇਆਂ। ਜ਼ਰਾ ਦੇਖਿਓ ਮੇਰੇ ਹੱਥ। ਪਟਾਕੇ ਦੇਖਿਓ ਕਿੱਦਾਂ ਪੈਂਦੇ ਆ। ਲਾਸ਼ਾਂ ਦੇ ਢੇਰ ਲਾ ਕੇ ਜਾਊਂ, ਬੱਚੂ। ਐਤਕੀਂ ਮੈ ਅਗਲੇ ਪਿਛਲੇ ਸਾਰੇ ਹਿਸਾਬ ਪੂਰੇ ਕਰਕੇ ਜਾਣੇ ਆਂ। ਤੁਰੇ ਜਾਂਦੇ ਕਿਸੇ ਸ਼ਰੀਫ਼ ਨੂੰ ਗਾਲ੍ਹਾਂ ਦੀ ਵਾਛੜ ਕਰ ਦੇਣੀ। ਫ਼ੌਜ ਚ ਜਾ ਕੇ ਇਹਦਾ ਰਹਿੰਦਾ ਡਰ ਵੀ ਲਹਿ ਗਿਆ ਸੀ। ਲੋਕਾਂ ਤੇ ਵਰਦੀ ਦਾ ਰੋਬ੍ਹ ਵੀ ਪੈ ਜਾਂਦਾ ਸੀ।

ਪਿੰਡ ਆ ਕੇ ਵੀ ਇਹਨੇ ਫ਼ੌਜੀ ਵਰਦੀ ਚੜ੍ਹਾਈ ਰੱਖਣੀ। ਭਰ ਗਰਮੀਆਂ ਵਿਚ ਵੀ। ਇਹਨੇ ਸੜਕ ਦੇ ਵਿਚਾਲ਼ੇ ਬਾਹਾਂ ਖਿਲਾਰ ਕੇ ਖੜੋ ਜਾਣਾ। ਹੱਥ ਹਿਲਾ ਹਿਲਾ ਕੇ ਧੱਕੇ ਨਾਲ ਬੱਸ ਰੁਕਵਾ ਲੈਣੀ। ਪਟਰ ਪਟਰ ਹਿੰਦੀ ਬੋਲਣੀ। ਇਹਦਾ ਦਾਬਾ ਪੈ ਜਾਣਾ। ਬੱਸਾਂ ਵਾਲ਼ਿਆਂ ਅੱਵਲ ਤਾਂ ਇਹਨੂੰ ਟਿਕਟ ਪੁੱਛਣੀ ਹੀ ਨਾ। ਜੇ ਕਿਸੇ ਪੁੱਛ ਬਹਿਣੀ, ਤਾਂ ਇਹਨੇ ਉਨ੍ਹਾਂ ਦੀ ਡੰਡ ਲਾਹ ਦੇਣੀ। ਗੱਲ ਸ਼ੁਰੂ ਹੀ ਏਥੋਂ ਕਰਨੀ: ਹਮ

ਸਾਲਾ ਬਾਡਰ ਪੇ ਜ਼ਿੰਦਗੀ ਦਾਓ ਪੇ ਲਗਾ ਕੇ ਆਇਆ ਹੈ, ਅਰੇ ਯਹ ਕੰਡਕਟਰ ਦੇਖੋ, ਦੋ ਰੁਪਏ ਕੀ ਟਿਕਟ ਮਾਂਗਤਾ ਹੈ, ਸ਼ਰਮ ਨਹੀਂ ਆਤੀ ਇਸਕੋ। ਟਿਕਟ ਕੀ ਬਾਤ ਭੀ ਨਹੀਂ ਹੈ, ਮੈਂ ਪੈਸੇ ਦੇ ਦੇਤਾ ਹੂੰ। ਟਿਕਟ ਕਾਟੋ। ਕਾਟੋ ਬਾਈ, ਕਾਟੋ ਟਿਕਟ । ਮਗਰ ਇਸਕੇ ਬੋਲਨੇ ਕਾ ਤਰੀਕਾ ਦੇਖਤੇ ਹੈਂ ਆਪ। ਮਿਲਟਰੀ ਵਾਲੋਂ ਸੇ ਐਸਾ ਬੋਲਤੇ ਹੈਂ। ਹਮ ਅਪਨੇ ਜਾਂ ਅਪਨੇ ਬੱਚੋਂ ਕੇ ਲੀਏ ਲੜਤੇ ਹੈਂ ਕਿਆ। ਲੋਕਾਂ ਵੱਲ ਹੱਥ ਕਰਕੇ ਕਹਿਣਾ: ਆਪ ਕੇ ਲੀਏ ਲੜਤੇ ਹੈਂ, ਬਾਈ ਆਪਕੇ ਲੀਏ। ਦੁਸ਼ਮਨ ਕੀ ਗੋਲੀ ਸੇ ਮਰ ਭੀ ਸਕਤੇ ਹੈ। ਯਹ ਸੱਭ ਆਪ ਕੇ ਲੀਏ ਕਰਤੇ ਹੈ। ਮੁਲਕ ਕੇ ਲੀਏ। ਹਿੰਦੋਸਤਾਨ ਕੀ ਜੈ। ਮੇਰਾ ਭਾਰਤ ਦੇਸ਼ ਮਹਾਨ। ਇਹਨੇ ਏਨਾ ਬੁਲਾਰਾ ਕਰਨਾ ਕਿ ਕਿਸੇ ਨੂੰ ਕੁਝ ਕਹਿਣ ਦਾ ਮੌਕਾ ਹੀ ਨਾ ਦੇਣਾ। ਅਣਜਾਣ ਸਵਾਰੀਆਂ ਇਹਦੇ ਵੱਲ ਹੋ ਜਾਣੀਆਂ। ਇਹਦੀ ਬੱਲੇ ਬੱਲੇ ਹੋ ਜਾਣੀ। ਲੋਕਾਂ ਕੰਡਕਟਰ ਨੂੰ ਬੁਰਾ ਭਲਾ ਕਹਿਣਾ। ਉਦੋਂ ਤਾਈਂ ਇਹਦਾ ਸ਼ਟੇਸਨ ਆ ਜਾਣਾ। ਇਹਨੇ ਫੁਰਤੀ ਨਾਲ਼ ਬੱਸੋਂ ਲਹਿ ਜਾਣਾ। ਉੱਤਰ ਕੇ ਕਹਿਣਾ: ਹਰਾਮਜ਼ਾਦੇ; ਸਾਲੇ ਟਿਕਟ ਕੇ; ਦੋ ਟਕੇ ਕੇ ਕੰਡਕਟਰ। ਯਹ ਹਮੇਂ ਸਮਝਤੇ ਕਿਆ ਹੈ। ਹਮ ਫੌਜ ਮੇਂ ਭਰਤੀ ਕਿਸ ਲੀਏ ਹੁਆ ਹੈ।

ਜਦੋਂ ਇਹ ਛੁੱਟੀ ਕੱਟ ਕੇ ਜਾਂਦਾ, ਇਹਨੂੰ ਹਰ ਵਾਰੀ ਸਜ਼ਾ ਹੁੰਦੀ। ਅੱਵਲ ਤਾਂ ਇਹ ਜਾਂਦਾ ਹੀ ਲੇਟ ਸੀ, ਜਾਂ ਫਿਰ ਫ਼ੌਜ ਵਾਲ਼ੇ ਆਪ ਲੈ ਕੇ ਜਾਂਦੇ ਸੀ। ਇਹਨੂੰ ਹਰ ਵਾਰੀ ਪਿੱਠੂ ਲਗਦਾ। ਇਹ ਪਿੱਠੂ-ਸਜ਼ਾ ਦਾ ਆਦੀ ਹੋ ਗਿਆ। ਫ਼ੌਜ ਵਾਲ਼ੇ ਇਹਨੂੰ ਕੈੜੀ ਤੋਂ ਕੈੜੀ ਸਜ਼ਾ ਦੇ ਦੇ ਕੇ ਅੱਕ ਗਏ। ਉਨ੍ਹਾਂ ਨੂੰ ਪਤਾ ਲੱਗ ਗਿਆ, ਕਿ ਇਹ ਇਨ੍ਹਾਂ ਦੇ ਵੱਸੋਂ ਬਾਹਰਾ ਸੀ। ਇਹ ਔਖੀ ਤੋਂ ਔਖੀ ਸਜ਼ਾ ਵੀ ਆਸਾਨੀ ਨਾਲ਼ ਝੱਲ ਜਾਂਦਾ ਸੀ। ਇਹਦਾ ਸਰੀਰ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਸੀ। ਉਨ੍ਹਾਂ ਨੂੰ ਸਮਝ ਹੀ ਨਹੀਂ ਸੀ ਆਉਂਦਾ, ਬਈ ਇਹਦਾ ਕਰਨ ਤਾਂ ਕੀ ਕਰਨ। ਸਾਰੇ ਔਖੇ ਤੋਂ ਔਖੇ ਕੰਮਾਂ ਚ ਫੌਜ ਇਹਨੂੰ ਝੋਕ ਹਟੀ ਸੀ। ਇਹ ਸੱਭ ਬੜੀ ਸੌਖ ਨਾਲ਼ ਹੀ ਕਰ ਜਾਂਦਾ ਸੀ।

ਇਕ ਵਾਰੀ ਇਹ ਸਾਡੇ ਪਿੰਡ ਹੀ ਕਿਸੇ ਨਾਲ਼ ਬਰਾਤੀ ਬਣਕੇ ਨਾਲ ਆ ਗਿਆ। ਫ਼ੌਜੀ ਸਜ ਕੇ। ਇਹਨੂੰ ਪਤਾ ਈ ਸੀ ਕਿ ਮੈਂ ਇੱਥੇ ਰਹਿੰਦਾ ਰਿਹਾ ਹਾਂ। ਏਥੇ ਤਾਂ ਸਭ ਇਹਦੇ ਪੋਤੜਿਆਂ ਦੇ ਜਾਣੂੰ ਸੀ। ਇਹ ਫਿਰ ਵੀ ਨਾ ਟਲ਼ਿਆ। ਹਾਸੇ ਠੱਠੇ ਚ ਗੋਨੀ ਤੋਂ ਇਹਨੂੰ ਕੁਛ ਕਿਹਾ ਗਿਆ। ਇਹ ਤਾਂ ਪਹਿਲਾਂ ਹੀ ਕੋਈ ਢੁਣਾ ਭਾਲ਼ਦਾ ਸੀ। ਗੋਨੀ ਦੇ ਮਗਰ ਹੀ ਪੈ ਗਿਆ। ਵਿਤੋਂ ਵੱਧ ਰੰਮ ਪੀ ਕੇ ਟੱਲੀ ਹੋਇਆ ਫ਼ੌਜੀ ਸਵਰਨਾ, ਹੋ ਗਿਆ ਸ਼ੁਰੂ – ਚੱਲ ਸੋ ਚੱਲ।

ਫਿਰ ਐਂਵੇ ਕੋਈ ਡੱਬੀ ਜਿਹੀ ਕੰਨ ਨੂੰ ਲਾ ਕੇ ਕਹਿੰਦਾ: ਰੌਜਰ, ਰੌਜਰ, ਯਹ ਜੋ ਸਾਲਾ ਗੋਨੀ ਹੈ ਨਾ, ਯਹ ਸਾਲਾ ਕਾਣਾ ਹੈ। ਇਸ ਕੇ ਲੀਏ ਅਭੀ ਮਿਲਟਰੀ ਪੁਲਸ ਭੇਜ ਦੋ, ਓਵਰ। ਯਹ ਕਾਮ ਜਲਦੀ ਕਰਨੇ ਵਾਲਾ ਹੈ। ਮੈਂ ਅਭੀ ਇਸ ਕੋ ਅਰੈਸਟ ਕਰ ਰਹਾ ਹੂੰ, ਓਵਰ। ਆਪ ਲੋਕਲ ਪੁਲਸ ਕੋ ਭੀ ਜਲਦੀ ਭੇਜ ਦੋ, ਓਵਰ। ਯਹ ਗੋਨੀ ਸਾਲਾ ਅੰਧਾ ਹੈ, ਯਹ ਭਾਗ ਕਰ ਤੋਂ ਕਹੀਂ ਨਹੀਂ ਜਾਏਗਾ। ਯੂੰ ਭੀ ਮੈਂ ਇਸੇ ਭਾਗਨੇ ਤੋਂ ਨਹੀਂ ਦੂੰਗਾ। ਮਗਰ ਮੁਝੇ ਪੂਰਾ ਯਕੀਨ ਹੈ ਕਿ ਇਸ ਕੇ ਪਾਸ ਗੈਰਕਨੂੰਨੀ ਅਸਲਾ ਹੈ, ਓਵਰ। ਮੁਝੇ ਯਹ ਭੀ ਸਭ ਪਤਾ ਹੈ ਕਿ ਯਹ ਪਾਕਿਸਤਾਨ ਕਾ ਜਸੂਸ ਹੈ, ਓਵਰ। ਆਪਕੇ ਆਨੇ ਤਕ ਮੈਂ ਡੰਡੇ ਸੇ ਇਸਕੀ … ਪੋਲੀ ਕਰ ਦੂੰਗਾ। ਯੇ ਸਾਲਾ ਸਾਰੀ ਉਮਰ ਯਾਦ ਰੱਖੇਗਾ, ਹਿੰਦੋਸਤਾਨੀ ਫ਼ੌਜ ਕੋ, ਓਵਰ।

ਗੋਨੀ ਵਿਚਾਰਾ ਪਹਿਲਾਂ ਤਾਂ ਗਾਹਲ਼ਾਂ ਸੁਣ ਕੇ ਇਹਦੇ ਗਲ਼ ਪੈਣ ਨੂੰ ਫਿਰਦਾ ਸੀ, ਫਿਰ ਜਾਸੂਸੀ ਵਾਲ਼ੀ ਗੱਲ ਸੁਣ ਕੇ ਡਰ ਗਿਆ। ਜਾ ਕੇ ਮੇਰੇ ਬਾਪ ਦੀ ਮਿੰਨਤ ਕੀਤੀ। ਕਹਿੰਦਾ: ਭਾਊ ਕਿਸੇ ਤਰ੍ਹਾਂ ਮੈਨੂੰ ਸਵਰਨੇ ਤੋਂ ਬਚਾ। ਇਹਨੇ ਮੈਨੂੰ ਐਵੇਂ ਫਸਾ ਦੇਣਾ। ਇਹ ਪੁਲਸ ਨੂੰ ਵੈਰਲੈੱਸ ਕਰਦਾ ਕਿ ਮੈਨੂੰ ਫੜ ਲੈਣ। ਜਦੋਂ ਤਾਂਈ ਮੇਰਾ ਬਾਪ ਆਇਆ। ਸਵਰਨਾ ਓਥੋਂ ਨਿਕਲ਼ ਗਿਆ ਸੀ। ਕਿਸੇ ਹੋਰ ਤੋਂ ਇਹ ਡਰਦਾ ਹੀ ਨਹੀਂ ਸੀ। ਸਿਰਫ਼ ਮੇਰੇ ਬਾਪ ਤੋਂ ਹੀ ਰਤਾ ਕੁ ਕੰਨ ਭੰਨਦਾ ਸੀ।

ਆਖ਼ਰ ਇਹਨੂੰ ਫ਼ੌਜ ਚੋਂ ਵੀ ਕੱਢ ਦਿੱਤਾ ਗਿਆ। ਵਿਧ ਇਹ ਬਣੀ ਕਿ ਇਹਦੇ ਨਾਲ ਕੋਈ ਅਫ਼ਸਰ ਲੱਗਦਾ ਸੀ। ਏਸੇ ਅਫ਼ਸਰ ਨੇ ਕਈ ਵਾਰ ਇਹਨੂੰ ਕੋਰਟ ਮਾਰਸ਼ਲ ਵੀ ਕਰਵਾਇਆ ਸੀ ਤੇ ਪਿੱਠੂ ਦੀ ਸਜ਼ਾ ਵੀ ਦਿਵਾਈ ਸੀ। ਇਹ ਵੀ ਉਹਦੇ ਨਾਲ਼ ਕੈੜ ਰੱਖਣ ਲੱਗ ਪਿਆ ਸੀ। ਕਿੜ ਚ ਇਹਨੇ ਉਸ ਅਫ਼ਸਰ ’ਤੇ ਮੋਟਰ ਸਾਈਕਲ ਚਾੜ੍ਹ ਦਿੱਤਾ; ਉਹ ਥਾਂ ਹੀ ਮਰ ਗਿਆ। ਇਹਨੇ ਆਵਦੇ ਵੱਲੋਂ ਤਾਂ ਸਕੀਮ ਨਾਲ਼ ਐਕਸੀਡੈਂਟ ਬਣਾਇਆ ਸੀ। ਅਗਲਿਆਂ ਕਿਹੜਾ ਮੋਹਰਿਓਂ ਕੱਚੀਆਂ ਗੋਲ਼ੀਆਂ ਖੇਡੀਆਂ ਹੋਈਆਂ ਸੀ। ਇਹਨੂੰ ਸਜ਼ਾ ਹੋ ਗਈ। ਹੋਣੀ ਈ ਸੀ। ਤੇ ਫ਼ੌਜ ਚੋਂ ਇਹਦਾ ਨਾਂਵਾਂ ਕੱਟਿਆ ਗਿਆ। ਸਜਾ ਕੱਟ ਕੇ ਇਹ ਮੁੜ ਪਿੰਡ ਆ ਗਿਆ। ਇਹਦਾ ਹੋਰ ਦਹਿਲ ਪੈ ਗਿਆ। ਲੋਕ ਕਿਹਾ ਕਰਨ: ਇਹਦਾ ਕੀ ਆ, ਬੇ ਪੇਂਦੇ ਦਾ ਲੋਟਾ। ਕਿਸੇ ਪਾਸੇ ਦਾ ਨਹੀਂ। ਭਲਾ ਜਿਹੜਾ ਫ਼ੌਜ ਤੋਂ ਸਿੱਧਾ ਨਹੀਂ ਹੋਇਆ, ਹੋਰ ਕਿਹਤੋਂ ਡਰੂ।

ਵਲੈਤੋਂ ਗਏ ਇਹਦੇ ਤਾਏ ਦੇ ਪੁੱਤ ਨੇ ਤਰਸ ਖਾਧਾ। ਇਹਦਾ ਵਿਆਹ ਕਰ ਦਿੱਤਾ। ਬਈ ਸ਼ਾਇਦ ਏਦਾਂ ਹੀ ਸੁਧਰ ਜਾਊ। ਤਾਏ ਦੇ ਪੁੱਤਾਂ ਦੇ ਆਵਦੇ ਸਾਰੇ ਟੱਬਰ ਵਲੈਤ ਚ ਸੀ। ਸਿਰਫ਼ ਬੁੱਢੇ ਮਾਂ-ਬਾਪ ਪਿੱਛੇ ਸੀ। ਵਲੈਤ ਦੇ ਮੂੰਹ ਨੂੰ ਰਿਸ਼ਤਾ ਹੋ ਗਿਆ। ਨਹੀਂ ਤਾਂ ਕੋਈ ਆਵਦੀ ਧੀ ਨੂੰ ਏਦਾਂ ਦੇ ਨਿਖੱਟੂ ਦੇ ਲੜ ਕਿਉਂ ਲਾਉਂਦਾ। ਉਹ ਕਹਿੰਦਾ: ਲੈ ਬਈ, ਛੋਟੇ ਭਾਈ, ਹੁਣ ਤੇਰਾ ਘਰ ਵਸਦਾ ਹੋ ਗਿਆ। ਤੂੰ ਸਾਡੇ ਮਾਂ ਬਾਪ ਦੀ ਸੇਵਾ ਕਰੀਂ। ਖ਼ਬਰਦਾਰੀ ਰੱਖੀਂ। ਇਹ ਤੇਰੇ ਵੀ ਮਾਂ ਬਾਪ ਈ ਆ। ਤਾਏ ਚਾਚੇ ਵੀ ਮਾਂ-ਬਾਪ ਈ ਹੁੰਦੇ ਆ। ਉਹਨੇ ਕਿੱਲੇ ਸਾਰੇ ਚ ਵਲ਼ੀ ਹਵੇਲੀ ਦੇ ਇਕ ਖੂੰਜੇ ਇਹਨੂੰ ਵੀ ਮਕਾਨ ਪਾ ਦਿੱਤਾ। ਇਹਦੀਆਂ ਪੌਂ ਬਾਰਾਂ ਹੋ ਗਈਆਂ। ਇਹ ਕੰਮਚੋਰ ਤਾਂ ਪਹਿਲਾਂ ਹੀ ਸੀ। ਮੁਫ਼ਤ ਦੀਆਂ ਖਾਣ ਗਿੱਝਾ ਹੋਇਆ। ਜਦੋਂ ਤਾਏ-ਤਾਈ ਨੂੰ ਹਾੜੀ-ਸਾਉਣੀ ਦੀ ਫ਼ਸਲ ਦਾ ਹਿੱਸਾ ਪੱਤੀ ਆਉਣਾ, ਇਹਦੀ ਚੋਰ ਨਿਗਾਹ ਓਧਰ ਰਹਿਣੀ। ਤਾਏ ਤਾਈ ਦੇ ਉਰ੍ਹਾਂ-ਪਰ੍ਹਾਂ ਹੁੰਦਿਆਂ ਇਹਨੇ ਬੋਹਲ਼ ਚੋਂ ਦਾਣੇ ਏਧਰ ਓਧਰ ਕਰ ਲੈਣੇ। ਨਸ਼ੇ ਪੱਤੇ ਹੋਰ ਵਧਾ ਗਏ। ਵਧਣੇ ਈ ਸੀ। ਆਖ਼ਰ ਤਾਏ-ਤਾਈ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਸਾਨੂੰ ਖਾਈ ਜਾਂਦਾ। ਉਨ੍ਹਾਂ ਕਿਹਾ, ਏਦਾਂ ਕਰ ਤੂੰ ਪਿੰਡ ਵਾਲ਼ੇ ਪੁਰਾਣੇ ਮਕਾਨਾਂ ਚ

ਚਲਿਆ ਜਾਹ। ਇਹ ਅਪਣੀ ਘਰ ਵਾਲ਼ੀ ਤੇ ਨਿਆਣੇ ਓਥੇ ਵਾੜ ਕੇ ਆਪ ਘਰੋਂ ਈ ਨਿਕਲ਼ ਗਿਆ। ਕਿਤੇ ਦੀ ਕਿਤੇ ਚਲੇ ਗਿਆ। ਜਦੋਂ ਇਹਦਾ ਚਿੱਤ ਕਰਦਾ, ਕਦੇ ਕਦਾਈਂ ਗੇੜਾ ਮਾਰਦਾ। ਨਹੀਂ ਤਾਂ ਅੱਲਾ ਅੱਲਾ, ਖੈਰ ਸੱਲਾ।

ਫਿਰ ਇਹ ਨਿਹੰਗ ਬਣ ਗਿਆ। ਰੰਗ ਦਾ ਪਹਿਲਾਂ ਹੀ ਰਤਾ ਕੁ ਮੁਸ਼ਕੀ ਸੀ। ਉੱਤੋਂ ਦੀ ਕਾਲ਼ੇ ਰੰਗ ਦਾ ਨਿਹੰਗੀ ਬਾਣਾ ਪਾਇਆ ਕਰੇ। ਬਹੁਤਾ ਜੁਆਨ ਤਾਂ ਨਾ ਸੀ। ਓਦਾਂ ਜਾਨ ਬੜੀ ਸਖ਼ਤ ਸੀ। ਛੋਟਾ ਹੁੰਦਾ ਈ ਇਹ ਸਿਆਲ਼ਾਂ ਨੂੰ ਸਾਰੇ ਕਪੜੇ ਲਾਹ ਕੇ, ਨੰਗੇ ਪੈਰੀਂ, ਬਿਨਾਂ ਕਿਸੇ ਔਖ ਦੇ ਚਾਰ-ਪੰਜ ਮੀਲ ਨੱਠ ਲੈਦਾ ਸੀ ਤੇ ਗਰਮੀਆਂ ਨੂੰ ਸਿਖਰ ਦੁਪਹਿਰੇ ਵੀ ਏਦਾਂ ਈ ਕਰ ਲੈਂਦਾ ਸੀ। ਇਹਦੇ ਸਰੀਰ ਚ ਕੁਛ ਅੱਲੋਕਾਰ ਸੀ। ਫ਼ੌਜ ਨੇ ਇਹਨੂੰ ਹੋਰ ਕੁਰੱਖਤ ਬਣਾ ਦਿੱਤਾ ਸੀ। ਨਿਹੰਗ ਹੋ ਕੇ ਕੋਲ਼ ਸੱਤ ਫੁੱਟਾ ਬਰਛਾ ਰੱਖਦਾ। ਲਿਸ਼ਕਾ ਕੇ। ਜਿਹਦੇ ਵੱਲ ਜੀਅ ਕਰਿਆ ਕਰੇ, ਸਿੱਧਾ ਕਰ ਦਿਆ ਕਰੇ। ਉਧਰੋਂ ਖਾਲਿਸਤਾਨ ਦਾ ਰੌਲ਼ਾ ਵੀ ਵੱਧ ਗਿਆ ਸੀ। ਨਿਹੰਗੀ ਬੋਲੀ ਚ ਇਹ ਸਿੱਖਾਂ ਦੇ ਬੋਲ ਬਾਲੇ ਦੀ ਬੋਲੀ ਪਾਇਆ ਕਰੇ। ਅੰਨਹੀਂ ਪਈ ਹੋਈ ਸੀ। ਮੇਰੇ ਬਾਪ ਨੇ ਸਾਰੀ ਰਿਸ਼ਤੇਦਾਰੀ ਚ ਕਹਿ ਦਿੱਤਾ ਬਈ ਇਹਨੂੰ ਘਰ ਨਹੀਂ ਵੜਨ ਦੇਣਾ। ਬਾਪ ਕਹਿੰਦਾ: ਇਹਨੇ ਆਪ ਤਾਂ ਮਰਨਾ ਈ ਆ, ਸਾਨੂੰ ਵੀ ਨਾਲ਼ ਮਰਵਾਊ। ਪੁਲਸ ਤਾਂ ਬਹਾਨੇ ਭਾਲ਼ਦੀ ਫਿਰਦੀ ਆ। ਭਲਾ ਹੋਇਆ ਇਹ ਆਪੇ ਈ ਏਧਰੋਂ ਹਟ ਗਿਆ। ਨਿਹੰਗੀ ਬਾਣਾ ਲਾਹ ਕੇ ਪਰ੍ਹੇ ਮਾਰਿਆ ਤੇ ਫਿਰ ਸਫ਼ਾਚੱਟ ਹੋ ਗਿਆ। ਨਹੀਂ ਤਾਂ ਜਿੱਦਾਂ ਹੋਰਾਂ ਦੇ ਬਣਦੇ ਸੀ ਇਹਦਾ ਵੀ ਪੁਲਸ ਮੁਕਾਬਲਾ ਈ ਬਣ ਜਾਣਾ ਸੀ।

ਸਹਿ ਸੁਭਾਅ ਆਪੇ ਈ ਕਿਤੇ ਹੋ ਗਿਆ ਹੋਵੇ, ਤਾਂ ਹੋ ਗਿਆ ਹੋਊ, ਮੈਨੂੰ ਨਹੀਂ ਪਤਾ ਇਹਨੇ ਕੋਈ ਸਿੱਧਾ ਕੰਮ ਕਦੇ ਕੀਤਾ ਹੋਵੇ। ਇਕ ਦਿਨ ਕਿਸੇ ਦੇ ਟਰਕੈਟਰ ਤੇ ਬੈਠ ਕੇ ਫਿਲੌਰ ਨੂੰ ਜਾਂਦਾ ਸੀ। ਮੋਹਰੇ ਕੋਈ ਜਾਨਵਰ ਆ ਗਿਆ; ਡਰੈਵਰ ਨੇ ਅਚਾਨਕ ਬਰੇਕ ਮਾਰੀ। ਇਹ ਮੋਹਰ ਨੂੰ ਡਿੱਗ ਪਿਆ। ਮਗਰਲਾ ਪਹਿਆ ਇਹਦੇ ਉੱਤੋਂ ਦੀ ਲੰਘ ਗਿਆ। ਬੱਸ ਪਟਾਕਾ ਈ ਪੈ ਗਿਆ। ਥਾਂ ਹੀ ਖੇਡ ਖ਼ਤਮ ਹੋ ਗਈ। ਇਹਦੇ ਨਿਆਣੇ ਇਹਦੇ ਤਾਏ ਦੇ ਵਲੈਤੀਏ ਪੁੱਤਾਂ ਨੇ ਤਰਸ ਹਿਤ ਵਿਆਹ ਦਿੱਤੇ। ◆

# ਮਾਮੇ ਪੁੱਤਰ

ਛੋਟਾ ਮਾਮਾ, ਤੇਜਾ ਲਾਡਲਾ ਸੀ। ਸਭ ਭੈਣਾਂ-ਭਾਈਆਂ ਤੋ ਛੋਟਾ। ਜਦੋਂ ਨਾਨੀ ਇਹਨੂੰ ਆਸਵੰਦ ਹੋਈ ਸੀ, ਤਾਂ ਸੰਙ ਮੰਨਦੀ ਸੀ। ਧੀਆਂ ਪੁੱਤਾਂ ਦੇ ਨਿਆਣੇ ਹੋ ਰਹੇ ਸੀ। ਓਧਰੋਂ ਕੁੜਮਾਂ ਵਾਲ਼ੀ ਨਾਨੀ ਆਸਵੰਦ। ਮੈਥੋਂ ਵੱਡਾ ਤੇ ਛੋਟਾ ਮਾਮਾ ਹਾਣੀ ਪ੍ਰਵਾਣੀ ਸੀ। ਨਿੱਕੇ ਹੁੰਦੇ ਇਹ ਦੋਵੇ ਕੱਠੇ ਈ ਨਾਨੀ ਦਾ ਦੁੱਧ ਚੁੰਘ ਲੈਂਦੇ ਸੀ। ਇਕ ਪਾਸੇ ਮਾਮਾ, ਦੂਜੇ ਪਾਸੇ ਭਾਣਜਾ। ਮਾਮੇ ਦਾ ਤੇ ਵੱਡੇ ਮਾਮੇ ਦੀ ਧੀ ਦੇ ਵਿਆਹ ਵੀ ਇੱਕੋ ਮਹੀਨੇ ਹੋਏ ਸੀ। ਮਾਮਾ ਛੋਟਾ ਈ ਸੀ, ਜਦੋਂ ਇਹਦਾ ਵਿਆਹ ਕਰ ਦਿੱਤਾ। ਤੇ ਨੌਂਵੇਂ ਮਹੀਨੇ ਬਾਅਦ ਹੀ ਮਾਮੇ ਦੇ ਪੁੱਤ ਜੰਮ ਪਿਆ। ਜਿੰਨਾ ਮਾਮੇ ਦੇ ਵਿਆਹ ਦਾ ਚਾਅ ਸੀ, ਓਨਾ ਹੀ ਇਹਦੇ ਪੁੱਤ ਹੋਏ ਦਾ। ਨਿਆਣਪੁਣੇ ਚ ਹੀ ਮਾਮਾ ਆਪ ਵੀ ਨਿਆਣਿਆਂ ਵਾਲ਼ਾ ਹੋ ਗਿਆ। ਮਾਮੇ ਪੁੱਤਰ ਬਹੁਤ ਹੀ ਸੁਹਣਾ ਨਿਕਲ਼ਿਆ। ਗੋਹਗਲਾ ਜਿਹਾ। ਬਹੁਤਾ ਹੀ ਗੋਰਾ। ਚਿੱਟਾ। ਗੋਲ਼ ਮਟੋਲ਼ ਗੱਲ੍ਹਾਂ। ਕੁੰਡਲਾਂ ਵਾਲ਼ੇ ਭੂਰੇ ਵਾਲ਼। ਗੱਲਾਂ ਕਰਦੀਆਂ ਬਿੱਲੀਆਂ ਅੱਖਾਂ। ਪੂਰਾ ਤੇਜ਼ ਤਰਾਰ। ਵੱਡਾ ਇੱਲਤੀ। ਜ਼ਿੱਦਰੀ। ਰਹਿੰਦਾ -ਲਾਡ ਲਾਡ ਚ- ਨਾਨਕਿਆਂ ਭੂਏ ਚੜਾ ਦਿੱਤਾ। ਇਹ ਵੱਡਾ ਭੌਂਕੜ ਨਿਕਲਿਆ। ਡਰਾਮੇਬਾਜ਼। ਸਿਰੇ ਦਾ ਨਾਲ਼ ਡਰੂ ਵੀ।

ਸਕੂਲ ਘਰ ਦੇ ਬਿਲਕੁਲ ਮੁੱਢ ਈ ਸੀ। ਵੀਹਾਂ ਕੁ ਕਰਮਾਂ ਤੇ। ਇਹਨੇ ਜਦੋਂ ਚਿੱਤ ਕਰਨਾ, ਸਕੂਲੋਂ ਘਰ ਆ ਜਾਣਾ। ਸਕੂਲ ਚ ਇਹ ਸਾਰੀਆਂ ਮਾਸਟਰਨੀਆਂ ਦਾ ਚਹੇਤਾ ਸੀ। ਉਹ ਇਹਨੂੰ ਕੁਛ ਨਾ ਕਹਿੰਦੀਆਂ। ਲਾਡ, ਤੇਹੁ-ਮੋਹ ਕਰਦੀਆਂ। ਤੀਂਵੀਆਂ ਇਹਨੂੰ ਚੁੰਮਦੀਆਂ ਚੱਟਦੀਆਂ। ਇਹਦੇ ਥੱਭੇ ਭਰਦੀਆਂ। ਹਰੇਕ ਔਰਤ ਦੀ ਏਦਾਂ ਦਾ ਹੀ ਪੁੱਤ ਜੰਮਣ ਦੀ ਚਾਹਨਾਂ ਹੁੰਦੀ ਹੈ। ਪਹਿਲੀ ਵਾਰ ਤਾਂ ਹੈਰਾਨ ਹੋਏ ਲੋਕ ਇਹਦੇ ਵੱਲ ਦੇਖਦੇ ਹੀ ਰਹਿ ਜਾਂਦੇ। ਉੱਤੋਂ ਇਹ ਤੇਜ਼ ਤਰਾਰ ਵੀ ਸੀ। ਇਹਦਾ ਝਾਕਾ ਖੁੱਲ੍ਹ ਗਿਆ। ਛੇਤੀ ਕੀਤਿਆਂ, ਇਹ ਕਿਸੇ ਨੂੰ ਗੱਲ ਵੀ ਨਹੀਂ ਸੀ ਕਰਨ ਦਿੰਦਾ। ਜੋਸ਼ ਚ ਬੋਲਦੇ ਦੀਆਂ ਇਹਦੀਆਂ ਰਗਾਂ ਫੁੱਲ ਜਾਣੀਆਂ। ਰੰਗ ਹੋਰ ਲਾਲੋ ਲਾਲ ਹੋਈ ਜਾਣਾ। ਲੱਗਣਾ ਕਿ ਹੁਣੇ ਇਹਦੀਆਂ ਗੱਲ੍ਹਾਂ ਚੋਂ ਖੂਨ ਟਪਕਣ ਲੱਗ ਪਏਗਾ। ਕਪਰੀਆਂ ਅੱਖਾਂ ਏਧਰੋਂ ਓਧਰ ਹੁੰਦੀਆਂ, ਵਿਚ ਦੀ ਨਿਕਲਣ ਨਿਕਲਣ ਕਰਦੀਆਂ।

ਮਾਸਟਰਨੀਆਂ ਨੇ ਇਹਨੂੰ ਜਮਸ਼ੇਰੋਂ ਸਮੋਸੇ ਲੈਣ ਘੱਲਣਾ। ਇਹਨੇ ਜਾਣ ਕੇ ਪਕੌੜੇ ਹੀ ਲਿਆਉਣੇ, ਕਹਿਣਾ ਜੀ ਸਮੋਸੇ ਮੁੱਕ ਗਏ ਸੀ। ਇਹਨੂੰ ਪਤਾ ਸੀ ਕਿ ਸਮੋਸੇ ਤਾਂ ਗਿਣਤੀ ਦੇ ਹੋਣੇ ਸੀ। ਇਹਨੇ ਕਹਿਣਾ: ਸਮੋਸਿਆਂ ਚੋਂ ਇਕ ਵੀ ਖਾ ਲਿਆ, ਤਾਂ ਪਤਾ ਲੱਗ ਜਾਣਾ ਸੀ। ਚੋਰੀ ਪਕੌੜੇ ਖਾਧਿਆਂ ਦਾ ਪਤਾ ਨਹੀਂ ਲੱਗਣਾ। ਇਹ ਪੰਜਵੀਂ ਮਸਾਂ ਹੀ ਪਾਸ ਹੋਇਆ। ਖਿੱਚ ਧੂਹ ਕੇ। ਫਿਰ ਹਟ ਗਿਆ। ਇਹਨੂੰ ਫਿਰ ਚਾਅ ਉੱਠਿਆ, ਤਿੰਨੀਂ ਚੌਂਹ ਸਾਲੀਂ ਫਿਰ ਛੇਵੀਂ ਚ ਜਾ ਲੱਗਾ। ਸਾਲ ਦੋ ਸਾਲ ਹੋਰ ਲਾ ਕੇ ਫਿਰ ਓਸੇ ਜਮਾਤ ਚੋਂ ਈ ਫਿਰ ਹਟ ਗਿਆ। ਜਮਾਤਾਂ ਪਾਸ ਕਰਨੀਆਂ ਇਹਦੇ ਵਸ ਨਹੀਂ ਸੀ। ਨਾ ਹੀ ਇਹਦੀ ਮਨਸ਼ਾ ਸੀ। ਇਹਦੀਆਂ ਤਾਂ ਸੁਰਤਾਂ ਹੀ ਕਿਸੇ ਹੋਰ ਪਾਸੇ ਲੱਗੀਆਂ ਹੋਈਆਂ ਸੀ।

ਪੰਜਾਂ ਸੱਤਾਂ ਸਾਲਾਂ ਦੇ ਮਾਮੇ ਪੁੱਤਰ ਨੇ ਕੱਲੇ ਨੇ ਹੀ ਜਮਸ਼ੇਰ ਦੇ ਸਟੇਸ਼ਨੋਂ ਗੱਡੀ ਫੜਨੀ ਤੇ ਸ਼ੰਕਰ ਜਾ ਉਤਰਨਾ। ਤੇ ਅਗਾਂਹ ਆਵਦੇ ਨਾਨਕੇ ਘਰ ਜਾ ਵੜਨਾ। ਇਕ ਵਾਰ ਇਹ 'ਕੱਲਾ ਹੀ ਸ਼ਿਮਲੇ ਵੀ ਜਾ ਆਇਆ ਸੀ। ਉਦੋਂ ਇਹ ਮਸਾਂ ਨੌਆਂ ਦਸਾਂ ਕੁ ਸਾਲਾਂ ਦਾ ਹੋਊ। ਜਿਸ ਉਮਰ ਚ ਨਿਆਣੇ ਅਣਭੋਲ਼ ਹੁੰਦੇ ਆ, ਇਹ ਅਪਣੇ ਤੋਂ ਛੇ ਸਾਲ ਵੱਡੀ ਕੁੜੀ ਨੂੰ ਫਸਾਉਣ ਲਈ ਲੱਡੂ ਖੁਆਇਆ ਕਰੇ। ਕਿਸੇ ਸਾਧ ਤੋਂ ਮੰਤਰ ਪੜ੍ਹਾ ਕੇ। ਗੱਲ ਨਾ ਬਣਨੀ ਸੀ, ਨਾ ਬਣੀ। ਕੁੜੀ ਤਾਂ ਇਹਨੂੰ ਸੋਹਣਾ ਨਿਆਣਾ ਸਮਝ ਕੇ ਲਾਡ ਨਾਲ਼ ਨੇੜ ਕਰਦੀ ਸੀ। ਇਹ ਵਿਤੋਂ ਵੱਡੀਆਂ ਆਸਾਂ ਲਾਈ ਬੈਠਾ ਸੀ।

ਫਿਰ ਇਹ ਕਿਸੇ ਕੋਲੋਂ ਫ਼ੋਟੋਗਰਾਫ਼ੀ ਸਿੱਖਣ ਲੱਗਾ। ਫ਼ੋਟੋਗਰਾਫ਼ੀ ਦਾ ਤਾਂ ਬਹਾਨਾ ਸੀ। ਧਿਆਨ ਤਾਂ ਇਹਦਾ ਹੋਰ ਪਾਸੇ ਸੀ। ਸਿਖਾਉਣ ਵਾਲ਼ੇ ਨੂੰ ਦੋ ਲਾਲਚ ਸੀ। ਉਦੋਂ ਇਹਦਾ ਬਾਪ (ਮੇਰਾ ਮਾਮਾ) ਬਾਹਰ ਆਇਆ ਹੋਇਆ ਸੀ। ਪੈਸੇ ਵੱਲੋਂ ਹੱਥ ਸੌਖਾ ਸੀ। ਖਰਚੇ ਦੀ ਮੌਜ ਸੀ। ਦੂਜੇ ਇਹਦਾ ਕਰਕੇ ਤੀਂਵੀਆਂ ਵੀ ਛੇਤੀ ਭਰਮਾ ਹੋ ਜਾਂਦੀਆਂ ਸੀ। ਇਹਦਾ ਫੋਟੋਗਰਾਫੀ ਵਾਲ਼ਾ ਉਸਤਾਦ ਤੇ ਇਹ ਰਲ਼ ਕੇ ਆਸ਼ਕੀ ਵੱਧ ਕਰਦੇ। ਪਿੰਡ ਦੀ ਗੋਰੀ ਚਿੱਟੀ ਕੁੜੀ ਸੀ। ਇਹਦੇ ਵਰਗੀ ਹੀ। ਬਹੁਤੀ ਸੋਹਣੀ। ਪਿੰਡ ਦੇ ਮੁੰਡੇ ਇਹਦੇ ਮਗਰ ਮਗਰ ਫਿਰਦੇ; ਮੁੰਡਿਆਂ ਇਹਦਾ ਨਾਂ ਮੇਮ ਪਾਇਆ ਹੋਇਆ ਸੀ। ਇਨ੍ਹਾਂ ਦੀ ਮੀਚਾ ਮਿਲ਼ ਗਈ। ਗੱਲ ਕਿੱਥੋਂ ਤੱਕ ਵਧੀ ਸੀ, ਇਹ ਤਾਂ ਇਨ੍ਹਾਂ ਦਾ ਰੱਬ ਜਾਣਦਾ ਹੋਊ। ਕੁੜੀ ਦੇ ਮਾਂ-ਬਾਪ ਮਾਮੇ ਦੇ ਘਰ ਉਲਾਂਭਾ ਦੇ ਗਏ। ਮਾਮੇ ਪੁੱਤਰ ਡਰਦਾ ਲੁਕ ਗਿਆ। ਕਿੰਨ੍ਹਾ ਚਿਰ ਘਰੋਂ ਹੀ ਨਾ ਨਿਕਲ਼ਿਆ। ਫਿਰ ਨਾਨਕੀਂ ਚਲੇ ਗਿਆ। ਕਈ ਚਿਰ ਪਿੰਡ ਨਾ ਵੜਿਆ।

ਇਹਦੀ ਮਾਸੀ ਖੈੜੀਂ ਵਿਆਹੀ ਹੋਈ ਸੀ। ਇਹਦਾ ਉਥੇ ਆਉਣ ਜਾਣ ਹੋ ਗਿਆ। ਉਥੇ ਗੁਆਂਢ ਚ ਕੋਈ ਕੁੜੀ ਇਹਦੇ ਤੇ ਮਰ ਮਿਟ ਗਈ। ਇਹ ਕਹੇ ਮੈਂ ਵਿਆਹ ਹੀ ਇਹਦੇ ਨਾਲ਼ ਕਰਾਉਣਾ। ਉਹਦੇ ਘਰਦਿਆਂ ਨੂੰ ਭਿਣਕ ਪੈ ਗਈ। ਕੁੜੀ ਦੇ ਨਾਨਕੇ ਚਾਨੀਆਂ ਸੀ। ਉਨ੍ਹਾਂ ਕੁੜੀ ਨਾਨਕੀਂ ਭੇਜ ਦਿੱਤੀ। ਇਹ ਕਿਸੇ ਹੋਰ ਨੂੰ ਨਾਲ਼ ਲੈ ਕੇ ਚਾਨੀਂ ਚਲੇ ਗਿਆ। ਹੱਥੋਪਾਈ ਹੋਈ। ਛਿੱਤਰਾਂ ਤੋਂ ਬਚਾ ਹੋ ਗਿਆ। ਘਰ ਆ ਕੇ

ਇਹ ਦੋ ਤਿੰਨ ਦਿਨ ਘਰੋਂ ਬਾਹਰ ਨਾ ਨਿਕਲਿਆ। ਰਜਾਈ ਚ ਈ ਵੜਿਆ ਰਿਹਾ। ਦਵਾਈ ਖਾਣ ਦਾ ਡਰਾਮਾ ਕੀਤਾ। ਕਹਿੰਦਾ: ਮੈਂ ਨਹੀਂ ਜੀਣਾ ਓਹਦੇ ਬਿਨਾਂ। ਅਗਲਿਆਂ ਕੁੜੀ ਦਾ ਵਿਆਹ ਛੇਤੀ ਹੋਰ ਕਿਤੇ ਕਰ ਦਿੱਤਾ। ਗੱਲ ਆਈ ਗਈ ਹੋ ਗਈ। ਸਮੇਂ ਦਾ ਗੇੜ ਉਹੀ ਕੁੜੀ ਇਕ ਦਿਨ ਆਵਦੇ ਆਦਮੀ ਨਾਲ ਕਿਤੇ ਇਹਨੂੰ ਟੱਕਰ ਪਈ। ਇਹ ਕੁੜੀ ਨੂੰ ਉਹਦੇ ਬੰਦੇ ਸਣੇ ਘਰੇ ਲੈ ਆਇਆ। ਸੇਵਾ ਕੀਤੀ। ਰੋਟੀ ਖੁਆਈ। ਰਾਤ ਰੱਖਿਆ। ਕੁੜੀ ਘਰ ਵਾਲ਼ੇ ਨੂੰ ਸ਼ੱਕ ਪੈ ਗਈ। ਬਈ ਦਾਲ਼ ਚ ਕੁਛ ਕਾਲ਼ਾ ਕਾਲ਼ਾ ਹੈ। ਉਹ ਸਵੇਰੇ ਮੂੰਹ ਨੇਰ੍ਹੇ ਈ ਬਿਨ ਚਾਹ ਪੀਤਿਆਂ ਆਵਦੀ ਘਰ ਵਾਲ਼ੀ ਨੂੰ ਲੈ ਕੇ ਨਿਕਲ਼ ਗਿਆ।

17-18 ਸਾਲਾਂ ਦਾ ਸੀ, ਜਦੋਂ ਇਹ ਕਿਸੇ ਜੌਹਲਾਂ ਵਾਲ਼ੇ ਬਾਬੇ ਤੋਂ ਅੰਮ੍ਰਿਤ ਛਕ ਆਇਆ। ਘਰ ਦਿਆਂ ਤੋਂ ਪਰਵਾਹਰਾ ਹੋ ਕੇ। ਉਧਰੋਂ ਖਾਲਿਸਤਾਨੀਂ ਕਹਿਰ ਦੇ ਦਿਨ ਸੀ। ਨਾਮ ਹੋਇਆ – ਤਰਸੇਮ ਸਿੰਘ ਖ਼ਾਲਸਾ। ਕੇਸ ਰੱਖੇ। ਪੰਜੇ ਕਰਾਰ ਧਾਰੇ। ਪੂਰੇ ਨੇਮ ਨਾਲ਼ ਇਹਨੇ ਸਵੇਰੇ ਉੱਠਣਾ। ਦਾਤਣ ਕੁਰਲ਼ਾ ਕਰਨਾ। ਇਸ਼ਨਾਨ ਕਰਨਾ। ਮੰਜੇ 'ਤੇ ਚੌਂਕੜਾ ਮਾਰ ਕੇ ਬਹਿਣਾ। ਪਾਠ ਕਰਨਾ। ਪੂਰੇ ਬੰਧੇਜ਼ ਚ ਰਹਿਣਾ। ਸਾਰੇ ਹੈਰਾਨ। ਬਈ ਇਹ ਪੂਛ ਵੰਝਲ਼ੀ ਚ ਪਾਇਓਂ ਬਿਨਾਂ ਹੀ ਸਿੱਧੀ ਕਿੱਦਾਂ ਹੋ ਗਈ। ਇਹਨੇ ਬਰੇਕਾਂ ਵਾਲ਼ਾ ਕਛਿਹਰਾ ਪਾ ਕੇ ਹੀ ਗਰਾਊਂਡ ਨੂੰ ਫ਼ੁੱਟਬਾਲ ਖੇਡਣ ਤੁਰ ਪੈਣਾ। ਨਿਆਣਿਆਂ ਇਹਦੀ ਛੇੜ ਪਾ ਲਈ: ਕਛਿਹਰੇ ਵਾਲ਼ਾ ਬਾਬਾ। ਤਿੰਨਾਂ ਚਹੁੰ ਮਹੀਨਿਆਂ ਬਾਅਦ ਹੀ ਇਹਨੇ ਕਛਹਿਰਾ ਕਛੂਰ੍ਹਾ ਲਾਹ ਕੇ ਔਹ ਪਰ੍ਹੇ ਮਾਰਿਆ। ਮੁੜਕੇ ਫਿਰ ਬੋਦੇ ਸੁਆਰ ਲਏ। ਕੁੰਡਲ਼ਾਂ ਵਾਲ਼ੀਆਂ ਜ਼ੁਲਫ਼ਾਂ ਵੀ ਫਿਰ ਲਟਕਾ ਲਈਆਂ। ਤਰਲ਼ਿਆਂ ਨਾਲ਼ ਪੰਜ ਜਮਾਤਾਂ ਪਾਸ ਮਾਮੇ ਪੁੱਤਰ ਨੇ ਖ਼ਾਲਸਾ ਕਾਲਜ ਜਲੰਧਰ ਦਾ ਆਈ ਡੀ ਕਾਰਡ ਵੀ ਬਣਾਇਆ ਹੋਇਆ ਸੀ ਤੇ ਰਿਆਇਤੀ ਸਟੂਡੈਂਟ ਬੱਸ ਪਾਸ ਵੀ। ਇਹ ਭਲਵਾਨੀ ਗੇੜੀਆਂ ਮਾਰਦਾ ਰਹਿੰਦਾ ਸੀ। ਆਵਦੀਆਂ ਤੇਜ਼ ਤਰਾਰ, ਬਿੱਲੀਆਂ ਅੱਖਾਂ ਦੇ ਡੋਰੇ ਸੁੱਟਦਾ ਰਹਿੰਦਾ।

ਇਹਦਾ ਰਿਸ਼ਤਾ ਪੂਨੀਂ ਹੋ ਗਿਆ। ਉਨ੍ਹਾਂ ਦੀ ਕੱਲੀ ਕੱਲੀ ਧੀ ਸੀ। ਅਠਾਰਾਂ ਕਿੱਲੇ ਜ਼ਮੀਨ ਦੇ ਸੀ। ਰਿਸ਼ਤਾ ਹੋਏ ਨੂੰ ਮਸਾਂ ਅੱਠ ਦਸ ਦਿਨ ਹੀ ਹੋਏ ਸੀ। ਇਹ ਭੂਆ ਦੇ ਪੁੱਤ ਨੂੰ ਲੈ ਕੇ ਉਨ੍ਹਾਂ ਦੇ ਘਰ ਚਲੇ ਗਿਆ। ਅਗਲਿਆਂ ਕਹਿ ਦਿੱਤਾ – ਇਹ ਹੁਣੇ ਹੀ ਏਨਾ ਖੁੱਲ੍ਹਾ ਹੈ, ਕੱਲ ਨੂੰ ਕੀ ਹੋਊ। ਇਹ ਕਿਹਾ ਕਰੇ: ਮੈਂ ਤਾਂ ਦੇਖਣ ਗਿਆ ਸੀ ਕਿ ਏਨੀ ਜ਼ਮੀਨ ਹੈਗੀ ਵੀ ਆ। ਜਦੋਂ ਰਿਸ਼ਤਾ ਟੁੱਟਣ ਤੇ ਗੱਲ ਆਈ ਤਾਂ, ਕੁੜੀ ਆਪੇ ਇਨ੍ਹਾਂ ਦੇ ਘਰ ਆ ਗਈ। ਉਹ ਕਹੇ ਮੈਂ ਸੱਭ ਕੁਛ ਛੱਡ ਕੇ ਆ ਗਈ ਆਂ। ਮੈਂ ਵਿਆਹ ਇਹਦੇ ਨਾਲ਼ ਹੀ ਕਰਾਉਣਾ। ਇਹਦੇ ਘਰੋਂ ਜਾਣ ਦਾ ਨਾਂ ਹੀ ਨਾ ਲਵੇ। ਮਾਮੇ ਨੇ ਪਤਿਆ ਕੇ ਮਸਾਂ ਈ ਕੱਢੀ। ਉੱਤੋਂ ਕੁੜੀ ਦੇ ਮਾਮੇ ਨਿਹੰਗ ਸੀ। ਵੱਡੇ ਵੱਡੇ ਬਰਛਿਆਂ ਵਾਲ਼ੇ।

ਮਾਮਾ ਵਲੈਤ ਆਇਆ, ਤਾਂ ਇਹਦਾ ਰਿਸ਼ਤਾ ਏਥੇ ਕਰ ਗਿਆ। ਵਲੈਤ ਦੀ ਜੰਮੀ ਜਾਈ, ਸੁਹਣਾ ਮੁੰਡਾ ਦੇਖ ਕੇ ਝੱਟ ਮੰਨ ਗਈ। ਕੁੜੀ ਪਿੱਛੇ ਗਈ- ਇਨ੍ਹਾਂ ਦਾ ਵਿਆਹ ਹੋ ਗਿਆ। ਦੋ ਧੀਆਂ ਹੋਈਆਂ। ਇਹ ਅਜੇ ਵਲੈਤ ਆਇਆ ਵੀ ਨਹੀਂ ਸੀ ਕਿ ਅਪਣੇ ਨਾਨਕਿਆਂ ਤੋਂ ਜੱਟਾਂ ਦੀਆਂ ਦੋ ਕੁੜੀਆਂ ਫਸਾਈ ਫਿਰੇ। ਦੋਂਵੇ ਈ ਸਕੀਆਂ ਭੈਣਾਂ। ਦੋਵੇਂ ਹੀ ਰਾਜ਼ੀ। ਉਨ੍ਹਾਂ ਦਾ ਬਾਪ ਝੋਲ਼ਾ ਚੱਕ ਡਾਕਦਾਰ ਸੀ। ਉਹ ਵੀ ਰਾਜ਼ੀ। ਉਹ ਸਾਰੇ ਕਹਿਣ ਤੂੰ ਓਥੇ ਪਹੁੰਚ ਕੇ ਆਵਦੀ ਘਰ ਵਾਲ਼ੀ ਨੂੰ ਛੱਡ ਦੇਈਂ। ਸਾਨੂੰ ਓਥੇ ਪਹੁੰਚਦੀਆਂ ਕਰ ਦੇ। ਫਿਰ ਆਵਦੀ ਘਰ ਵਾਲ਼ੀ ਕੋਲ ਵਾਪਿਸ ਚਲਿਆ ਜਾਈਂ।

ਗਵੱਈਏ ਸਾਬਰਕੋਟੀ ਨਾਲ਼ ਇਹਦਾ ਬੜਾ ਨੇੜ ਰਿਹਾ। ਸੁੱਚੇ ਰੰਗੀਲੇ ਨਾਲ਼ ਵੀ। ਹੋਰਾਂ ਨਾਲ਼ ਵੀ। ਇਹ ਉਦੋਂ ਦਾ ਸੀ, ਜਦੋਂ ਸਾਬਰ ਬੇਮਲੂਮ ਸੀ। ਇਹ ਕੱਠੇ ਖਾਂਦੇ ਪੀਂਦੇ; ਮੌਜ ਮੇਲਾ ਕਰਦੇ। ਇਹ ਇਕ ਦੂਜੇ ਤੋਂ ਬਿਨ ਸਾਹ ਨਾ ਲੈਂਦੇ। ਵਲੈਤ ਆਏ ਸਾਬਰ ਨੂੰ ਇਹਨੇ ਕਈ ਵਾਰ ਸਾਂਭਿਆ। ਉਹਨੇ ਵੀ ਇਹਦੇ ਘਰ ਈ ਵੜਿਆ ਰਹਿਣਾ ਤੇ ਇਹਨੇ ਉਹਦੇ ਘਰ। ਫਿਰ ਇਨ੍ਹਾਂ ਦੀ ਵਿਗੜ ਗਈ। ਤੜੱਕ ਕਰਕੇ ਟੁੱਟ ਗਈ। ਕਿਸੇ ਨਿਗੁਣੀ ਗੱਲੋਂ। ਬੋਲ-ਚਾਲ, ਸਾਹਿਬ ਸਲਾਮ ਸੱਭ ਖਤਮ। ਬੱਸ ਲੀਕ ਹੀ ਫੇਰ ਦਿੱਤੀ। ਹੁਣ ਇਹ ਉਹਨੂੰ ਗਾਹਲ਼ਾਂ ਕੱਢਦਾ ਹੈ। ਬਹੁਤੀਆਂ ਗਾਹਲ਼ਾਂ ਤਾਂ ਇਹਦਾ ਤਕੀਆ ਕਲਾਮ ਨੇ।

ਮੈਂ ਹੈਰਾਨ ਹਾਂ ਕਿ ਇਹਦੀ ਕਿਸੇ ਸਰਕਾਰੀ ਹਸਪਤਾਲ਼ ਚ ਲੱਗੇ ਵੱਡੇ ਡਾਕਟਰ ਨਾਲ਼ ਵੀ ਗੂੜ੍ਹੀ ਯਾਰੀ ਹੈ। ਡਾਕਟਰ ਸਾਹਿਬ ਛੇਤੀ ਸੀ ਐਮ ਓ ਬਣਨ ਵਾਲ਼ਾ ਹੈ। ਡਾਕਟਰ ਲਿਖਾਰੀ ਵੀ ਹੈ; ਟੈਲੀਵਿਯਨ 'ਤੇ ਐਕਟਿੰਗ ਵੀ ਕਰਦਾ ਹੈ। ਮੈਂ ਸੋਚਦਾ ਹਾਂ ਇਨ੍ਹਾਂ ਦੇ ਨਿਭ-ਨਿਭਾਅ ਦਾ ਰਾਜ਼ ਕੀ ਹੋਇਆ। ਸ਼ਰਾਬ ਤੋਂ ਬਿਨਾਂ, ਮੈਨੂੰ ਇਹਨਾਂ ਦੀ ਹੋਰ ਕੋਈ ਸਾਂਝ ਨਹੀਂ ਦੀਹਦੀ। ਦਾਰੂ ਤਾਂ ਡਾਕਟਰ ਕਿਸੇ ਨਾਲ਼ ਵੀ ਪੀ ਸਕਦਾ ਹੈ। ਆਪ ਵੀ ਪੀਂਦਾ ਹੀ ਹੈ। ਇਹ ਡਾਕਟਰ ਸਾਹਿਬ ਦੀ ਵਡਿਆਈ ਹੀ ਲੱਗਦੀ ਹੈ, ਜਿਹੜੀ ਇਨ੍ਹਾਂ ਦੀ ਨਿਭੀ ਜਾਂਦੀ ਹੈ। ਡਾਕਟਰ ਸਾਹਿਬ ਨੇ ਡਾਕਟਰੀ ਮਦਦ ਤਾਂ ਕਰਨੀ ਹੀ ਹੈ, ਇਹਨੂੰ ਏਅਰਪੋਰਟ ਤੋਂ ਲਿਆਉਣ-ਲੈਜਾਣ ਦੀ ਸੇਵਾ ਵੀ ਕਰ ਲੈਂਦਾ ਹੈ। ਇਹਨੇ ਡਾਕਟਰ ਨੂੰ ਕਈ ਵਾਰ ਵਲੈਤ ਸੱਦਣ ਦੀ ਕੋਸ਼ਿਸ਼ ਕੀਤੀ, ਪਰ ਗੱਲ ਨਹੀਂ ਬਣੀ। ਇਮੀਗਰੇਸ਼ਨ ਵਾਲ਼ਿਆਂ ਦੀ ਵੀ ਮੈਨੂੰ ਸਮਝ ਨਹੀਂ ਪੈਂਦੀ। ਡਾਕਟਰ ਦੀ ਤੇ ਉਹਦੀ ਘਰ ਵਾਲ਼ੀ ਮੈਡਮ ਦੀ ਮਹੀਨੇ ਦੀ ਤਨਖ਼ਾਹ ਡੇਡ਼ ਲੱਖ ਦੇ ਨੇੜੇ-ਤੇੜੇ ਤਾਂ ਹੋਊ। ਫਿਰ ਵੀ ਇਹਨੂੰ ਨਾਂਹ ਕਰੀ ਜਾਂਦੇ ਆ।

ਮਾਮੇ ਪੁਤਰ ਦੇ ਪਿੰਡ ਵੱਡੀ ਗਿਣਤੀ ਚ ਬਾਹਮਣ ਵਸਦੇ ਨੇ। ਕਈ ਲੜਨ-ਭਿੜਨ ਨੂੰ ਜੱਟਾਂ ਤੋਂ ਵੀ ਅੱਗੇ ਨਿਕਲ਼ ਜਾਂਦੇ ਨੇ। ਬਾਹਮਣਾਂ ਕਰਕੇ ਏਥੇ ਦੇਰ ਤੋਂ ਰਾਮ ਲੀਲਾ ਹੁੰਦੀ ਆਈ ਹੈ। ਹੁਣ ਦੁਸਿਹਰਾ ਵੀ ਲਗਦਾ ਹੈ। ਮਾਮੇ ਪੁੱਤਰ ਨੇ ਰਾਮ ਲੀਲਾ ਚ ਕਦੇ ਲਛਮਣ ਬਣਨਾ, ਕਦੇ ਸੀਤਾ ਤੇ ਕਦੇ ਭਰਥ ਬਣਨਾ, ਇਹਨੂੰ ਸਾਰੇ ਰੋਲ ਫਬ ਜਾਂਦੇ ਸੀ। ਸੀਤਾ ਦਾ ਬਾਹਲ਼ਾ ਜਚਦਾ।

ਜਦੋਂ ਇਹ ਵਲੈਤ ਆਇਆ, ਤਾਂ ਇਹਨੇ ਬੜੇ ਪਾਪੜ ਵੇਲੇ। ਏਅਰਪੋਰਟ 'ਤੇ ਨੌਕਰੀ ਲੱਭ ਗਈ। ਇਹਨੇ ਕਾਰ ਪਾਰਕ ਮਸ਼ੀਨਾਂ ਚੋਂ ਪੈਸੇ ਕੱਢ ਲੈਣੇ। ਇਹ ਛੇਤੀਂ ਹਿਰਨਾਂ ਦੇ ਸਿੰਙੀ ਚੜ੍ਹ ਗਿਆ। ਇਹਨੇ ਬੜਾ ਖਰੂਦ ਕਰਨਾ। ਅੱਤ ਚੱਕ ਲਈ। ਘਰਦੇ ਤਾਂ ਲਿਹਾਜ਼ ਕਰਦੇ ਸੀ, ਬਈ ਸਾਡੇ ਮਾਮੇ ਦਾ ਜਾਂ ਚਾਚੇ ਦਾ 'ਕੱਲਾ ਪੁੱਤ ਹੈ; ਛੋਟਾ ਹੈ। ਨਿਆਣਾ ਹੈ। ਬਿਗ਼ਾਨੇ ਪੁੱਤਾਂ ਨੂੰ ਕੀ। ਉਨ੍ਹਾਂ ਛੱਲੀਆਂ ਵਾਂਗ ਕੁੱਟ ਸਿੱਟਣਾ।

ਪਹਿਲਾਂ ਇਹਨੇ ਅਪਣੇ ਸਾਂਢੂ ਤੋਂ ਕੁੱਟ ਖਾਧੀ। ਫਿਰ ਬੱਸ ਚਲ ਸੋ ਚਲ। ਇਹਦੀ ਪਹਿਲੀ ਘਰ ਵਾਲ਼ੀ ਨੇ ਤਰਲ਼ੇ ਕਰਨੇ: ਓ ਬੰਦਿਆਂ ਰੱਬ ਦਿਆ, ਚੱਜ ਦੇ ਕੰਮ ਕਰ। ਕੁਛ ਨਿਆਣਿਆਂ ਦਾ ਸੋਚ। ਇਹਨੇ ਪੰਜ ਸੱਤ ਹੋਰ ਸੁਣਾ ਦੇਣੀਆਂ ਉਹਨੂੰ। ਨਾਲ਼ੇ ਗਾਲ਼ਾਂ ਦੀ ਵਾਛੜ ਸ਼ੁਰੂ ਕਰ ਦੇਣੀ।

ਇਹਨੇ ਸਾਊਥਾਲ ਇਹਨੇ ਬਰੌਡਵੇਅ ਤੇ ਖੜੋ ਕੇ ਹੋਕੇ ਦੇਣੇ: ਬਈ ਜੇ ਕਿਸੇ ਨੇ ਇੰਡੀਆਂ ਤੋਂ ਬੰਦਾ ਸੱਦਣਾ, ਤਾਂ ਮਈਨੂੰ ਦੱਸੋ। ਅਈਨੇ ਲੱਖ ਲੱਗੂ। ਲਿਆਓ ਪਾਸਪੋਰਟ ਹੁਣੇ ਈ। ਜੇ ਹੈ ਨਹੀਂ ਤਾਂ ਪਾਸਪੋਰਟ ਵੀ ਬਣਾ ਦਿਆਂਗੇ। ਇਹਨੂੰ ਬਥੇਰਾ ਵਰਜਣਾ। ਇਹਨੇ ਕਹਿਣਾ ਮੇਰਾ ਕੋਈ ਫਲਾਨਾ ਥੋਕ ਨਹੀਂ ਪੁੱਟ ਸਕਦਾ। ਮੈਨੂੰ ਨਹੀਂ ਪਤਾ ਇਹਨੇ ਕਿੱਦਾਂ ਕੀਤਾ, ਪਰ ਅੱਠ ਦਸ ਬੰਦੇ ਮੰਗਾਏ ਵੀ, ਸਣੇ ਬਾਪ ਦੇ। ਫਿਰ ਜਿੱਦਾਂ ਹੁੰਦੀ ਈ ਆ, ਕਈਆਂ ਦੇ ਪੈਸੇ ਮਰ ਗਏ। ਬਾਅਦ ਚ ਪਤਾ ਲੱਗਾ, ਬਈ ਇਹਨੂੰ ਤਾਂ ਸ਼ਿਕਾਰ ਕੱਢਣ ਨੂੰ ਰੱਖਿਆ ਹੋਇਆ ਸੀ। ਵੱਡੀਆਂ ਮੱਛੀਆਂ ਤਾਂ ਪਿੱਛੇ ਸੀ। ਜਿਨ੍ਹਾਂ ਦੇ ਪੈਸੇ ਮਰ ਗਏ ਸੀ, ਉਹ ਪਿੱਛੇ ਮਾਮੀ ਨੂੰ ਤੰਗ ਕਰਿਆ ਕਰਨ। ਕਈ ਕਿਹਾ ਕਰਨ: ਬੰਦੇ ਬਣ ਕੇ ਜਾਂ ਸਾਡੇ ਪੈਸੇ ਦੇ ਦਿਓ ਜਾਂ ਵਲੈਤ ਪੁਚਾਓ। ਨਹੀਂ, ਤਾਂ ਅਸੀਂ ਤੈਨੂੰ ਚੱਕ ਕੇ ਲੈ ਜਾਣਾ। ਮਾਮੀ ਕਿਹਾ ਕਰੇ: ਪੈਸੇ ਮੈਨੂੰ ਪੁੱਛ ਕੇ ਦਿਤੇ ਸੀ। ਜਿਹਨੂੰ ਦਿੱਤੇ ਸੀ ਉਹਨੂੰ ਪੁੱਛੋ ਜਾ ਕੇ ਜਾਂ ਜਦੋਂ ਆਊਗਾ, ਲੈ ਲਿਓ। ਪਿੰਡਾਂ ਚ ਏਦਾਂ ਦੀਆਂ ਗੱਲਾਂ ਕਿੱਥੇ ਚਲਦੀਆਂ। ਓਥੇ ਤਾਂ ਜਿਹਦੀ ਡਾਂਗ ਉਹਦਾ ਈ ਜ਼ੋਰ। ਮਾਮੀ ਪਿੱਛੇ ਕੱਲੀ ਸੀ। ਹੌਲ਼ੀ-ਹੌਲ਼ੀ ਮਾਮੇ ਨੇ ਮਿਹਨਤ ਕਰਕੇ ਸਾਰੇ ਪੈਸੇ ਲਾਹੇ।

ਇਹਦੀ ਪਹਿਲੀ ਵਹੁਟੀ ਇਹਨੂੰ ਮਾੜੇ ਕੰਮੋਂ ਹੋੜਦੀ ਸੀ। ਉਹਦਾ ਬਾਪ ਆਪ ਡਰੱਗ-ਸਮੱਗਲਿੰਗ ਵਿਚ ਜੇਲ੍ਹ ਹੋਇਆ ਸੀ। ਉਹ ਨਹੀਂ ਸੀ ਚਾਹੁੰਦੀ, ਇਹ ਵੀ ਓਸੇ ਰਾਹ ਈ ਤੁਰੇ। ਇਨ੍ਹਾਂ ਦੀ ਅਣਬਣ ਵਧਦੀ ਗਈ। ਤੂੰ ਤੜਾਕ ਤੋਂ ਵੱਧਦੀ ਵੱਧਦੀ ਗੱਲ ਤਲਾਕ ਤਕ ਚਲੇ ਗਈ। ਫਿਰ ਇਹਨੇ ਦੋਂਹ ਧੀਆਂ ਦੀ ਮਾਂ ਨੂੰ ਛੱਡ ਕੇ ਮਾਹੂੰਵਾਲ਼ ਤੋਂ ਐੱਮ ਏ ਕਰਦੀ ਕੁੜੀ ਵਿਆਹ ਲਿਆਂਦੀ। ਜਦੋਂ ਦੂਜੀ ਨਾਲ਼ ਇਹਨੇ ਲੜਨਾ ਤਾਂ ਉਹਨੂੰ ਡਰਾਵਾ ਦੇਣਾ: ਅਗਲੀ ਵਾਰੀ ਮੈਂ ਪੀ ਐੱਚ ਡੀ ਵਿਆਹ ਕੇ ਲਿਆਉਣੀਂ ਆ। ਇਹਨੇ ਦੂਜੀ ਵਹੁਟੀ ਨਾਲ਼ ਵੀ ਕੁੱਤ-ਖਾਨਾ ਕਰੀ ਰੱਖਣਾ। ਉਹਨੂੰ ਸ਼ਰਾਬ ਪੀ ਕੇ ਕੁੱਟਣਾ ਵੀ। ਨਿਆਣਿਆਂ ਨੂੰ ਵੀ ਦਬਕਣਾ। ਅਖ਼ੀਰ ਉਹਨੇ ਪੁਲਸ ਵੀ ਬੁਲਾ ਲੈਣੀ। ਇਹਨੇ ਘਰੋਂ ਨੱਠ ਤੁਰਨਾ। ਕਿਤੇ ਨਾ ਕਿਤੇ ਲੁਕ ਜਾਣਾ। ਧੋ-ਦੋ ਤਿੰਨ-ਤਿੰਨ ਦਿਨ ਮੁੜਨਾ ਈ ਨਾ।

ਇਹਨੂੰ ਅਕਲ ਨਾ ਆਉਣੀ ਸੀ, ਨਾ ਆਈ। ਇਹਨੇ ਭੰਗਾਲੇ ਦੇ ਕਿਸੇ ਆਦਮੀ ਨਾਲ਼ ਭਿਆਲ਼ੀ ਪਾ ਲਈ। ਅਖੇ ਟਰਾਲਿਆਂ ਚ ਜਾਹਲੀ ਬੰਦੇ ਸੱਦਿਆ ਕਰਾਂਗੇ। ਉਹ ਆਪ ਡੁਬੱਈਓਂ ਭੱਜ ਕੇ ਆਇਆ ਸੀ। ਇਸ ਕੰਮ ਲਈ ਇਹਨੇ ਇਕ ਮਕਾਨ ’ਤੇ ਪੰਦਰਾਂ ਹਜ਼ਾਰ ਪੌਂਡ ਦਾ ਕਰਜ਼ਾ ਵੀ ਚੁੱਕ ਲਿਆ। ਭਗਾਲ਼ੇ ਵਾਲ਼ੇ ਭਾਈ ਨੂੰ ਘਰੇ ਛੱਡ ਕੇ ਆਪ ਪੰਜਾਬ ਚਲਾ ਗਿਆ। ਜਦੋਂ ਮੁੜ ਕੇ ਆਇਆ ਤਾਂ, ਜਿਹੜੇ ਜਹਾਜ਼ੇ ਇਹ ਮੁੜ ਕੇ ਆਇਆ ਸੀ, ਓਸੇ ਜਹਾਜ਼ੇ ਭਗਾਲ਼ੇ ਵਾਲ਼ਾ ਗੁਰਮੁਖ ਭਾਈ ਚੜ੍ਹ ਗਿਆ। ਇਹਦੇ ਪੈਸੇ ਵੀ ਲੈ ਗਿਆ – ਹੋਰ ਵੀ ਨਿਕ ਨਿਕਾ ਸਮਾਨ ਵੀ ਲੈ ਗਿਆ। ਇਹ ਉਹਦੇ ਮਗਰੇ ਹੀ ਜਾਣ ਨੂੰ ਫਿਰੇ। ਕਹੇ ਮੈਂ ਓਹਦੀ ਭੈਣ … ਦਊਂ। ਮੈਂ ਓਹਦੀ ਮਾਂ ਨੂੰ ਐਹ ਕਰੂੰ, ਔਹ ਕਰੂੰ। ਮੈਂ ਉਹਦੀ … ਕੁਟਵਾਊਂ। ਡੱਕਣ ਦੇ ਬਾਵਜੂਦ ਵੀ ਇਹ ਉਹਦੇ ਮਗਰ ਚਲਾ ਗਿਆ। ਇਹਨੂੰ ਸਮਝਾਇਆ ਵੀ, ਬਈ ਜਿੰਨੇ ਪੈਸੇ ਦਿੰਦਾ, ਓਨੇ ਲੈ ਲਾ। ਫਿਰ ਜੋ ਕਰਨਾ ਹੋਇਆ, ਕਰੀ ਜਾਈਂ। ਉਹ ਅਪਣੇ ਘਰੇ ਮੰਨ ਵੀ ਗਿਆ। ਕਹਿੰਦਾ: ਆਹ ਲੈ ਥੋੜ੍ਹੇ ਜਿਹੇ ਲੈ ਲਓ, ਬਾਕੀ ਦੇ ਮੈਂ ਹੌਲ਼ੀ-ਹੌਲ਼ੀ ਦੇ ਦਊਂ। ਇਹ ਆਖੇ: ਨਹੀਂ ਸਾਰੇ ਹੀ ਦੇਹ। ਹੁਣੇ ਈ। ਉਹਨੇ ਝੱਗਾ ਚੁੱਕ ਦਿਖਾਇਆ। ਕਹਿੰਦਾ: ਤੂੰ ਮੈਨੂੰ ਕਿਹੜੇ ਵੇਲੇ ਪੈਸੇ ਦਿੱਤੇ ਸੀ। ਇਹਨੇ ਠਾਣੇ ਕੇਸ ਕੀਤਾ। ਉਹਨੇ ਠਾਣੇਦਾਰ ਵੀ ਬੰਨ੍ਹ ਲਿਆ। ਇਹ ਤਾਂ ਪੰਜ ਸੱਤ ਬੰਦੇ ਲੈ ਕੇ ਜਾਇਆ ਕਰੇ। ਉਹ ਕੱਲਾ ਹੀ ਸਾਇਕਲ ਤੇ ਆਇਆ ਕਰੇ। ਪੁਲਸੀਏ ਕਹਿਣ: ਲਿਆ ਸਬੂਤ ਦਿਖਾ, ਕਿੰਨੇ ਪੈਸੇ ਦਿੱਤੇ ਆ ਤੂੰ, ਇਹਨੂੰ। ਦੂਜੇ ਤੀਜੇ ਦਿਨ, ਠਾਣੇਦਾਰ ਮੁੱਛਾਂ ਤੋਂ ਦੀ ਹੱਥ ਫੇਰਦਾ ਕਹਿੰਦਾ: ਅੱਛਾ… ਤੂੰ ਜਾਹਲੀ ਬੰਦੇ ਲਿਜਾਣੇ ਸੀ, ਵਲੈਤ ਨੂੰ। ਇਹ ਕੰਮ ਕਰਦਾਂ ਤੂੰ ਫੇਰ, ਹੈਂਅ…। ਇਹਦੇ ਨਾਲ਼ ਗਏ ਸਲਾਹੂਆਂ ਨੂੰ ਖੁੜਕ ਗਈ। ਬਈ ਪੁਲਿਸ ਵਾਲ਼ੇ ਤਾਂ ਇਹਨੂੰ ਈ ਟੁੰਗਣ ਨੂੰ ਫਿਰਦੇ ਸੀ। ਇਹ ਓਸ ਰਾਤ ਘਰੇ ਨਾ ਸੁੱਤਾ। ਕਿਸੇ ਸਰਪੰਚ ਦੇ ਘਰ ਲੁਕਿਆ। ਸਵੇਰੇ ਈ ਜਹਾਜ਼ੇ ਚੜ੍ਹ ਆਇਆ। ਏਥੇ ਆ ਕੇ ਕਹਿੰਦਾ ਫਿਰੇ: ਯਾਰ ਮੈਂ ਤਰਸ ਖਾਧਾ। ਉਹਦੀਆਂ ਸਾਲ਼ੇ ਲੰਗੜੇ ਦੀਆਂ ਤਿੰਨ ਛੋਟੀਆਂ ਛੋਟੀਆਂ ਕੁੜੀਆਂ ਸੀ, ਮੈਂ ਕਿਹਾ: ਕੈਦੋ ਸਾਲ਼ਿਆ ਤੂੰ ਤਾਂ ਮੇਰੇ ਨਾਲ਼ ਬੇਈਮਾਨੀ ਕੀਤੀ। ਜਾਹ, ਮੈਂ ਤੇਰੀਆਂ ਤਿੰਨਾਂ ਧੀਆਂ ਦੇ ਮੂੰਹ ਨੂੰ ਤੈਨੂੰ ਮੁਆਫ਼ ਕੀਤਾ।

ਬਾਪ ਦੀ ਮਿਹਨਤ ਨਾਲ਼ ਕੀਤੀ ਕਮਾਈ ਨਾਲ ਇਹਨੇ ਇੱਕ ਮਕਾਨ ਹੋਰ ਖ਼ਰੀਦ ਲਿਆ ਸੀ। ਇਕ ਮਕਾਨ ਕਿਰਾਏ ’ਤੇ ਦੇ ਦਿੱਤਾ। ਓਥੇ ਕੋਈ ਛਟੀ ਹੋਈ ਜ਼ਨਾਨੀ ਕਿਰਾਏਦਾਰ ਪਾ ਦਿੱਤੀ। ਉਸ ਤੀਂਵੀਂ ਨੇ ਪਹਿਲਾਂ ਕਿਸੇ ਪਾਕਿਸਤਾਨੀ ਨਾਲ਼ ਵਿਆਹ ਕਰਾਇਆ ਸੀ। ਇਹਨੂੰ ਛੱਡਕੇ ਆਵਦੇ ਜੀਜੇ ਨਾਲ਼ ਰਹਿਣ ਲੱਗ ਪਈ ਸੀ। ਭੈਣ ਦੇ ਨਿਆਣੇ ਸਾਂਭਦੀ ਸੀ। ਇਹਦੀ ਛੋਟੀ ਭੈਣ ਪੁੱਤ ਨੂੰ ਜਨਮ ਦਿੰਦਿਆਂ ਪੂਰੀ ਹੋ ਗਈ ਸੀ। ਹੁਣ ਜੀਜਾ ਸਾਲੀ ’ਕੱਠੇ ਹੋ ਗਏ ਸੀ। ਇਹ ਕਿਰਾਇਆ ਵੀ ਨਹੀਂ ਸੀ ਦਿੰਦੀ। ਉੱਤੋਂ ਘਰ ਦਾ ਸਾਮਾਨ ਵੀ ਖ਼ਰਾਬ ਕਰਦੀ ਸੀ। ਇਹ ਜਾ ਕੇ ਉਹਨੂੰ ਅਵਾ-ਤਵਾ ਬੋਲ ਆਇਆ। ਉਹ ਮੋੜ ਕੇ ਕਹਿੰਦੀ: ਮੇਰੇ ਭਰਾ ਜੇਲ੍ਹ ਚ ਛੁੱਟੀਆਂ ਮਨਾਉਣ ਜਾਂਦੇ ਆ। ਅਜੇ ਹੁਣੇ ਬਾਹਰ ਆਏ ਈ ਆ। ਮੈਂ ਹੁਣੇ ਜਾ ਕੇ ਦਸਦੀ ਆਂ ਉਨ੍ਹਾਂ ਨੂੰ, ਬਈ ਇਹ ਮੈਨੂੰ ਗਾਲ਼੍ਹਾਂ ਕੱਢਦਾ। ਇਹ ਸੁਣ ਕੇ ਇਹਨੂੰ ਮੋਕਾਂ ਲੱਗ ਗਈਆਂ। ਡਰਦਾ ਬਾਹਰ ਨਾ ਨਿਕਲ਼ਿਆ ਕਰੇ। ਕੰਬਲ਼ ਲੈ ਕੇ ਅੰਦਰ ਹੀ ਪਿਆ ਰਿਹਾ ਕਰੇ। ਕਹਿੰਦਾ: ਭਾ ਜੀ ਮੇਰੇ ਛੋਟੇ-ਛੋਟੇ ਨਿਆਣੇ ਆ। ਜੇ ਕੋਈ ਚੰਗੀ ਮਾੜੀ ਹੋ ਗਈ ਤਾਂ ਇਹ ਕੀ ਕਰਨਗੇ?

ਮਾਮੇ ਪੁੱਤਰ ਨੇ ਆਪ ਟਿਕ ਕੇ ਕੰਮ ਤਾਂ ਕੀਤਾ ਨਹੀਂ। ਇਹਦੇ ਜਾਨਣ ਵਾਲ਼ਿਆਂ ਇਹਦੀ ਤਿੰਨ ਮਹੀਨੇ ਦੀ ਹੱਦ ਮਿਥੀ ਹੋਈ ਹੈ। ਬਈ ਜੇ ਇਹ ਤਿੰਨ ਮਹੀਨਿਆਂ ਤੋਂ ਵੱਧ ਕਿਤੇ ਟਿਕ ਕੇ ਕੰਮ ਕਰ ਲਵੇ ਤਾਂ, ਕਰਾਮਾਤ ਹੋਊ। ਬਸ ਇਹਨੇ ਬਾਪ ਦੀ ਕਮਾਈ ਨਾਲ਼ ਹੀ ਐਸ਼

ਕੀਤੀ। ਬਾਪ ਦੀ ਕਮਾਈ ਸਿਰੋਂ ਕਦੇ ਕਨੇਡਾ, ਕਦੇ ਅਮਰੀਕਾ, ਕਦੇ ਸਪੇਨ ਤੇ ਕਦੇ ਗਰੀਸ ਫਿਰਦਾ ਰਿਹਾ। ਜਦੋਂ ਮਾਮੇ ਨੇ ਨਾਂਹ-ਨੁੱਕਰ ਕਰਨੀ, ਇਹਨੇ ਪਹਿਲਾਂ ਤਾਂ ਆਵਦੀ ਘਰ ਵਾਲ਼ੀ ਨੂੰ ਕਹਿਣਾ ਕਿ ਉਹ ਮਾਮੇ ਤੋਂ ਭੋਚਲ਼ ਕੇ ਪੈਸੇ ਲੈ ਕੇ ਦੇਵੇ। ਜੇ ਫਿਰ ਵੀ ਗੱਲ ਨਾ ਬਣਨੀ ਤਾਂ ਇਹਨੇ ਨਿਆਣਿਆਂ ਤੋਂ ਅਖਵਾ ਲੈਣਾ। ਜਦੋਂ ਇਹ ਦਾਅ ਵੀ ਚੱਲਣੋਂ ਹਟ ਗਿਆ, ਤਾਂ ਇਹ ਮਾਮੇ ਨੂੰ ਬੁਰਾ-ਭਲਾ ਕਹਿਣ ਲੱਗ ਪਿਆ। ਘਰੋਂ ਬਾਹਰ ਕੱਢ ਦੇਣਾ। ਫਿਰ ਹੱਥ ਚੱਕਣ ਲੱਗ ਪਿਆ। ਮੈਂ ਕਹਿਣਾ: ਮਾਮਾ ਜੇ ਰੋਟੀ ਹੀ ਖਾਣੀ ਆਂ, ਤਾਂ ਮੇਰੇ ਕੋਲ ਆ ਜਾਹ। ਮਾਮੇ ਨੇ ਕਹਿਣਾ: ਮੇਰਾ ਪੋਤੇ ਪੋਤੀ ਬਿਨਾਂ ਦਿਲ ਨਹੀਂ ਲਗਣਾ।

ਮਾਮੇ ਪੁੱਤਰ ਨੇ ਪਿੱਛੇ ਜਾਣਾ, ਤਾਂ ਨਿਆਣਿਆਂ ਨੂੰ ਫਿਰਾਉਣ ਲੈ ਜਾਣਾ। ਆਪ ਬਹਾਨੇ ਨਾਲ਼ ਸ਼ਰਾਬ ਪੀਣ ਲੱਗ ਜਾਣਾ। ਫਿਰ ਇਹਨੂੰ ਕੋਈ ਫ਼ਿਕਰ ਨਹੀਂ ਸੀ ਹੁੰਦਾ। ਇਹਦੀ ਦੂਜੀ ਘਰ ਵਾਲ਼ੀ ਨੇ ਬੋਲਣਾ। ਉਹਨੇ ਕਹਿਣਾ ਤੂੰ ਜਿੱਥੇ ਜਾਣਾ ਜਾਹ। ਪਰ ਮੈਂ ਤੇਰੇ ਨਾਲ਼ ਨਿਆਣੇ ਨਹੀਂ ਘੱਲਣੇ। ਜਦ ਸ਼ਰਾਬ ਪੀ ਕੇ ਤੈਨੂੰ ਇਹਨਾਂ ਦੀ ਪ੍ਰਵਾਹ ਹੀ ਨਹੀਂ, ਮੈਂ ਨਿਆਣੇ ਕਿਉਂ ਘੱਲਾਂ। ਤੂੰ ਤਾਂ ਨਿਆਣੇ ਗੁਆ ਦੇਵੇਂਗਾ। ਉਹਨੇ ਨਿਆਣੇ ਇਹਦੇ ਨਾਲ਼ ਜਾਣੋਂ ਬੰਦ ਕਰ ਦਿੱਤੇ।

ਅਖ਼ੀਰ ਮਾਮਾ ਘਰੋਂ ਨਿਕਲ ਈ ਗਿਆ। ਕਿਤੇ ਹੋਰ ਚਲਾ ਗਿਆ। ਇਹਨੇ ਫਿਰ ਨਿਆਣਿਆਂ ਵਾਲ਼ੀ ਚਾਲ ਖੇਡੀ। ਪਰ ਚੱਲੀ ਨਹੀਂ। ਇਕ ਵਾਰ ਮਾਮਾ ਇਹਦੇ ਘਰ ਆਇਆ। ਮਾਮੇ ਪੁੱਤਰ ਨੇ ਬੂਹਾ ਖੋਲ੍ਹਿਆ। ਮਾਮਾ ਕਹਿੰਦਾ: ਮੈਂ ਨਿਆਣਿਆਂ ਨੂੰ ਦੇਖਣ ਆਇਆਂ। ਇਹ ਕਹਿੰਦਾ: ਉਹ ਗੁਰਦੁਆਰੇ ਪੰਜਾਬੀ ਪੜ੍ਹਨ ਗਏ ਆ। ਮਾਮਾ ਕਹਿੰਦਾ: ਚਲ ਮੈਂ ਓਥੇ ਹੀ ਦੇਖ ਲੈਨਾਂ। ਇਹਨੇ ਨਾ ਮਾਮੇ ਨੂੰ ਕਿਹਾ, ਬਈ ਅੰਦਰ ਆ ਜਾ, ਨਾ ਕਿਹਾ ਬਹਿ ਜਾ, ਨਾ ਪਾਣੀ ਨਾ ਧਾਣੀ। ਮਾਮਾ ਸਿੱਧਾ ਓਥੋਂ ਹੀ ਆ ਗਿਆ। ਮੁੜ ਘਰ ਨਹੀਂ ਵੜਿਆ।

ਇਹਨੇ ਦੂਜੀ ਤੀਵੀਂ ਨਾਲ਼ ਵੀ ਉਹੀ ਕੀਤੀ। ਉਹਨੂੰ ਕਿਸੇ ਤਰ੍ਹਾਂ ਭੋਚਲ ਕੇ ਮਨਾ ਲਿਆ। ਕਹਿੰਦਾ: ਆਪਾਂ ਕਾਗ਼ਜ਼ਾਂ ਚ ਤਲਾਕ ਲੈ ਲੈਨੇ ਆਂ। ਤੇਰੇ ਭਰਾ ਭਰਜਾਈ ਨੂੰ ਮੰਗਵਾ ਲਵਾਂਗੇ। ਤੂੰ ਆਵਦੇ ਭਰਾ ਨੂੰ ਮਗਾ ਲਈਂ, ਮੈਂ ਉਹਦੀ ਘਰ ਵਾਲ਼ੀ ਨੂੰ ਵਿਆਹ ਕਰਕੇ ਸੱਦ ਲਊਂ। ਪਰ ਇਹ 'ਕੱਠੇ ਰਹਿੰਦੇ ਰਹੇ। ਇਹਦੇ ਮਨ ਚ ਤਾਂ ਮੈਲ਼ ਸੀ। ਜਦੋਂ ਕਦੇ ਤਿੜ ਫਿੜ ਹੋਣੀ, ਇਹਨੇ ਕਹਿਣਾ: ਤੇਰਾ ਮੇਰਾ ਤਾਂ ਨਿਬੇੜਾ ਹੋਇਆ ਹੋਇਆ। ਆਵਦਾ ਚੱਕ ਡੰਡਾ ਡੇਰਾ ਤੇ ਨਿਕਲ਼ ਜਾਹ ਏਥੋਂ। ਦੂਸਰੇ ਘਰ ਚਲੀ ਜਾਹ। ਦੇਖ ਲਈਂ, ਐਤਕੀਂ ਮੈਂ ਡਾਕਟਰਨੀ ਵਿਆਹ ਕੇ ਲਿਆਊਂ। ਆਪ ਤਾਂ ਇਹ ਟਿਕ ਕੇ ਕੰਮ ਕਰਦਾ ਨਹੀਂ ਸੀ। ਘਰ ਵਾਲ਼ੀ ਕੋਲੋਂ ਪੈਸੇ ਲੈ ਕੇ ਫਿਰ ਪਿੰਡ ਚਲਾ ਗਿਆ। ਅਖ਼ਬਾਰ ਚ ਇਸ਼ਤਿਹਾਰ ਦੇ ਦਿੱਤਾ: 42 ਸਾਲਾਂ ਦਾ ਡਿਵੋਰਸਡ ਮਰਦ, ਰੰਗ ਗੋਰਾ। ਅੱਖਾਂ ਬਿੱਲੀਆਂ। ਕੱਦ 5 ਫੁੱਟ 7 ਇੰਚ। ਬ੍ਰਿਟਿਸ਼ ਨਾਗਰਿਕ ਲਈ ਸੁੰਦਰ ਰਿਸ਼ਤੇ ਦੀ ਲੋੜ ਹੈ। ਇਹਨੂੰ ਮਾਰੋ ਮਾਰ ਟੈਲੀਫੂਨ ਆਉਣ ਲੱਗੇ। ਕੋਈ ਬਰਨਾਲਿਓਂ। ਕੋਈ ਭੋਗਪੁਰੋਂ। ਕੋਈ ਸੰਗਰੂਰੋਂ। ਕੋਈ ਰੋਪੜੋਂ ਤੇ ਕੋਈ ਅੰਬਰਸਰੋਂ। ਸੰਗਰੂਰ ਵਾਲ਼ੇ ਕਹਿੰਦੇ: ਅਸੀ ਏਧਰ ਨੇੜੇ ਆਏ ਹੋਏ ਸੀ, ਸੋਚਿਆ ਲੜਕੇ ਨੂੰ ਝਾਤੀ ਮਾਰ ਚੱਲੀਏ। ਇਹ ਕਹਿੰਦਾ: ਮੈਂ ਤਾਂ ਘਰ ਨਹੀਂ ਆਪਣੀ ਭੈਣ ਦੇ ਘਰ ਬਡਾਲ਼ੇ ਚੱਲਿਆਂ, ਓਥੇ ਆ ਜਾਓ। ਉਹ ਆ ਕੇ ਕਹਿੰਦੇ ਆਹ ਦੇਖ ਲਓ ਕੁੜੀ ਦੀ ਫੋਟੋ। ਨਾ ਮਾਮੀ ਨੂੰ ਪਤਾ ਸੀ ਨਾ ਮਾਮੇ ਨੂੰ ਤੇ ਨਾ ਇਹਦੇ ਘਰ ਵਾਲ਼ੀ ਨੂੰ। ਮਾਮੀ ਕਹਿੰਦੀ: ਸਾਨੂੰ ਲੋੜ ਨਹੀਂ ਜੀ ਫੋਟੋ ਦੀ। ਜੇ ਇਹਨੇ ਦੇਖਣੀ ਤਾਂ ਦੇਖੇ। ਜਦੋਂ ਪਤਾ ਲੱਗਾ ਤਾਂ ਭੜਥੂ ਪੈ ਗਿਆ। ਇਹਦਾ ਭਣਵੱਈਆਂ ਕਹਿੰਦਾ: ਜੇ ਤੂੰ ਏਦਾਂ ਕਰਨੀ ਤਾਂ, ਆਪਣੀ ਭੈਣ ਨੂੰ ਵੀ ਲੈ ਜਾਹ। ਇਹਦੇ ਸਹੁਰੇ ਔਂਡ ਕਹਿਣ, ਅਸੀਂ ਇਹਨੂੰ ਬੰਦਾ ਬਣਾ ਦਿਆਂਗੇ। ਐਸਾ ਤੁੱਕੇ ਆਂਗੂੰ ਸਿੱਧਾ ਕਰਾਂਗੇ ਕਿ ਇਹਦੀਆਂ ਪੁਸ਼ਤਾਂ ਵੀ ਯਾਦ ਰੱਖਣਗੀਆਂ। ਇਹਦੀ ਘਰ ਵਾਲ਼ੀ ਨੇ ਇਹਨੂੰ ਫਿਰ ਬਚਾ ਲਿਆ। ਆਵਦੇ ਮਾਂ-ਬਾਪ ਨੂੰ ਕਹਿੰਦੀ: ਤੁਸੀਂ ਇਹਨੂੰ ਕੁਛ ਨਾ ਕਿਹੋ, ਮੈਂ ਆਪੇ ਇਹਦੇ ਨਾਲ਼ ਗੱਲ ਕਰ ਲਊਂਗੀ।

ਬਾਕੀ ਦੀ ਇਹਦੀ ਕਿਵੇਂ ਲੰਘਣੀ ਹੈ, ਇਹ ਦਾ ਰੱਬ ਜਾਣੇ। ਭਲੀ ਹੋਵੇ।■

## ਗੁਰਦਾਸ ਰਾਮ ਆਲਮ

ਨਾ ਮੈਂ ਜਾਣਾ ਆਲਮ ਕੌਣ। ਨਾ ਇਹਦੇ ਮੈਹਨੇ ਪਤਾ। ਨਾ ਪਤਾ, ਬਈ ਇਹ ਕਿਸੇ ਬੰਦੇ ਦਾ ਨਾਂ ਹੈ। ਜਾਂ ਇਹ ਕੀ ਕਰਦਾ ਏ; ਜਾਂ ਕਿੱਥੋਂ ਦਾ ਏ। ਇਹਦੇ ਨਾਲ ਮੇਰੀ ਜਾਣ ਪਛਾਣ ਸੁੱਤੇ-ਸਿੱਧ ਹੋਈ ਸੀ – ਅਣਭੋਲ਼ ਬਾਲ ਵਰੇਸ ਚ।

ਸਬੱਬ ਇਹ ਬਣਿਆ ਕਿ ਨਿੱਕੇ ਹੁੰਦਿਆਂ ਮੇਰੇ ਹੱਥ ਇਕ ਕਿਤਾਬ ਆ ਗਈ। ਮੈਨੂੰ ਅਜੇ ਵੀ ਨਹੀਂ ਪਤਾ ਕਿ ਇਹ ਕਿਤਾਬ ਕਿੱਥੋਂ ਆਈ ਸੀ। ਕਿਹਨੇ ਦਿੱਤੀ ਸੀ। ਇਹਦੇ ਲਿਖਾਰੀ ਦਾ ਵੀ ਮੈਨੂੰ ਨਹੀਂ ਸੀ ਪਤਾ। ਹਾਂ ਕਦੇ ਕਦੇ ਆਖ਼ਰੀ ਜਾਂ ਆਖ਼ਰੀ ਤੋਂ ਪਹਿਲੀ ਸਤਰ ਚ ਸ਼ਬਦ 'ਆਲਮ' ਆਉਂਦਾ ਸੀ। ਕਿਤਾਬ ਦਾ ਰੰਗ ਘਸਮੈਲ਼ਾ ਸੀ- ਮਿੱਟੀ ਰੰਗਾ। ਕਿਤਾਬ ਦੇ ਪੰਜ ਸਤ ਅਗਲੇ ਤੇ ਪਿਛਲੇ ਵਰਕੇ ਹੈ ਨਾ ਸੀ। ਇਹ ਮੇਰੀ ਗੁਰਦਾਸ ਰਾਮ ਆਲਮ ਨਾਲ ਪਹਿਲੀ ਸਿਆਣ ਸੀ ਤੇ ਇਹੋ ਮੇਰਾ ਸਿਆਸੀ ਕਵਿਤਾ ਨਾਲ ਪਿਆ ਪਹਿਲਾ ਵਾਹ।

ਸੁਖੈਲ ਸੁਵੱਲੀਆਂ ਕਵਿਤਾਵਾਂ ਇਕ ਇਕ ਮੇਰੇ ਚੇਤੇ ਚ ਕਰਕੇ ਚੜ੍ਹਦੀਆਂ ਗਈਆਂ; ਮੂੰਹ-ਜ਼ਬਾਨੀ ਯਾਦ ਹੋ ਗਈਆਂ। ਦਹਾਕੇ ਲੰਘ ਗਏ ਨੇ, ਪਰ ਕਈ ਕਵਿਤਾਵਾਂ ਅਜੇ ਵੀ ਮੈਨੂੰ ਅੱਧ-ਪਚੱਧੀਆਂ ਯਾਦ ਹਨ। ਇਨ੍ਹਾਂ ਕਰਕੇ ਮੇਰੀ ਪਿੰਡ ਦੇ ਸਿਆਣੇ ਬੰਦਿਆਂ ਚ ਪੁੱਛ ਪ੍ਰਤੀਤ ਬਣ ਗਈ। ਉਹ ਮੈਨੂੰ ਬੀਬਾ ਮੁੰਡਾ ਗਿਣਨ ਲੱਗ ਪਏ। ਮੈਥੋਂ ਕਵਿਤਾਵਾਂ ਸੁਣਦੇ। ਅਜੇ ਪਹਿਲੀ ਮਸਾਂ ਨਿਬੜਦੀ, ਇਹ ਮੈਨੂੰ ਅਗਲੀ ਸੁਣਨ ਦੀ ਫਰਮਾਇਸ਼ ਕਰਦੇ। ਮੈਂ ਸੁਣਾਉਂਦਾ:

ਨੀ ਅਜ਼ਾਦੀਏ ਡੱਬ ਖੜੱਬੀਏ ਨੀ,
ਕਿਉਂ ਨਹੀਂ ਦਿਲ ਮਜ਼ਲੂਮਾਂ ਨੂੰ ਲਾਉਣ ਦਿੰਦੀ।
ਕੰਨ ਬੰਦ ਕਰ ਲੈ ਜੇ ਤੈਨੂੰ ਬੁਰਾ ਲਗਦਾ,
ਨਾ ਤੂੰ ਰੋਣ ਦੇਵੇਂ ਨਾ ਤੂੰ ਸੌਣ ਦਿੰਦੀ।

ਲੱਖਾਂ ਲਾਲ ਲੈ ਕੇ ਮੂੰਹ ਵਿਖਾਈ ਸਾਥੋਂ,
ਨੇੜੇ ਆਪਣੇ ਅਜੇ ਨਹੀਂ ਆਉਣ ਦਿੰਦੀ।
ਆਪ ਖ਼ੁਦਮੁਖਤਾਰੀ ਦੀ ਚੱਕੀ ਹੋਈਂ ਏਂ
ਸਾਨੂੰ ਛੱਪੜ ਦੇ ਵਿਚ ਵੀ ਨਹੀਂ ਨ੍ਹਾਉਣ ਦਿੰਦੀ।

ਤੈਨੂੰ ਟੋਹ ਲਿਆ ਏ ਤੂੰ ਵੱਡਿਆਂ ਘਰਾਂ ਦੀ ਏਂ,
ਤੇਰੇ ਬਿਰਲਾ, ਮਮਦੋਟ ਨਿਜ਼ਾਮ ਨੇ ਪੁੱਤ।
ਅਸੀਂ ਕਿਸੇ ਵੀ ਮੁਲਕ ਵਿਚ ਨਹੀਂ ਸੁਣਿਆ,
ਪਿਓ ਅਜ਼ਾਦ ਤੇ ਜੀਹਦੇ ਗ਼ੁਲਾਮ ਨੇ ਪੁੱਤ।

ਚਾਹੇ ਸਾਬਤ ਕਰ ਕਿ ਮੈਂ ਹਿੰਦੋਸਤਾਨ ਦਾ ਨਹੀਂ,
ਲੈਂਦਾ ਫੇਰ ਮੈਂ ਕਿਸੇ ਕੋਲ਼ ਨਾਂ ਕੋਈ ਨਹੀਂ।
ਇਕ ਬਾਪ ਦੇ ਅਸੀਂ ਹਾਂ ਪੁੱਤ ਸਾਰੇ,
ਵੱਖੋ ਵੱਖਰਾ ਸਾਡਾ ਗਿਰਾਂ ਕੋਈ ਨਹੀਂ।

ਦੇਖਣ ਵਾਲਾ ਮੁਸੱਵਰ ਤੇ ਕਰੂ ਗੁੱਸਾ,
ਇਸ ਤਸਵੀਰ ਦਾ ਮੂੰਹ ਤੇ ਬਾਂਹ ਕੋਈ ਨਹੀਂ।
ਹਿੰਦੁਸਤਾਨ ਵਿਚ ਇਕ ਆਜ਼ਾਦ ਹਿੰਦੀ,

ਰੂੜੀ ਸੁਟਣ ਨੂੰ ਜੀਹਦੇ ਕੋਲ਼ ਥਾਂ ਕੋਈ ਨਹੀਂ।

ਏਦਾਂ ਦੀ ਸਿੱਧੀ ਸਪਾਟ ਕਵਿਤਾ ਨੂੰ ਕਿਸੇ ਵਿਆਖਿਆ ਦੀ ਲੋੜ ਨਹੀਂ ਹੁੰਦੀ। ਸਾਫ਼ ਸਾਫ਼ ਤਾਂ ਗੱਲਾਂ ਸੀ। ਲੋਕਾਂ ਦੇ ਦੁੱਖ ਦਰਦ ਦੀਆਂ; ਆਮ ਲੋਕਾਂ ਲਈ ਆਖੀਆਂ ਗੱਲਾਂ। ਆਮ ਲੋਕਾਂ ਦੀ ਸਮਝ ਚ ਆ ਜਾਣ ਵਾਲੀਆਂ। ਕਵਿਤਾ ਦਾ 'ਕੱਲਾ 'ਕੱਲਾ ਬੋਲ ਜਗਮਗ ਜਗਮਗ ਕਰਦਾ ਉੱਠਦਾ, ਚਾਨਣ ਬਿਖੇਰਦਾ ਉਡ ਪੁਡ ਜਾਂਦਾ। ਸ਼ਬਦ ਠਾਹ ਠਾਹ ਕਰਦੇ, ਪਟਾਕੇ ਪਾਉਂਦੇ ਜਾਂਦੇ ਤੇ ਟਿਕਾਣੇ ਜਾ ਕੇ ਮਾਰ ਕਰਦੇ। ਪ੍ਰੋਫ਼ੈਸਰ ਮੋਹਣ ਸਿੰਘ ਦੀ ਕੀਤੀ ਲੋਕਾਂ ਤੇ ਜੋਕਾਂ ਦੀ ਵੰਡ, ਆਲਮ ਦੀ ਕਵਿਤਾ ਵਿਚ ਹੋਰ ਨਿਖਰਦੀ; ਤਿੱਖੀ ਹੋ ਕੇ ਉੱਭਰਦੀ। ਸਰੋਤੇ ਤਾਂ ਮੈਨੂੰ ਸਾਹ ਵੀ ਨਹੀਂ ਸੀ ਲੈਣ ਦਿੰਦੇ। ਉਨ੍ਹਾਂ ਦੀਆਂ ਬੀਤੀਆਂ ਦਾ ਹੀ ਸੀਸ਼ਾ ਸੀ ਇਹ। ਇਨ੍ਹਾਂ ਦਾ ਨਗਾਲ਼ ਸੁੱਕ ਜਾਂਦਾ ਸੀ। ਇਹਦਾ ਬਰਾਬਰੀ ਦਾਅਵਾ ਦੇਖੋ:

ਹੋਈ ਏ ਵੰਡ ਮਨੁੱਖਾਂ ਦੀ ਜਿਸ ਵੇਲੇ,
ਕੀਤਾ ਹਿੰਦ ਦਾ ਜਾਂ ਤੇ ਗਿਲਾ ਨਹੀਂ ਮੈਂ।
ਸਾਡੇ ਪਿੰਡ ਦੀ ਜਾਂ ਪੰਚੈਤ ਆਖੇ,
ਕਿ ਵੱਡੇ ਵੀਰ ਦਾ ਛੋਟਾ ਭਰਾ ਨਹੀਂ ਮੈਂ।

ਗੱਲਾਂ ਜੇ ਇਹ ਸਾਰੀਆਂ ਸੱਚੀਆਂ ਨੇ
ਤਾਂ ਮਨ ਮਾਰ ਕੇ ਫਾਹਾ ਨਹੀਂ ਵੱਢ ਹੁੰਦਾ।
ਭਾਵੇਂ ਪਿੰਡ ਵਿਚੋਂ ਆਵੇ ਇਕ ਮਰਲ਼ਾ,
ਹਿੱਸਾ ਆਪਣਾ ਕਦੇ ਨਹੀਂ ਛੱਡ ਹੁੰਦਾ।

ਆਜ਼ਾਦੀ ਨੂੰ ਮੁਖ਼ਾਤਿਬ ਕਵਿਤਾ ਮਿਸਾਲੀ ਵਿਅੰਗ ਨਾਲ਼ ਓਤ ਪੋਤ ਸੀ। ਇਹਦੇ ਚ ਕੋਈ ਵਲ਼ ਫ਼ਰੇਬ ਨਹੀਂ ਹੈ। ਗੁੰਝਲ਼ ਦੀ ਗੁੰਜਾਇਸ਼ ਹੀ ਕੋਈ ਨਹੀਂ। ਥੁੜੋਂ ਦਾ ਮਾਰਿਆ ਬੰਦਾ ਭਲਾ ਇਹਨੂੰ ਕਿੱਦਾਂ ਨਾ ਸਮਝੂਗਾ। ਨਾ ਸਮਝਣ ਵਾਲ਼ੀ ਕੋਈ ਗੱਲ ਈ ਹੈ ਨਹੀਂ ਇਹਦੇ ਚ। ਕਵਿਤਾ ਵਜੋਂ ਇਹਦਾ ਸਹਿਜ, ਨਿਭਾਅ, ਦਾਅਵਾ ਗ਼ੌਰ ਕਰਨ ਵਾਲ਼ਾ ਹੈ:

ਹੱਥੀਂ ਚੜ੍ਹੀ ਹੋਈਂ ਏਂ ਜਿਨ੍ਹਾਂ ਵਿਹਲੜਾਂ ਦੇ,
ਓਹ ਤਾਂ ਨਾਲ਼ ਚਲਾਕੀ ਦੇ ਅੱਗੇ ਹੋਏ ਨੇ।
ਤੈਨੂੰ ਲਿਆਉਣ ਉੱਤੇ ਜਿਹੜਾ ਖ਼ਰਚ ਹੋਇਆ,
ਦੰਮ ਸਾਡੀ ਕਮਾਈ ਦੇ ਵੀ ਲੱਗੇ ਹੋਏ ਨੇ।

'ਜੇ ਮੈਂ ਮਰ ਗਿਆ' ਕਵਿਤਾ ਓਨੀ ਨਹੀਂ ਸੀ ਚੜ੍ਹਦੀ; ਹੁਣ ਸੋਚਦਾਂ ਹਾਂ ਕਿ ਇਹਦਾ ਕਾਰਨ ਸ਼ਾਇਦ ਮੌਤ ਦੇ ਡਰ ਕਰਕੇ ਹੋਵੇ। ਆਪ ਇਹਨੂੰ ਮੌਤ ਦਾ ਕੋਈ ਖ਼ੌਫ਼ ਹੀ ਨਹੀਂ ਸੀ। ਇਹ ਕਵਿਤਾ ਇਕ ਹਿਸਾਬ ਨਾਲ਼ ਗੁਰਦਾਸ ਰਾਮ ਆਲਮ ਦੀ ਲਿਖੀ ਵਸੀਅਤ ਹੈ। ਇਕ ਕਿਸਮ ਦਾ ਹੁਕਮ ਹੈ, ਕਿ ਮੇਰੇ ਮਰਨੇ ਤੇ ਕੀ ਕੀ ਕੀਤਾ ਜਾਵੇ ਤੇ ਕੀ ਕੀ ਨਾ ਕੀਤਾ ਜਾਵੇ। ਇਹਨੂੰ ਤਸੱਲੀ ਹੋਣੀ ਹੈ ਕਿ ਮੈਂ ਤਾਂ ਅਪਣੇ ਹਿੱਸੇ ਦਾ ਕੰਮ ਕਰ ਚੱਲਿਆਂ ਹਾਂ। ਬਾਕੀ ਦੀ ਸਾਰੀ ਮੂੰਹ ਰਖਾਈ ਹੋਣੀ ਹੈ। ਪਰ ਏਸ ਕਵਿਤਾ ਵਿਚ ਗੱਲਾਂ ਬੜੀਆਂ ਪਤੇ ਦੀਆਂ ਨੇ। ਅੱਗੇ ਜਾ ਕੇ ਇਹੀ ਨੁਕਤੇ ਤਰਕਸ਼ੀਲ ਲਹਿਰ ਵਜੋਂ ਉੱਭਰੇ।

ਪਰ ਇਹਦੀ ਕਵਿਤਾ ਅਜ਼ਾਦੀ ਬੜੀ ਵਸਦੀ ਸੀ। ਬੜੀ ਸੌਖ਼ ਨਾਲ਼ ਜ਼ੁਬਾਨੇ ਚੜ੍ਹਨ ਵਾਲ਼ੀ ਕਵਿਤਾ ਸੀ। ਇਹਦੇ ਵਿਚ ਆਈ ਆਜ਼ਾਦੀ ਦੀ ਆਲਮ ਨੇ ਪੁਣਛਾਣ ਕੀਤੀ ਸੀ। ਇਹਨੇ ਨਿਰਖ ਪਰਖ ਲਿਆ ਸੀ; ਬਈ ਇਹ ਤਾਂ ਗੱਲ ਈ ਹੋਰੂੰ ਹੋ ਗਈ। ਇਕ ਹਿਸਾਬ ਨਾਲ਼ ਧੋਖਾ ਹੋ ਗਿਆ ਸੀ। ਜਿੰਦਾਂ ਦੀ ਅਜ਼ਾਦੀ ਦਾ ਇਹ ਕਿਆਸ ਕਰੀ ਬੈਠੇ ਸੀ, ਓਦਾਂ ਦੀ ਤਾਂ ਆਈ ਈ ਨਾ। ਏਸ ਅਜ਼ਾਦੀ ਵਿਚ ਤਾਂ ਕਾਣ ਸੀ। ਆਲਮ ਕਾਟਵੀਂ ਮਜ਼ਾਹੀਆ ਤਨਜ਼ ਨਾਲ਼ ਵਾਰ ਕਰਦਾ ਹੈ:

ਕਿਓਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।

ਮੈਂ ਜੱਗੂ ਤੋਂ ਸੁਣਿਆ ਅੰਬਾਲ਼ੇ ਖੜੀ ਸੀ,

ਬੜੀ ਭੀੜ ਉਸਦੇ ਦੁਆਲ਼ੇ ਖੜੀ ਸੀ।

ਆਈ ਨੂੰ ਤਾਂ ਭਾਵੇਂ ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ ਦਰਸ਼ਣ ਨਹੀਂ ਕੀਤਾ।
ਦਿੱਲੀ ਚ ਆਉਂਦੀ ਹੈ ਸਰਦੀ ਦੀ ਰੁੱਤੇ,
ਤੇ ਹਾੜਾਂ ਚ ਰਹਿੰਦੀ ਪਹਾੜਾਂ ਦੇ ਉੱਤੇ।

ਗ਼ਰੀਬਾਂ ਨਾਲ ਲਗਦੀ ਲੜੀ ਹੋਈ ਆ ਖ਼ਬਰੇ,
ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ ਚ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ ਐਂਵੇ ਕਾਣੀ ਜਿਹੀ ਏ।

ਮੰਨੇ ਜੇ ਓਹ ਕਹਿਣਾ ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ ਚ ਭੁੰਜੇ ਸਵਾਈਏ।
ਪਰ ਏਨਾ ਪਤਾ ਨਹੀਂ ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਓਸ ਅੱਗੇ ਆਂਡੇ ਹੁੰਦੇ ਨੇ,
ਬਈ ਤਾਂ ਸਾਡੀ ਤਾਂ ਖੁਰਲੀ ਚ ਟਾਂਡੇ ਹੁੰਦੇ ਨੇ।

ਜਦੋਂ ਰਤਾ ਕੁ ਸੁਰਤ ਹੋਈ, ਤਾਂ ਮੈਨੂੰ ਸੁੰਧਕ ਪਈ ਕਿ ਆਲਮ ਤਾਂ ਮੰਜਕੀ ਦੇ ਉੱਘੇ ਨੱਗਰ ਬੁੰਡਾਲ਼ੇ ਦਾ ਹੈ। ਇਹ ਮੇਰੀ ਮਾਸੀ ਦਾ ਪਿੰਡ ਵੀ ਸੀ। ਏਥੋਂ ਦਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵੀ ਮਸ਼ਹੂਰ ਸੀ। ਏਥੇ ਵੱਡਾ ਕਾਰਖ਼ਾਨਾ ਵੀ ਹੈ। ਜਦੋਂ ਮੈਂ ਏਥੇ ਜਾਣਾ ਤਾਂ ਆਲਮ ਦਾ ਪੁੱਛਣਾ। ਮਾਸੀ ਦੇ ਕਿਸੇ ਵੀ ਘਰਦੇ ਨੂੰ ਆਲਮ ਦਾ ਪਤਾ ਨਹੀਂ ਸੀ। ਉਨ੍ਹਾਂ ਕਹਿਣਾ: ਕਿ ਇਹ ਕੋਈ ਚੋਰ ਵਡਾਲ਼ੇ ਦਾ ਹੋਣਾ। ਚੋਰ ਵਡਾਲ਼ਾ ਕਪੂਰਥਲ਼ੇ ਕੋਲ਼ ਹੈ। ਅਕਾਲੀ ਲੀਡਰ ਕੁਲਦੀਪ ਸਿੰਘ ਏਥੋਂ ਦਾ ਈ ਸੀ।

ਕਾਲਜ ਗਏ, ਤਾਂ ਸਾਨੂੰ ਪਰ ਨਿਕਲ ਆਏ। ਇਕ ਪਾਸੇ ਮਾਂ ਬਾਪ ਦੀਆਂ ਅੱਖਾਂ ਤੋਂ ਪਰ੍ਹੇ, ਹਰ ਪਾਸੇ ਖੁੱਲ੍ਹ ਤੇ ਦੂਜੇ ਪਾਸੇ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ। ਨਾਲ਼ੋ ਨਾਲ਼ ਆਦਰਸ਼ਵਾਦ, ਅੱਲੜ ਉਮਰ, ਤੱਤ ਭੜੱਥ ਚ ਕੁਛ ਕਰ ਮਰਨ ਦੀ ਕਾਹਲ਼। ਉਪਰੋਂ ਬੰਗਾਲੋਂ, ਉੱਠ ਨਕਸਲਬਾੜੀ ਲਹਿਰ ਆਂਧਰਾ ਤੇ ਪੰਜਾਬ ਚ ਆ ਵੜੀ ਸੀ। ਪੰਜਾਬ ਚ ਮੋਗਾ ਐਜੀਟੇਸ਼ਨ ਭਖਿਆ ਹੋਇਆ ਸੀ। ਉੱਠਦੀ ਜੁਆਨੀ ਲਈ ਏਦੂੰ ਵੱਧ ਖ਼ਤਰਨਾਕ ਹੋਰ ਕੀ ਹੋ ਸਕਣਾ ਸੀ। ਸਾਰਾ ਸਮਾਨ – ਬਾਰੂਦ ਦੇ ਢੇਰ ਵਰਗਾ ਸੀ। ਕਿਸੇ ਵੇਲੇ ਵੀ ਭਾਂਬੜ ਬਲ਼ ਸਕਦੇ ਸੀ।

ਮੈਨੂੰ ਸਾਹਿਤ ਦੀ ਮੱਸ ਵੀ ਸੀ। ਓਦੋਂ ਇਨਕਲਾਬੀ ਸਾਹਿਤ ਦੇ ਹੀ ਬੋਲ ਬਾਲੇ ਸਨ। ਬਾਕੀ ਸਭ ਕੂੜ–ਕਬਾੜ ਸੀ। ਇਹੀ ਮੇਰੀ ਤੇ ਮੇਰੇ ਬੇਲੀਆਂ ਦੀ ਸਮਝ ਸੀ। ਫਿਰ ਸੁੰਧਕਾਂ ਪਈਆਂ ਕਿ ਨਰੂਦਾ ਤਾਂ ਪਿਆਰ ਦੀ ਕਵਿਤਾ ਦੀਆਂ ਸਲਾਹੁਤਾਂ ਦਿੰਦਾ ਹੈ। ਅਸੀਂ ਇੱਕੋ ਵੇਲ਼ੇ ਇਨਕਲਾਬ ਦੇ ਮੱਦਾਹ ਵੀ ਹੋ ਗਏ ਤੇ ਪਿਆਰ ਦੇ ਵੀ। ਰੁਮਾਂਸਵਾਦ ਚ ਗੁੰਨਹੀਂ ਹੋਈ ਇਨਕਲਾਬ ਦੀ ਚਾਹਨਾ। ਅਸੀਂ ਸਾਹਿਤ ਦੇ ਰਸੀਏ ਵੀ ਹੋ ਗਏ ਤੇ ਖੇਡਾਂ ਦਾ ਸ਼ੌਕ ਵੀ ਧੁਖਦਾ ਰਿਹਾ।

ਹੌਲ਼ੀ–ਹੌਲ਼ੀ ਮੈਂ ਆਲਮ ਦੀਆਂ ਹੋਰ ਰਚਨਾਵਾਂ ਪੜ੍ਹੀਆਂ। ਸਾਹਿਤ ਚ ਰੁਚੀ ਵਧੀ। ਕਾਲਜ ਦੇ ਮੈਗਜ਼ੀਨ ਤੋਂ ਸ਼ੁਰੂ ਹੋਇਆ ਲਿਖਣ–ਛਪਣ ਦਾ ਸ਼ੌਕ ਵਧ ਕੇ ਅਖ਼ਬਾਰਾਂ ਤੇ ਨਿਕ ਨਿਕੇ ਰਸਾਲਿਆਂ ਚ ਛਪਣ ਤੱਕ ਅੱਪੜ ਗਿਆ। ਓਦੋਂ ਕੁ ਹੀ ਅਜੀਤ ਅਖ਼ਬਾਰ ਚ ਗ਼ਜ਼ਲ ਦੀਆਂ ਅਸਲਾਹਾਂ ਸ਼ੁਰੂ ਹੋ ਗਈਆਂ। ਨਾਲ਼ੋ–ਨਾਲ਼ ਉਸਤਾਦ ਗ਼ਜ਼ਲਗੋਆਂ ਨੇ ਸਿੰਙ–ਫਸਾਈ ਵੀ ਕਰੀ ਜਾਣੀ। ਬਲਕੇ ਬਹੁਤੀ ਸਿੰਙ–ਫਸਾਈ ਹੋਣੀ।

ਸੁਭਾਨੇ ਮਾਸਟਰ ਲੱਗੇ ਅਮਰਜੀਤ ਸੰਧੂ ਨੇ 'ਅਰਸ਼ਦੀਪ' ਰਸਾਲਾ ਸ਼ੁਰੂ ਕਰ ਲਿਆ। ਅਸੀਂ ਇਹਨੂੰ ਕੱਚੀਆਂ ਪਿੱਲੀਆਂ ਗ਼ਜ਼ਲਾਂ ਭੇਜਦੇ; ਸਲਾਹਾਂ ਲੈਂਦੇ। ਇਹ ਆਪ ਦੀਪਕ ਜੈਤੋਈ ਦਾ ਚੇਲਾ ਸੀ, ਓਹਤੋਂ ਇਸਲਾਹ ਲੈਂਦਾ ਸੀ। ਇਹਤੋਂ ਹੀ ਮੈਨੂੰ ਪਤਾ ਲੱਗਾ ਕਿ ਜਲੰਧਰ ਦੀ ਲੇਖਕ ਸਭਾ ਨੇ ਕਈਆਂ ਲਿਖਾਰੀਆਂ ਦੇ ਸਨਮਾਨ ਕਰਨੇ ਸੀ; ਸਣੇ ਗੁਰਦਾਸ ਰਾਮ ਆਲਮ ਦੇ। ਮੈਨੂੰ ਆਖਿਆ ਕਿ ਮੈਂ ਵੀ ਉਸ ਦਿਨ ਪਹੁੰਚਾਂ। ਝਿਜਕਦਾ, ਮੈਂ ਵੀ ਪਹੁੰਚ ਗਿਆ। ਪ੍ਰੋਗਰਾਮ ਵਾਹਵਾ ਠੀਕ ਸੀ। ਪੂਰੀ ਗਹਿਮਾ–ਗਹਿਮੀ ਸੀ। ਕਲਾਮ ਦੀ ਵਾਰੀ ਆਈ, ਤਾਂ ਆਲਮ ਖੜ੍ਹਾ ਹੋਇਆ। ਇਹਦੇ ਸਰੀਰ ਚ ਫ਼ੁਰਤੀ ਸੀ। ਬਜ਼ੁਰਗੀ ਭਰ ਜੁਆਨੀ ਚ ਸੀ, ਪਰ ਹੰਭਿਆ ਨਹੀਂ ਸੀ। ਮਾਈਕ ਕੋਲ਼ ਜਾ ਕੇ ਇਹਨੇ ਆਲ਼ਾ ਦੁਆਲ਼ਾ ਫਿਰ ਦੇਖਿਆ। ਨਾ ਕੋਈ ਭੂਮਿਕਾ ਬੰਨਹੀਂ, ਨਾ ਵਿਆਖਿਆ ਕੀਤੀ। ਨਾ ਅਪਣੇ ਬਾਰੇ ਕੁਛ ਕਿਹਾ ਨਾ ਹੀ ਕਵਿਤਾ ਬਾਰੇ। ਠਰ੍ਹੰਮੇ ਨਾਲ਼ ਮਸ਼ਹੂਰ ਤਰੀਨ ਗੀਤ ਸੁਣਾਇਆ। ਨਾਲ਼–ਨਾਲ਼ ਖੱਬੇ ਹੱਥ ਨੂੰ ਕਦੀ ਉਛਾਲ਼ੇ, ਕਦੀ ਲਹਿਰਾਵੇ ਤੇ ਕਦੇ ਥਪਥਪਾਵੇ। ਕਵਿਤਾ ਬੋਲਦਾ ਆਲਮ ਖੱਬੇ ਹੱਥ ਨੂੰ ਹੇਠਾਂ ਉੱਤੇ, ਖੱਬੇ ਸੱਜੇ ਕਰਦਾ ਕਹਿੰਦਾ:

ਲੰਬੜਾਂ ਦੀ ਕੰਧ ਟੱਪ ਕੇ
ਮੁੰਡਾ ਕੰਡਿਆਂ ਚੋਂ ਬੇਰ ਲਿਆਇਆ।
ਤਲ਼ੀ ਉੱਤੇ ਜਾਨ ਰੱਖ ਕੇ ਓਹਨੇ
ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।

ਜਿਸ ਵੇਲ਼ੇ ਰੋਕ ਨਾ ਸਕੀ,
ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ।
ਨੱਸ ਕੇ ਅੰਦਰ ਲੁਕ ਗਈ,
ਕੁੰਡਾ ਮਾਰ ਕੇ ਵੱਡੀ ਚੁਧਰਾਣੀ।
ਮੁੱਛਾਂ ਉੱਤੇ ਹੱਥ ਫੇਰ ਕੇ,
ਨਾਲ਼ੇ ਖੰਘਿਆ ਤੇ ਨਾਲ਼ੇ ਮੁਸਕਾਇਆ।

ਲੰਬੜਾ ਦੀ ਕੰਧ ਟੱਪ ਕੇ,
ਮੁੰਡਾ ਕੰਡਿਆਂ ਚੋਂ ਬੇਰ ਲਿਆਇਆ।
ਤਲ਼ੀ ਉੱਤੇ ਜਾਨ ਰੱਖ ਕੇ ਓਹਨੇ,
ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।

ਆਲਮ ਦਾ ਜਾਦੂ ਚਲ ਗਿਆ। ਦਰਮਿਆਨੇ ਕੱਦ ਦਾ ਲਿੱਸਾ ਜਿਹਾ, ਇਕਹਿਰੇ ਸਰੀਰ ਦਾ, ਸਾਦ-ਮੁਰਾਦਾ ਆਮ ਜਿਹਾ ਬਜ਼ੁਰਗ। ਮੁਸ਼ਕੀ ਰੰਗ ਦੇ ਚਿਹਰੇ ਤੇ ਤਿੱਖਾ ਨੱਕ। ਸਲੀਕੇ ਨਾਲ਼ ਸੁਆਰੀਆਂ ਨਿਕ ਨਿਕੀਆ ਮੁੱਛਾਂ ਤੇ ਦਾੜ੍ਹੀ ਸਫ਼ਾ ਚੱਟ। ਸਿਰ 'ਤੇ ਹਲਕਾ ਜਿਹਾ ਨੀਲ ਦਿੱਤੀ ਹੋਈ ਚਿੱਟੀ ਪੱਗ। ਮੋਢੇ 'ਤੇ ਪਰਨਾ। ਸ਼ਾਮਰੰਗੇ ਆਲਮ ਦੇ ਸਿਰ ਤੇ ਚਿੱਟੀ ਪੱਗ ਵਧੇਰੇ ਚਿੱਟੀ ਲੱਗੇ। ਆਲਮ ਦੀ ਆਵਾਜ਼ ਵਿਚ ਟਣਕ ਸੀ। ਮੂੰਹ-ਜ਼ੁਬਾਨੀ ਮਟਕਾਅ ਕੇ ਬੋਲੀ ਕਵਿਤਾ ਨੇ ਧੰਨ ਧੰਨ ਕਰਾ 'ਤੀ। ਖੱਬੇ ਹੱਥ ਨੂੰ ਇਹ ਕਵਿਤਾ ਚ ਤਾਲ ਲਈ ਵਰਤਦਾ। ਘੜੀ ਮੁੜੀ ਮੁਕੱਰਰ ਮੁਕੱਰਰ, ਦੁਬਾਰਾ ਦੁਬਾਰਾ ਦੀਆਂ ਫ਼ਰਮੈਸ਼ਾਂ ਹੋਈਆਂ। ਇਕ ਇਕ ਬੰਦ ਤਿੰਨ-ਚਾਰ ਚਾਰ ਵਾਰ ਸੁਣਿਆ-ਸੁਣਾਇਆ ਗਿਆ। ਆਲਮ ਨੇ ਫੰਕਸ਼ਨ ਵੀ ਲੁੱਟ ਲਿਆ। ਵੱਡੇ ਵੱਡੇ ਕਵੀਆਂ ਦੇ ਤੱਪੜ ਰੁਲ਼ ਗਏ। ਏਦਾਂ ਦੀ ਸਿਖ਼ਰਲੀ ਸ਼ਾਇਰੀ ਤੋਂ ਮਗਰੋਂ ਫਿਰ ਕੋਈ ਨਹੀਂ ਬੋਲ ਸਕਦਾ ਹੁੰਦਾ। ਮੇਲਾ ਖ਼ਤਮ ਕਰ ਦੇਣਾ ਹੀ ਠੀਕ ਹੁੰਦਾ। ਪਰ ਏਥੇ ਆਲਮ ਤੋਂ ਬਾਅਦ ਹੋਰ ਬੋਲੇ। ਫਿਰ ਕੀ ਹੋਣਾ ਸੀ। ਲੋਕ ਉੱਠ ਕੇ ਛੇਤੀ ਛੇਤੀ ਨਿਕਲਣੇ ਸ਼ੁਰੂ ਹੋ ਗਏ। ਦਾਰੂ ਸਿੱਕੇ ਵਾਲ਼ੇ ਓਹਲੇ ਹੋ ਕੇ ਗਲਾਸ ਭੇੜਾਓਣ ਲਗ ਪਏ। ਜਿਨ੍ਹਾਂ ਦੀਆਂ ਠਾਹਰਾਂ ਸਨ, ਉਹ ਆਰਾਮ ਨਾਲ਼ ਕੱਛਾਂ ਚ ਹੱਥ ਦੇ ਕੇ ਟਹਿਲਣ ਲੱਗੇ। ਹਮਾਤੜਾਂ ਨੂੰ ਫ਼ਿਕਰ ਸੀ ਕਿ ਫੰਕਸ਼ਨ ਤਾਂ ਹੋ ਗਿਆ, ਪਰ ਹੁਣ ਕੀ ਕਰੀਏ। ਰਾਤ ਦੇ ਦਸ ਗਿਆਰਾਂ ਵੱਜ ਗਏ ਸੀ। ਬੱਸ ਦਾ ਕੋਈ ਟੈਮ ਨਹੀਂ ਸੀ ਰਿਹਾ; ਹੁੰਦਾ ਵੀ ਤਾਂ ਐਸ ਵੇਲ਼ੇ ਰਾਤ ਨੂੰ ਕੇਹਨੂੰ ਔਖਾ ਕਰਨਾ ਸੀ। ਮੈਂ ਆਲਮ ਦੇ ਨੇੜੇ ਹੋ ਗਿਆ। ਇਹਨੂੰ ਪ੍ਰਸੰਸਕਾਂ ਨੇ ਘੇਰਿਆ ਹੋਇਆ ਸੀ। ਪਰ ਰਾਤ ਕੱਟਣ ਨੂੰ ਕਿਸੇ ਨਾ ਕਿਹਾ। ਪ੍ਰਸੰਸਕ ਹੌਲ਼ੀ-ਹੌਲ਼ੀ ਉਰ੍ਹੇ-ਪਰ੍ਹੇ ਹੋ ਗਏ। ਪ੍ਰਬੰਧਕ ਕਦੇ ਦੇ ਖਿਸਕ ਚੁੱਕੇ ਸਨ। ਗੁੜ੍ਹੇ ਹੋਏ ਆਲਮ ਦਾ ਤਜ਼ੁਰਬਾ ਵੱਡਾ ਸੀ। ਆਲਮ ਨੇ ਕਿਹੜਾ ਕੱਚੀਆਂ ਗੋਲ਼ੀਆਂ ਖੇਡੀਆਂ ਹੋਈਆਂ ਸੀ। ਇਹਨੂੰ ਪਤਾ ਈ ਹੋਣਾ, ਬਈ ਮੈਨੂੰ ਕਿਸੇ ਨੇ ਰਾਤ ਨਹੀਂ ਕਟਾਉਣੀ; ਆਪੇ ਹੀ ਕੋਈ ਬੰਨ ਸੁੱਭ ਕਰਨਾ ਪੈਣਾ। ਇਹਨੂੰ ਕਿਸੇ ਤੇ ਆਸ ਵੀ ਨਹੀਂ ਹੋਣੀ। ਮਸਤੀ ਚ ਆਲਮ ਰੇਲ ਦੇ 'ਟੇਸ਼ਣ ਵੱਲ ਨੂੰ ਹੋ ਤੁਰਿਆ। ਸਹਿਜ ਭਾਅ ਚ, ਨਾ ਖੁਸ਼ ਨਾ ਨਾਰਾਜ਼। ਮੈਂ ਵੀ ਨਾਲ਼ੇ ਈ ਹੋ ਤੁਰਿਆ।

ਪ੍ਰੋਗਰਾਮ ਰਾਤ ਨੂੰ ਸੀ। ਪ੍ਰਬੰਧਕਾਂ ਦੇ ਚੌਧਰ-ਭੇੜ ਚ ਬੇਸੁਆਦੀਆਂ ਹੋਈਆਂ। ਕਿਸੇ ਨੇ ਸਾਡੀ ਬਾਤ ਨਾ ਪੁੱਛੀ। ਆਲਮ ਦੀ ਵੀ ਨਾ। ਜਿਹਨੂੰ ਅਜੇ ਕੁਝ ਘੰਟੇ ਪਹਿਲਾਂ ਸਨਮਾਣ ਦੇ ਕੇ ਹਟੇ ਸੀ; ਬੜੇ ਸੋਹਲੇ ਗਾਏ ਸਨ। ਅਸੀਂ ਰੇਲਵੇ ਸਟੇਸ਼ਨ ਵੱਲ ਨੂੰ ਤੁਰੇ ਜਾਈਏ ਤਾਂ ਸਾਡੇ ਨਾਲ ਨਵੇਂ ਸ਼ਹਿਰ ਵੱਲ ਦਾ ਗ਼ਜ਼ਲਗੋ ਵੀ ਹੋ ਤੁਰਿਆ। ਥੋੜ੍ਹਾ ਅੱਗੇ ਜਾ ਕੇ ਪੈਰ ਘੜੀਸਦਾ ਘੜੀਸਦਾ ਉਹ ਵੀ ਖਿਸਕ ਗਿਆ। ਅਸੀਂ ਸੁੰਨ ਮਸਾਨ ਜਲੰਧਰ ਰੇਲਵੇ ਸਟੇਸ਼ਨ ਜਾ ਪੁੱਜੇ। ਵਿਰਲ਼ਾ ਵਿਰਲ਼ਾ ਕੁਲੀ ਊਂਘਦਾ ਦਿਸੇ। ਅਸੀਂ ਇਕ ਇਕ ਬੈਂਚ ਮੱਲ ਲਿਆ – ਲਾਗੇ ਲਾਗੇ। ਅੱਧ-ਲੇਟੇ ਜਿਹੇ ਹੋ ਗਏ। ਗੱਲਾਂ ਕਰਦਿਆਂ ਆਲਮ ਉਧੜ ਗਿਆ। ਇਹਨੇ ਮੈਨੂੰ ਅਪਣੀ ਜ਼ਿੰਦਗੀ ਦੀ ਕੁੱਲ ਬਿਥਿਆ ਹੀ ਸੁਣਾ ਦਿੱਤੀ। ਕਹਿੰਦਾ: ਮੈਂ ਤਾਂ ਜੀ ਅਨਪੜ੍ਹ ਬੰਦਾ ਆਂ। ਨਾ ਲਿਖ ਸਕਦਾਂ, ਨਾ ਪੜ੍ਹ ਸਕਦਾਂ। ਲੱਲਾ ਭੱਬਾ ਕਰਨ ਲਈ ਅੱਖਰ ਉਠਾਲਣ ਜੋਗਾ ਵੀ ਬਾਅਦ ਚ ਹੀ ਹੋਇਆਂ, ਆਪਣੇ ਆਪ। ਹੋਰ ਤਾਂ ਹੋਰ, ਮੈਨੂੰ ਤਾਂ ਆਵਦਾ ਨਾਂ ਵੀ ਰਿੜ੍ਹ ਖੁੜ੍ਹ ਕੇ ਲਿਖਣਾ ਆਉਂਦਾ। ਪਰ ਕਵਿਤਾ ਮੈਨੂੰ ਉੱਤੋਂ ਉਤਰਦੀ ਆ। ਇਹਦੇ ਲਈ ਮੈਨੂੰ ਕੋਈ ਤਰੱਦਦ ਨਹੀਂ ਕਰਨਾ ਪੈਂਦਾ। ਇਹ ਬਿਨਾਂ ਤਕਲੀਫ਼ ਦੇ ਮੇਰੇ ਕੋਲ਼ ਆ ਜਾਂਦੀ ਆ। ਮੈਂ ਲਿਖ ਲਿਖਾ ਕੇ ਯਾਦ ਕਰ ਲੈਨਾਂ। ਫਿਰ ਮੈਂ ਓਦਾਂ ਹੀ ਬੋਲ ਦਿੰਨਾਂ। ਐਨਾ ਈ ਸਾਰਾ ਕੰਮ ਆ। ਮੈਂ ਤਿੰਙ ਤਿੰਙ ਕੇ ਨਹੀਂ ਲਿਖਦਾ। ਜਿੱਦਾਂ ਦੀ ਇਹਦੀ ਕਵਿਤਾ ਸੀ, ਓਦਾਂ ਦੀਆਂ ਹੀ ਗੱਲਾਂ। ਕੋਈ ਵਲ਼ ਨਹੀਂ, ਫ਼ਰੇਬ ਨਹੀਂ; ਕੋਈ ਉਚੇਚ ਨਹੀਂ। ਆਲਮ ਦੀਆਂ ਗੱਲਾਂ ਹਲੀਮੀ ਨਾਲ਼ ਲੱਥ ਪੱਥ ਸੀ। ਸਾਦ ਮੁਰਾਦੀਆਂ, ਸਹਿਜ

ਸੁਭਾਅ ਦਿਆਨਤਦਾਰੀ ਨਾਲ਼ ਕੀਤੀਆਂ ਸਾਧਾਰਣ ਪਰ ਡਾਢੀਆਂ ਅਸਰਦਾਰ ਬਾਤਾਂ। ਗੱਲਾਂ ਕਾਹਦੀਆਂ ਸੀ, ਇਹ ਤਾਂ ਇਹਦੀ ਜ਼ਿੰਦਗੀ ਦਾ ਨਿਚੋੜ ਤੱਤ ਸੀ।

ਆਲਮ ਨੇ ਆਪੇ ਦੱਸਿਆ ਕਿ ਭਾਈ ਮੈਂ ਤਾਂ ਇੱਟਾਂ ਦਾ ਪਥੇਰਾ ਸੀ। ਅੱਠ ਆਨੇ ਦਿਹਾੜੀ ’ਤੇ। ਤੁਕਬੰਦੀ ਕਰ ਲੈਂਦਾ ਸੀ। ਪਾਕਿਸਤਾਨ ਚ ਰਹਿ ਗਏ ਕੋਟੇ ਵੱਲ ਕੋਈ ਕਵੀ ਦਰਬਾਰ ਸੀ। ਮੈਂ ਵੀ ਸੁਣਨ ਚਲਾ ਗਿਆ। ਮੈਨੂੰ ਉਨ੍ਹਾਂ ਦੀ ਕਵਿਤਾ ਚੰਗੀ ਨਾ ਲੱਗੀ ਤੇ ਮੈਂ ਕਹਿ ’ਤਾ, ਛੱਡੋ ਯਾਰ ਇਹ ਵੀ ਕੋਈ ਕਵਿਤਾ ਆ। ਅਗਲੇ ਕਹਿੰਦੇ: ਜੇ ਤੈਨੂੰ ਜਾਅਦੀ ਔਂਦੀ ਆ, ਤਾਂ ਤੂੰ ਸੁਣਾ ਦੇ ਫੇ। ਮੈਂ ਕਿਹਾ: ਮੈਂ ਸੁਣਾ ਦਿੰਨਾ। ਘੁਸਰ ਮੁਸਰ ਚ ਮੇਰਾ ਵੀ ਨਾਂ ਬੋਲ ਦਿੱਤਾ। ਮੈਂ ਕਵਿਤਾ ਸੁਣਾ ਦਿੱਤੀ। ਲੋਕਾਂ ਮੁੜ-ਮੁੜ ਸੁਣਨ ਦੀਆਂ ਫ਼ਰਮੈਸ਼ਾਂ ਕੀਤੀਆਂ। ਕਹਿੰਦੇ: ਓਏ ਤੂੰ ਕਿੱਥੇ ਲੁਕਿਆ ਰਿਹਾ। ਮੈਨੂੰ ਇਨਾਮ ਵੀ ਮਿਲਿਆ ਤੇ ਨਾਮ ਵੀ ਹੋਇਆ। ਉਹ ਕਹਿੰਦੇ ਤੂੰ ਅੱਜ ਪਥੇਰੇ ਤੋਂ ਮੁਣਸ਼ੀ ਹੋਇਆ। ਪਰ ਕੰਮ ਤੇਰਾ, ਕਵਿਤਾ ਲਿਖਣੀ ਤੇ ਕਵੀ ਦਰਬਾਰਾਂ ਤੇ ਜਾਣਾ। ਅੰਨਾਂ ਕੀ ਭਾਲ਼ੇ ਦੋ ਅੱਖਾਂ? ਆਲਮ ਕਹਿੰਦਾ: ਮੈਨੂੰ ਸਮਝ ਹੀ ਨਾ ਆਵੇ, ਬਈ ਇਹ ਹੋ ਕੀ ਗਿਆ। ਕਿਸੇ ਗ਼ਰੀਬ ਮਜ਼ਦੂਰ ਦਾ ਏਨਾ ਮਾਣ।

ਫਿਰ ਕਹਿੰਦਾ: ਇਕ ਵਾਰ ਮੈਂ ਬੜਾ ਕਸੂਤਾ ਫਸ ਗਿਆ। ਸਾਡੇ ਗ਼ਰੀਬ ਲੋਕਾਂ ਨੂੰ ਕਈਆਂ ਗੱਲਾਂ ਦਾ ਪਤਾ ਈ ਨਹੀਂ ਹੁੰਦਾ। ਉਹ ਸਮਝ ਬੈਠੇ, ਬਈ ਕਵੀ ਕੋਈ ਸਿਆਣਾ ਹੁੰਦਾ – ਧਾਗਾ ਤਵੀਤ ਕਰਨ ਵਾਲ਼ਾ। ਮੈਨੂੰ ਕਹਿੰਦੇ: ਆਹ ਸਾਡੀ ਕਾਕੀ ਢਿੱਲੀ ਮੱਠੀ ਰਹਿੰਦੀ ਆ। ਇਹਦਾ ਇਲਾਜ ਕਰੋ ਜੀ। ਮੈਂ ਉਨ੍ਹਾਂ ਨੂੰ ਕਵ੍ਹਾਂ ਕਿ ਤੁਸੀਂ ਡਾਕਟਰ ਨੂੰ ਦਿਖਾਓ, ਉਹ ਕਹੀ ਜਾਣ, ਕੋਈ ਧਾਗਾ ਤਵੀਤ ਕਰਕੇ ਦੇਹ। ਮੈਂ ਤਾਂ ਏਸ ਕੁੱਤਖਾਨੇ ਦੇ ਸੁਧਾ ਖਿਲਾਫ ਸੀ। ਮੈਂ ਬਥੇਰਾ ਕਵ੍ਹਾਂ, ਬਈ ਕਵੀ ਦਾ ਮਤਲਬ ਇਹ ਨਹੀਂ ਹੁੰਦਾ; ਉਹ ਕਿੱਥੇ ਮੰਨਣ ਜੀ। ਉਹ ਤਾਂ ਭਾਈ ਮੇਰੇ ਪੇਸ਼ ਹੀ ਪੈ ਗਏ। ਅਖ਼ੀਰ ਚ ਮੈਂ ਐਵੇਂ ਫੂਕਾਂ ਫਾਕਾਂ ਜਿਹੀਆਂ ਮਾਰ ਕੇ ਖਹਿੜਾ ਛੁਡਾਇਆ।

ਮੈਂ ਗੀਤ ਬਾਰੇ ਪੁੱਛਿਆ ਤਾਂ ਆਲਮ ਕਹਿੰਦਾ: ਸ਼ਿਵ ਕੁਮਾਰ ਬਟਾਲਵੀ ਨੇ ਇਕ ਗੀਤ ਲਿਖਿਆ ਸੀ, ਜਿਹੜਾ ਦਿੱਲੀ ਵਾਲ਼ੀ ਸੁਰਿੰਦਰ ਕੌਰ ਨੇ ਗਾਇਆ ਸੀ। ਰੇਡੀਓ ਤੇ ਵੱਜਦਾ ਰਹਿੰਦਾ ਹੈ: ਮੈਨੂੰ ਹੀਰੇ ਹੀਰੇ ਆਖੇ, ਹਾਏ ਨੀ ਮੁੰਡਾ ਲੰਬੜਾਂ ਦਾ, ਨੀ ਮੁੰਡਾ ਲੰਬੜਾਂ ਦਾ। ਇਹ ਗੀਤ ਸੁਣ ਕੇ ਮੈਂ ਆਪਣੇ ਆਪ ਨੂੰ ਕਿਹਾ: ਦੁਰ ਫਿੱਟੇ ਮੂੰਹ ਆਲਮਾਂ, ਇਹ ਕੀ ਸਾਲ਼ੀ ਗੱਲ ਹੋਈ, ਬਈ। ਲੰਬੜਾਂ ਦੇ ਮੁੰਡਿਆਂ ਦੇ ਕਿਹੜੇ ਫੁੱਲ ਲੱਗੇ ਹੋਏ ਆ, ਜੋ ਸਾਡਿਆਂ ਦੇ ਹੈ ਨਹੀਂ। ਓਏ ਸਾਡੇ ਆਵਦੇ ਮੁੰਡਿਆਂ ਨੂੰ ਕੋੜ੍ਹ ਹੋਇਆ ਹੋਇਆ; ਤੁਸੀਂ ਇਨ੍ਹਾਂ ਦੇ ਜੁੱਸੇ ਤਾਂ ਦੇਖੋ – ਦਸਾਂ ਨਹੁੰਆਂ ਦੀ ਕਿਰਤ ਨਾਲ ਕਮਾਏ ਹੋਏ। ਮਜਾਲ ਆ ਕਿਤੇ ਲਿਫ ਜਾਣ। ਫਿਰ ਕਹਿੰਦਾ: ਸਾਲ਼ੀ ਜਗੀਰਦਾਰੀ ਤੋਂ ਸਾਡਾ ਖਹਿੜਾ ਨਾ ਛੁੱਟਾ – ਸਾਹਿਤ ਵਿਚ ਵੀ ਨਾ ਛੁੱਟਾ। ਮੇਰਾ ਗੀਤ ਜ਼ੈਲਦਾਰਾਂ ਤੇ ਲੰਬੜਦਾਰਾਂ ਨੂੰ ਚੈਲਿੰਜ ਹੈ। ਧਗੜਿਆਂ ਦੇ ਖਿਲਾਫ਼ ਆ – ਨਿਆਂ ਦੇ ਹੱਕ ਚ। ਵੱਡਿਆਂ ਨੂੰ ਮਾਰੀ ਸੱਟ ਹੈ – ਮੇਰਾ ਇਹ ਗੀਤ। ਮੈਂ ਚਾਹੁੰਨਾਂ ਇਹ ਸੱਭ ਕੁਝ ਬਦਲ ਜਾਵੇ। ਛੇਤੀ ਛੇਤੀ। ਅੱਗੇ ਹੀ ਬਥੇਰੀ ਦੇਰ ਹੋ ਗਈ ਆ।

ਜ਼ਰਾ ਕੁ ਸਾਹ ਲੈ ਕੇ ਫਿਰ ਗੱਲ ਤੋਰੀ। ਕਹਿੰਦਾ, ਮੈਂ ਕਿਹਾ: ਲੈ ਬਈ ਸ਼ਿਵ ਕੁਮਾਰਾ, ਤੇਰਾ ਇਹ ਗੀਤ ਭਾਵੇਂ ਸੁਰਿੰਦਰ ਕੌਰ ਗਾਵੇ ਤੇ ਭਾਵੇਂ ਗਾਵੇ ਪਰਗਾਸ਼ ਕੌਰ। ਭਾਵੇਂ ਜਲੰਧਰ ਦਾ ਰੇਡੀਓ ਸਟੇਸ਼ਨ ਨਿੱਤ ਵਜਾਵੇ ਤੇ ਭਾਵੇਂ ਇਹ ਵੱਜੇ ਦਿੱਲੀਓਂ। ਮੇਰਾ ਆਹ ਤੋੜ ਗੀਤ ਲੋਕਾਂ ਦੇ ਦਿਲਾਂ ਚ ਵੱਜਦਾ ਈ ਰਹੂ। ਇਹ ਕਹਿੰਦਾ ਆਲਮ ਸਹਿਜ ਭਾਅ ਚ ਸੀ, ਕਿਸੇ ਹਉਮੈ ਚ ਨਹੀਂ। ਸ਼ਾਂਤ ਮੁਦਰਾ ਚ ਆਲਮ ਦੀ ਠਰ੍ਹੰਮੇ ਨਾਲ ਕਹੀ ਗੱਲ ਚ ਦੱਮ ਸੀ। ਵਧਾਅ ਕੇ ਕੀਤੀ ਗੱਲ ਨਾ ਸੀ। ਇਹਦਾ ਆਖਣਾ ਠੀਕ ਹੀ ਸਾਬਤ ਹੋਇਆ ਸੀ। ਇਹਦਾ ਜਲਵਾ ਤਾਂ ਮੈਂ ਰਤਾ ਕੁ ਪਹਿਲਾਂ ਈ ਅੱਖੀਂ ਵੇਖ ਕੇ ਹਟਿਆ ਸਾਂ।

ਇਹ ਆਲਮ ਦੀ ਸ਼ਾਹਕਾਰ ਰਚਨਾ ਹੈ। ਸਿਆਸੀ ਰੰਗ ਚ ਰੱਤੀ ਹੋਈ ਤਾਂ ਹੈ ਈ, ਇਹਦੇ ਚ ਲੈਅ ਹੈ; ਰਵਾਨੀ ਹੈ; ਸਰੋਦ ਹੈ, ਜੋਸ਼ ਹੈ, ਸੁਹਜ ਹੈ; ਚਾਹਨਾ ਹੈ। ਲੋਕ ਬੋਲੀ ਦੀ ਚੜ੍ਹਤ ਹੈ। ਸਥਾਪਤੀ ਦੇ ਖ਼ਿਲਾਫ਼ ਕੀਤਾ ਸਿਰੇ ਦਾ ਵਾਰ ਹੈ। ਸਫ਼ਾਜੰਗ। ਪੁਰਾਣੇ ਨੂੰ ਬਦਲ ਕੇ ਨਵਾਂ ਲਿਆਉਣ ਦੀ ਤਾਂਘ ਹੈ। ਇਹਦੇ ਚ ਆਲਮ ਦੇ ਠੱਠੇ ਵਾਲ਼ੇ ਮਸ਼ਕੂਲੀ ਸੁਭਾਅ ਤੋਂ ਉਲ਼ਟ ਗਹਿਰ ਗੰਭੀਰ ਵਿਚਾਰ ਹੈ। ਗੀਤ ਦੀ ਜ਼ੁਬਾਨ ਤੇ ਚੜ੍ਹਨ ਦੀ ਪੂਰੀ ਸਮਰੱਥਾ ਹੈ। ਆਲਮ ਨੂੰ ਕਈ ‘ਦਰਮਿਆਨਾ ਕਵੀ’ ਕਹਿੰਦੇ ਹਨ। ਢੂੰਡਾਂ ਵਾਲ਼ੇ ਸਕਾਲਰ ਆਲਮ ਦੀ ਕਵਿਤਾ ਤੋਂ ਉਰ੍ਹਾਂ ਈ ਰਹਿ ਜਾਂਦੇ ਆ। ਪਰ ਆਲਮ ਵੱਡੇ ਮਿਸ਼ਨ ਦਾ ਕਵੀ ਸੀ। ਕਵਿਤਾ ਦੇ ਨਾਲ਼ ਉਹਨੇ ਆਪਣੀ ਜਮਾਤ ਦੇ ਲੋਕਾਂ ਨੂੰ ਵੀ ਹਲੂਣਾ ਦੇਣਾ ਸੀ। ਉਹਨੇ ਏਸ ਗੱਲ ਦੀ ਪਰਵਾਹ ਵੀ ਨਾ ਕੀਤੀ ਕਿ ਉਹਨੂੰ ਕੋਈ ਵੱਡਾ ਕਵੀ ਕਹਿੰਦਾ ਹੈ ਜਾਂ ਛੋਟਾ। ਇਹ ਫ਼ੈਸਲਾ ਉਹਨੇ ਲੋਕਾਂ ਤੇ ਛੱਡਿਆ ਹੋਇਆ ਸੀ। ਆਮ ਲੋਕ ਹਮੇਸ਼ਾਂ ਇਹਨੂੰ ਚਾਹੁੰਦੇ ਰਹੇ। ਸ਼ਿਵ ਦੇ ਮੁਕਾਬਲੇ ਵੀ, ਅੰਮ੍ਰਿਤਾ ਤੇ ਏਥੋਂ ਤਕ ਕਿ ਪ੍ਰੋ ਮੋਹਨ ਸਿੰਘ ਦੇ ਮੁਕਾਬਲੇ ਵੀ। ਜਦੋਂ ਇਨ੍ਹਾਂ ਦੀ ਪੂਰੀ ਚੜ੍ਹਾਈ ਸੀ।

ਆਲਮ ਕਹਿੰਦਾ: ਸ਼ਿਵ ਤੇ ਮੈਂ ਵਲੈਤ ਚ ਇਕੱਠੇ ਹੋ ਗਏ। ਇਕ ਦੋ ਫੰਕਸ਼ਨਾਂ ’ਤੇ ਮੇਲ਼ ਵੀ ਹੋਇਆ। ਸ਼ਿਵ ਕੁਮਾਰ ਗਿਲਾ ਕਰਿਆ ਕਰੇ; ਯਾਰ ਮੈਨੂੰ ਤਾਂ ਐਸ ਬੁੜ੍ਹੇ ਨੇ ਬੜਾ ਤੰਗ ਕੀਤਾ ਹੋਇਆ; ਭਾਰਤ ਚ ਮੈਂ ਤਾਂ ਏਦਾਂ ਦਿਆਂ ਨੂੰ ਚਿੱਤ ਚ ਈ ਨਹੀਂ ਰੱਖਦਾ। ਦਰਅਸਲ, ਆਲਮ ਨੇ ਇਹ ਗੱਲ ਮੈਨੂੰ ਘਟਾਅ ਕੇ ਦੱਸੀ ਸੀ। ਸ਼ਿਵ ਦੀ ਕਵਿਤਾ ਦੀ ਓਨੀ ਬੱਲੇ ਬੱਲੇ ਨਾ ਹੋਈ। ਵਲੈਤ ਦੇ ਸੰਗੀ ਸਾਥੀ ਦਸਦੇ ਹਨ ਕਿ ਸ਼ਿਵ ਦੀ ਕਵਿਤਾ ਆਲਮ ਦੀ ਕਵਿਤਾ ਮੂਹਰੇ ਟਿਕਦੀ ਨਹੀਂ ਸੀ। ਆਲਮ ਦਾ ਪੇਂਡੂ ਮੁਹਾਵਰਾ ਤੇ ਸਾਫ਼ਗੋਈ ਸ਼ਿਵ ਤੋਂ ਵੱਧ ਭਾਉਂਦੀ ਸੀ। ਆਮ ਲੋਕਾਂ ਦੀ ਬੋਲੀ ਸੀ – ਸਾਦ ਮੁਰਾਦੀ; ਗੱਲਾਂ-ਬਾਤਾਂ ਵਰਗੀ ਕਵਿਤਾ ਸੀ। ਓਹੀ ਮੁਹਾਵਰਾ। ਇਹਦੀ ਕਵਿਤਾ ਸਟੇਜਾਂ ਤੇ ਵੀ ਵਸ ਜਾਂਦੀ ਸੀ, ਕਵੀ ਦਰਬਾਰਾਂ ਤੇ ਵੀ ਘਰੀਂ ਲਾਈਆਂ ਮਹਿਫ਼ਲਾਂ ਚ ਵੀ ਤੇ ਪੱਬਾਂ ਚ ਵੀ। ਆਮ ਲੋਕਾਂ ਦੇ ਦੁੱਖ ਦਰਦ ਦੀ ਕਵਿਤਾ ਸੀ।

ਆਲਮ ਦੀ ਕਵਿਤਾ ਚ ਕੋਈ ਗੱਲ ਤਾਂ ਜਰੂਰ ਹੋਣੀ ਈ ਆਂ, ਜੋ ਇਹਦੀ ਪਹਿਲੀ ਕਿਤਾਬ ਦਾ ਮੁੱਖਬੰਦ ਪ੍ਰਿੰਸੀਪਲ ਤੇਜਾ ਸਿੰਘ ਨੇ ਲਿਖਿਆ ਤੇ ਦੂਜੀ ਦਾ ਪਿੰਸੀਪਲ ਸੁਜਾਨ ਸਿੰਘ ਨੇ। ਤੀਜੀ ਦਾ ਲਹੌਰੀ ਰਾਮ ਬਾਲੀ ਨੇ ਲਿਖਿਆ ਸੀ। ਆਲਮ ਦੀ ਮੰਗ ਵੀ ਸੀ, ਚੜ੍ਹਤ ਵੀ।

ਇਹ ਬੜਿਆਂ ਦਾ ਪ੍ਰੇਰਣਾ ਸਰੋਤ ਵੀ ਬਣਿਆ। ਕੰਮ ਇਹਦਾ ਕਵੀ ਦਰਬਾਰਾਂ ਤੇ ਜਾਣਾ ਸੀ। ਠਾਰ੍ਹਾਂ ਵੀ ਬੜੀਆਂ ਸੀ ਇਹਦੀਆਂ। ਕਵੀ ਦਰਬਾਰ ਤੋਂ ਹਫਤਾ ਹਫਤਾ ਪਹਿਲਾਂ ਹੀ ਘਰੋਂ ਤੁਰ ਪੈਣਾ; ਰਾਹ ਚ ਠਹਿਰਾਂ ਕਰਦੇ ਜਾਣਾ ਤੇ ਕਰਦੇ ਈ ਆਉਣਾ। ਆਜ਼ਾਦੀ ਤੋਂ ਪਹਿਲਾਂ ਜਿਹੜਾ ਅੰਗਰੇਜ਼ਾਂ ਦੇ ਖਿਲਾਫ਼ ਬੋਲਦਾ ਸੀ, ਉਹਦਾ ਬੋਲਬਾਲਾ ਸੀ। ਆਲਮ ਅੰਗਰੇਜਾਂ ਦੇ ਖਿਲਾਫ਼ ਬੋਲਦਾ ਸੀ। ਫਿਰ ਰਹਿੰਦੀ ਉਮਰ ਇਹਦਾ ਤਾਣ ਆਮ ਲੋਕਾਂ ਦੇ ਹੱਕ ਚ ਬੋਲਦਾ ਰਿਹਾ।

ਸਟੇਜ ਦਾ ਧਨੀ ਆਲਮ ਕਵੀ ਦਰਬਾਰਾਂ ਦੀ ਸ਼ਾਨ ਹੁੰਦਾ ਸੀ। ਇਹਦੀ ਕਵਿਤਾ ਦੀ ਡਿਲਿਵਰੀ ਤੇ ਅਦਾਇਗੀ ਕੀਲ ਲੈਂਦੀ ਸੀ। ਆਮ ਕਵੀ ਦਰਬਾਰਾਂ ਤੇ ਇਹਦੀ ਚੜ੍ਹ ਮਚਦੀ। ਕਾਮਰੇਡਾਂ ਦੀਆਂ ਸਟੇਜਾਂ ਤੇ ਇਹਦਾ ਵੱਖਰਾ ਟੌਹਰ ਹੁੰਦਾ ਸੀ। ਸਾਰੇ ਸੁਣਨ ਸੁਣਾਉਣ ਵਾਲ਼ੇ ਘਰ ਦੇ ਬੰਦੇ ਹੁੰਦੇ ਸੀ -ਆਵਦੇ। ਵਿਚਾਰਾਂ ਦੀ ਸਾਂਝ ਵਾਲ਼ੇ। ਖੁੱਲ੍ਹਦਿਲੀ ਨਾਲ ਦਾਦ ਮਿਲਣੀ – ਇਨਾਮ ਸ਼ਿਨਾਮ ਵੀ। ਇਨਕਲਾਬੀਆਂ ਦੀਆਂ ਸਟੇਜਾਂ ਵੀ ਬੰਨਹੀਂ ਰੱਖਣੀਆਂ ਇਹਨੇ।

ਤਰਸੇਮ ਪੁਰੇਵਾਲ ਤੇ ਸੰਤੋਖ, ਸ਼ਿਵ ਨੂੰ ਲੈ ਕੇ ਵੁਲਵਰਹੈਂਪਟਨ ਕਵੀ ਦਰਬਾਰ ਤੇ ਪਹੁੰਚ ਗਏ। ਮੋਹਰੇ ਆਲਮ ਪੂਰੇ ਜਲੌਅ ਚ ਸਟੇਜ ਤੇ ਮੇਲਦਾ ਫਿਰੇ। ਇਹ ‘ਇਲੈਕਸ਼ਨ’ ਕਵਿਤਾ ਬੋਲਦਾ ਸੀ। ਓਧਰੋਂ ਆਲਮ ਨੇ ਕਵਿਤਾ ਦੀ ਸਤਰ ਕਹੀ: ਚੱਕੇ ਹੋਏ ਪੁਰਾਣੀਆਂ ਚੌਧਰਾਂ ਦੇ, ਚੰਡੀਗੜੋਂ ਮਸ਼ਹੂਰ ਭਲਵਾਨ ਆ ਗਏ’ ਤੇ ਓਧਰੋਂ ਸ਼ਿਵ ਹਾਲ ਚ ਜਾ ਵੜਿਆ। ਬੜਬੋਲਾ ਸ਼ਿਵ ਕਹਿੰਦਾ: ਹਾਂ ਹਾਂ, ਮੈਂ ਵੀ ਓਸੇ ਚੰਡੀਗੜੋਂ ਹੀ ਆਇਆਂ। ਆਲਮ ਤਾਂ ਛਾਇਆ ਹੋਇਆ ਸੀ। ਸ਼ਿਵ ਦੀ ਕੀ ਪੁੱਛ ਹੋਣੀ ਸੀ ਓਥੇ। ਸਾਹਿਤ ਅਕੈਡਮੀਏਂ ਸ਼ਿਵ ਦੇ ਮਾਣ ਚ ਰੱਖੀਆਂ ਕਈ ਪਾਰਟੀਆ ਦੀਆਂ ਵੀ ਫੂਕਾਂ ਈ ਨਿਕਲ਼ ਗਈਆ। ਲੋਕਾਂ ਸੁਣਿਆ ਈ ਨਾ ਜਾਂ ਬੋਲਣ ਹੀ ਨਾ ਦਿੱਤਾ। ਸ਼ਿਵ ਨੇ ਕਹਿਣਾ ਓਏ ਤੁਸੀਂ ਆਹ ਬੁੜ੍ਹੇ ਨੂੰ ਹੀ ਸਿਰ ’ਤੇ ਚੁਕੀ ਜਾਨੇ ਓਏ, ਮੈਂ ਨਹੀਂ ਦੀਹਦਾ ਤੁਹਾਨੂੰ। ਆਲਮ ਸ਼ਿਵ ਨੂੰ ਚੰਗਾ ਕਵੀ ਤਾਂ ਮੰਨਦਾ ਸੀ ਪਰ ਜਮਾਤੀ ਸੂਝ ਤੋਂ ਅਣਭਿੱਜ। ਆਲਮ ਦੇ ਇਕ ਦੌਰੇ ਵੇਲੇ ਅੰਮ੍ਰਿਤਾ ਪ੍ਰੀਤਮ ਵੀ ਵਲੈਤ ਆਈ ਹੋਈ ਸੀ। ਫਿਰ ਵੀ ਆਲਮ ਦਾ ਜਾਦੂ ਘਟਿਆ ਨਾ।

ਖ਼ੂਬਸੂਰਤੀ ਦਾ ਇਹਦਾ ਆਪਣਾ ਸੰਕਲਪ ਸੀ। ਇਹਦਾ ਬਿਆਨ ਪਾਸ਼ ਨੇ ‘ਸਿਆੜ’ ਵਿਚ ਆਲਮ ਬਾਰੇ ਲੇਖ ਛਾਪ ਕੇ ਕੀਤਾ ਸੀ: ‘ਉਹ ਜਮਾਤੀ ਨਫ਼ਰਤ ਵਿਚ ਗੜੁਚ ਹੋਈ ਇਕ ਖੜਕਦੀ ਸਖ਼ਸ਼ੀਅਤ ਹੈ। ਉਹ ਅਪਣੇ ਲੋਕਾਂ ਨੂੰ ਪਹਾੜਾਂ ਵਾਂਗ ਅੜ ਕੇ ਖਲੋਤੇ ਦੇਖਣਾ ਚਾਹੁੰਦਾ ਹੈ। ਮੈਂ ਤਾਂ ਇਹਨਾਂ ਨੂੰ ਕਹਿੰਦਾਂ ਹੁੰਨਾਂ, ਤੁਸੀਂ ਸਰਦਾਰਾਂ ਦੇ ਘੜੇ ਹੋਏ ਰਸਮਾਂ, ਰਵਾਇਤਾਂ ਤੇ ਸੰਸਕਾਰਾਂ ਦਾ ਬਾਈਕਾਟ ਕਰੋ।’ ਅੱਗੇ ਜਾ ਕੇ ਪਾਸ਼ ਆਲਮ ਦੀ ਕਰਮਭੂਮੀ ਦਾ ਨਕਸ਼ਾ ਖਿਚਦਾ ਹੈ: ‘‘ਥਾਂ ਥਾਂ ਤੇ ਬੰਨ੍ਹੇ ਹੋਏ ਡੰਗਰਾਂ ਤੇ ਨੰਗ ਧੜੰਗੇ ਖਾਂਦੇ ਬੱਚਿਆਂ ਦੇ ਝੁਰਮਟ ਸਨ। ਹਾੜ੍ਹ ਦੀ ਲੱਗੀ ਹੋਈ ਦੁਪਹਿਰੇ ਵੀ ਮੁਹੱਲੇ ਵਿਚ ਆਰਾਮ ਨਾਂ ਦੀ ਕੋਈ ਸ਼ੈਅ ਨਹੀਂ ਸੀ। ਚੌਹੀਂ ਪਾਸੀਂ ਇਕ ਕੁਹਰਾਮ ਜਿਹਾ ਮਚਿਆ ਹੋਇਆ ਸੀ। ਔਰਤਾਂ ਮਜ਼ੂਰੀ ਵਿਚ ਲਿਆਂਦੀਆਂ ਹੋਈਆਂ ਕਣਕ ਦੀਆਂ ਭਰੀਆਂ ਨੂੰ ਕੁੱਟ ਕੁੱਟ ਕੇ ਦਾਣੇ ਕੱਢ ਰਹੀਆਂ ਸਨ। ਛੱਜਾਂ ਦਾ ਧੀਮਾ ਖੜਕਾ। ਉੱਡ ਰਹੀ ਖ਼ੁਸ਼ਕ ਧੂੜ ਵਿਚ ਜ਼ਨਾਨੀਆਂ ਦੇ ਮੂਹਾਂ ਓਤੋਂ ਦੀ ਪੱਲੇ ਬੰਨ੍ਹੇ ਹੋਏ। ਪਸ਼ੂਆਂ ਦੇ ਮਲ ਮੂਤਰ ਦੀ ਤੇਜ਼ ਹਵਾੜ੍ਹ। ਸ਼ਾਇਦ ਇਕ ਕਵੀ ਦੇ ਰਹਿਣ ਲਈ ਇਹ ਦੁਨੀਆਂ ਦੀ ਸਭ ਤੋਂ ਯੋਗ ਥਾਂ ਸੀ। ਇਹ ਕਵਿਤਾ ਲਈ ਜ਼ਰਖ਼ੇਜ਼ ਭੂਮੀ ਸੀ।’’ਪਾਸ਼ ਇਹਨੂੰ ਅਸਲੀ ਇਨਕਲਾਬੀ ਲੋਕ ਕਵੀ ਕਹਿੰਦਾ ਸੀ।

ਆਲਮ ਮੈਨੂੰ ਕਹਿੰਦਾ ਭਲਾ ਤੂੰ ਦੱਸ, ਬਈ ਕਾਲ਼ੇ ਰੰਗ ਨੂੰ ਕਿਹੜਾ ਕੋਹੜ ਹੋਇਆ ਹੋਇਆ। ਰੰਗ ਤਾਂ ਦੋ ਈ ਹੋਣੇ ਆ। ਜੇ ਸਾਡੇ ਰੰਗ ਰਤਾ ਕੁ ਕਾਲ਼ੇ ਆ ਤਾਂ ਲੋਹੜਾ ਕੀ ਆ ਗਿਆ। ਬਥੇਰੀ ਦੁਨੀਆਂ ਕਾਲ਼ੇ ਰੰਗ ਦੀ ਆ। ਅਫ਼ਰੀਕਾ ਵਾਲ਼ੇ ਸਾਰੇ ਕਾਲ਼ੇ ਆ। ਇਹਦੇ ਵਿਚ ਸਾਡਾ ਕਸੂਰ ਵੀ ਕੀ ਆ। ਸਾਡਾ ਆਪਣਾ ਸੁਹਜ ਹੈ। ਮੈਨੂੰ ਤਾਂ ਹੁਣ ਸਗੋਂ ਮਾਣ ਆ ਕਾਲ਼ੇ ਰੰਗ’ਤੇ। ‘ਗੋਰਾ ਰੰਗ ਟਿੱਬਿਆਂ ਦਾ ਰੇਤਾ ਹਵਾ ਆਈ ਉੱਡ ਜਾਊਗਾ’ ਲੋਕ ਬੋਲੀ ਕਹਿਕੇ ਇਹਨੇ ਮੈਨੂੰ ਸਵੈਮਾਣ ਚ ਲੱਥ ਪੱਥ ਹੋਰ ਗੀਤ ਸੁਣਾਇਆ:

ਮਾਹੀ ਮੇਰਾ ਕਾਲ਼ੇ ਰੰਗ ਦਾ
ਵਿਹੜੇ ਵੜਦਾ ਤੇ ਚੰਨ ਚੜ੍ਹ ਜਾਂਦਾ

ਜੱਗ ਦੀ ਭਲਾਈ ਵਾਸਤੇ
ਬੇਹੀਆਂ ਰੋਟੀਆਂ ਮਿਰਚ ਨਾਲ਼ ਖਾਦਾਂ

ਕੱਲਾ ਓਹ ਕਮਾਊ ਘਰ ਚੋਂ
ਚੌਂਹ ਜੀਆਂ ਦੀ ਖਿੱਚੇ ਹਰਨਾੜੀ,
ਲੂਣ ਤੇਲ ਚਾਹ ਨਾ ਚੁੱਕੇ
ਓਹਦੀ ਚਾਰ ਮੰਜ ਦਮੜੇ ਦਿਹਾੜੀ

ਜੁਆਕਾਂ ਨੂੰ ਪੜ੍ਹੌਣ ਬਦਲੇ,
ਘਾਹ ਖੋਤ ਕੇ ਦਿਹਾੜੀ ਜਾਂਦਾ।

ਮਾਹੀ ਮੇਰਾ ਕਾਲ਼ੇ ਰੰਗ ...

ਕਣਕਾਂ ਦੇ ਝਾੜ ਵੱਧ ਗਏ,
ਓਹਤੋਂ ਵੱਧ ਵਧ ਗਈ ਮਹਿੰਗਾਈ।
ਔਖਾ ਹੋਇਆ ਢਿੱਡ ਤੋਰਨਾ,
ਦੱਸੋਂ ਕਿੱਥੋਂ ਮੈਂ ਭਰਾ ਦਿਆ ਰਜਾਈ।

ਉੱਤੇ ਲੈ ਕੇ ਸੌਂਦਾ ਚਾਦਰੀ,
ਹੇਠਾਂ ਬੋਰੀਆਂ ਦੇ ਤੱਪੜ ਵਿਛਾਂਦਾ।

ਮਾਹੀ ਮੇਰਾ ਕਾਲ਼ੇ ਰੰਗ.........

ਜਦੋਂ ਮੈਂ ਵਿਆਹੀ ਆਈ ਸੀ,
ਦੋ ਹਜ਼ਾਰ ਦਾ ਸੀ ਢੋਲ ਪਥੇਰਾ।
ਰਾਜ ਸੀ ਫਰੰਗੀਆਂ ਦਾ,
ਕਦੇ ਮੁੱਕਾ ਨਹੀਂ ਸੀ ਘਰ ਚੋਂ ਲਵੇਰਾ।
ਦੋਂਹ ਮੋਹਰੇ ਗਾਰਾ ਸੁੱਟਕੇ,
ਘਾਣੀ ਪੁੱਟ ਕੇ ਇੱਟਾਂ ਸੀ ਲਾਂਦਾ।

ਮਾਹੀ ਮੇਰਾ ਕਾਲ਼ੇ ਰੰਗ......

ਮੈਨੂੰ ਕਹਿੰਦਾ ਮੇਰੇ ਹੁੰਦਿਆਂ,
ਨੀ ਤੂੰ ਕਿਓਂ ਤਕਲੀਫ਼ ਉਠਾਵੇਂ।
ਹੱਸ ਹੱਸ ਰੋਜ਼ ਦੱਸਦਾ ,
ਗੱਲਾਂ ਬੈਠ ਤਾਰਿਆਂ ਦੀ ਛਾਵੇਂ।
ਆ ਜਾਣਾ ਰਾਜ ਆਪਣਾ,
ਸਾਨੂੰ 'ਆਲਮ' ਐਲਾਨ ਸੁਣਾਂਦਾ।

ਮਾਹੀ ਮੇਰਾ ਕਾਲ਼ੇ ਰੰਗ ਦਾ......

ਏਦਾਂ ਦੀ ਕਵਿਤਾ ਮੈਂ ਕਦੇ ਨਹੀਂ ਸੀ ਸੁਣੀ। ਇਹ ਬਿੰਬ ਸ਼ੈਲੀ ਹੋਰ ਕਿਤੇ ਨਹੀਂ ਸੀ ਮਿਲਦੀ। ਇਹ ਆਲਮ ਹੀ ਕਰ ਸਕਦਾ ਸੀ। ਗੱਲਾਂ ਕਰਦਿਆਂ ਨੂੰ ਪਤਾ ਈ ਨਾ ਲੱਗਾ ਕਿ ਰਾਤ ਕਦੋਂ ਨਿਕਲ਼ ਗਈ। ਨ੍ਹੇਰਾ ਛਿੱਦਣਾ ਸ਼ੁਰੂ ਹੋ ਗਿਆ ਸੀ। ਸੂਰਜ ਦੀ ਟਿੱਕੀ ਉੱਠ ਰਹੀ ਸੀ। ਆਲਮ ਨੇ ਅਪਣਾ ਸਾਫਾ ਝਾੜਿਆ। ਮੈਂ ਦੋ ਕੱਪ ਚਾਹ ਮੰਗਾਈ। ਆਲਮ ਨੇ ਖੱਬੇ ਹੱਥ ਦੇ ਪੋਟਿਆਂ ਚ ਕੱਚ ਦਾ ਗਿਲਾਸ ਘੁੰਮਾਉਂਦਿਆਂ ਚਾਹ ਦੇ ਸੜ੍ਹਾਕੇ ਮਾਰ ਲਏ। ਅਸੀਂ 'ਕੱਠੇ ਬੱਸ ਅੱਡੇ ਨੂੰ ਹੋ ਤੁਰੇ। ਰਾਤ ਵਾਲ਼ੇ ਕਈ ਭੌਰ ਭਾਨ ਦੇ ਮਾਰੇ, ਮੂੰਹ ਟੱਡੀ ਅੱਡੇ 'ਤੇ ਉਬਾਸੀਆਂ ਮਾਰਦੇ ਫਿਰਨ। ਕਿਸੇ ਨੇ ਆਲਮ ਨੂੰ ਸਾਹਬ ਸਲਾਮ ਨਾ ਕੀਤੀ। ਮੈਂ ਤਾਂ ਕਿਹਦੇ ਪਾਣੀਹਾਰ ਸੀ। ਆਲਮ ਨੂੰ ਇਹਦੀ ਕੋਈ ਪਰਵਾਹ ਨਹੀਂ ਸੀ, ਉਹਦਾ ਮਿਸ਼ਨ ਬੜਾ ਵੱਡਾ ਸੀ।

ਨਕੋਦਰੋਂ ਨਿਕਲ਼ਿਆ ਸਾਡਾ ਪੂਰ ਜਲੰਧਰ ਆ ਕੇ ਖਿੱਲਰ ਗਿਆ। ਕੁਝ ਬੀ ਐੱਡ ਕਰਨ ਮਿੰਟਗੁਮਰੀ ਕਾਲਜ ਆ ਗਏ, ਕੁਝ ਦੁਆਬੇ ਕਾਲਜ ਤੇ ਕੁਝ ਡੀ ਏ ਵੀ ਕਾਲਜ। ਮੈਂ ਖ਼ਾਲਸਾ ਕਾਲਜ ਪੰਜਾਬੀ ਦੀ ਐਮ ਏ ਕਰਨ ਲੱਗਾ। ਕਦੇ ਕਦਾਈਂ ਨਕੋਦਰੀਏ ਸੱਜਣ-ਬੇਲੀ ਮਿਲ ਬਹਿੰਦੇ ਸਾਂ। ਜਾਂ ਫਿਰ ਬੱਸਾਂ ਚ ਸਾਬ੍ਹ ਸਲਾਮ ਹੋ ਜਾਂਦੀ। ਗ਼ਜ਼ਲਗੋ ਭਜਨ ਆਦੀ ਨੇ ਮੈਨੂੰ ਸੁਦੇਸ਼ ਕਲਿਆਣ ਨਾਲ ਮਿਲਾਇਆ। ਕਹਿੰਦਾ: ਇਹ ਆਲਮ ਦੀ ਧੀ ਆ। ਮੈਨੂੰ ਚਾਅ ਚੜ੍ਹ ਗਿਆ। ਇਹ ਭਜਨ ਨਾਲ ਹੀ ਬੀ ਐੱਡ ਕਰਦੀ ਸੀ - ਮਿੰਟਗੁਮਰੀ ਕਾਲਜ। ਥੋੜ੍ਹ ਚਿਰਾ ਮੇਲ ਸੀ - ਕੁਝ ਪਲਾਂ ਦਾ। ਇਨ੍ਹਾਂ ਨੂੰ ਵੀ ਕਾਹਲ਼ ਸੀ ਤੇ ਮੈਨੂੰ ਵੀ। ਫਿਰ ਮਿਲਣ ਦੇ ਭਰੋਸੇ ਅਸੀਂ ਆਪੋ ਅਪਣੇ ਰਾਹ ਪਏ। ਮੈਂ ਸੁਦੇਸ਼ ਨਾਲ਼ ਬਾਪ-

ਆਲਮ ਬਾਰੇ ਰੱਜ ਕੇ ਗੱਲਾਂ ਕਰਨੀਆਂ ਸੀ। ਉਹਦੇ ਸੁਭਾਅ ਦੀਆਂ। ਕਹਿਣੀ ਕਰਨੀ ਦੀਆਂ। ਮੇਰੇ ਮਨ ਚ ਹੋਰ ਵਧੇਰੇ ਜਾਨਣ ਦੀ ਭੁੱਖ ਸੀ। ਮੁੜ ਮੇਲ਼ ਨਾ ਹੋਇਆ।

ਪਿਆਰ ਮਨੁੱਖੀ ਫ਼ਿਤਰਤ ਹੈ। ਜ਼ਿੰਦਗ਼ੀ ਦਾ ਸੱਚ। ਮੁਹੱਬਤਾਂ ਸਾਰਿਆਂ ਨੂੰ ਹੋ ਜਾਂਦੀਆਂ ਨੇ। ਆਲਮ ਇਹਦੇ ਬਾਰੇ ਇਸ਼ਾਰੇ ਹੀ ਕਰਦਾ ਹੈ। ਗ਼ਰੀਬ ਦਾ ਪਿਆਰ ਬੁੱਕਲ਼ ਦਾ ਗੁੜ ਹੁੰਦਾ ਹੈ – ਭੋਰ ਭੋਰ ਕੇ ਖਾਣ ਨੂੰ। ਆਲਮ ਕਿਤੇ ਕਹਿੰਦਾ ਹੈ: ਤੂੰ ਮੈਨੂੰ ਮਿਲਣ ਆਈਂ, ਨਕੋਦਰ ਦੇ ਮਕ਼ਬਰੀਂ ਤੇ ਕਿਤੇ ਹੋਰ ਧੀਮੀ ਸੁਰ ਚ ਹੁੰਗੇ ਜਿਹੇ ਮਾਰਦਾ ਹੈ।

ਆਲਮ ਨੇ ਯੁੱਗ ਪੁਰਸ਼ਾਂ ਨੂੰ ਮੁਖ਼ਾਤਿਬ ਕਵਿਤਾਵਾਂ ਵੀ ਲਿਖੀਆਂ ਸਣੇ ਨਾਨਕ, ਰਵਿਦਾਸ, ਲਾਲੋ, ਮਰਦਾਨਾ, ਧੰਨਾ ਭਗਤ ਤੇ ਅੰਬੇਡਕਰ ਨੂੰ। ਏਸ ਬਹਾਨੇ ਆਲਮ ਨੇ ਇਨ੍ਹਾਂ ਨਾਲ ਗੋਸ਼ਟਿ ਕੀਤੀ। ਇਨ੍ਹਾਂ ਦੀ ਗੱਲ ਵੀ ਅੱਗੇ ਵਧਾਈ।

ਆਲਮ ਅਪਣੇ ਪਿੰਡ ਦੇ ਦੋ ਬੰਦਿਆਂ ਦੇ ਵਧੇਰੇ ਨੇੜੇ ਸੀ; ਇਨ੍ਹਾਂ ਨਾਲ਼ ਸਿਰ ਜੋੜ ਤੁਰਿਆ ਵੀ। ਮਾਰਕਸੀ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਤੇ ਪੰਡਤ ਬਖਸ਼ੀ ਰਾਮ। ਦੋਵੇਂ ਨਿਰੋਲ ਸਿਆਸੀ ਜੀਵ: ਦੋਹਾਂ ਨੇ ਅਪਣੇ ਅਪਣੇ ਥਾਂ ਵੱਡੇ ਮਾਅਰਕੇ ਮਾਰੇ। ਆਲਮ ਨੇ ਵੀ ਘੱਟ ਤਾਂ ਨਾ ਸੀ ਕੀਤੀ। ਬੁੰਡਾਲ਼ੇ ਦੇ ਇਨ੍ਹਾਂ ਜਣਿਆਂ ਨੇ ਇਹਦਾ ਨਾਂ ਹੋਰ ਵਡਿਆਇਆ। ਕਾਮਰੇਡ ਸੁਰਜੀਤ ਉੱਚੀਆਂ ਪੌੜੀਆਂ ਚੜ੍ਹ ਗਿਆ। ਆਲਮ ਦਾ ਫ਼ੋਕਸ ਵੱਡਾ ਰਿਹਾ; ਵਿਚਾਰਧਾਰਾ ਦਾ। ਦੱਬਿਆਂ ਕੁਚਲਿਆਂ ਦੀ ਮੁਕਤੀ ਦਾ। ਇਹ ਬਖਸ਼ਦਾ ਕਿਸੇ ਨੂੰ ਨਾ ਸੀ। 'ਭਾਰਤੀ ਸੋਧਵਾਦੀ ਨੂੰ' ਨਾਂ ਦੀ ਕਵਿਤਾ ਚ ਇਹ ਅਪਣੀ ਧਿਰ ਦਿਆਂ ਨੂੰ ਵੀ ਲੰਮੇ ਹੱਥੀਂ ਲੈਂਦਾ ਹੈ; ਪਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 'ਮਹਿਮਾ' ਚ ਆਲਮ ਨੇ ਲਿਖਿਆ ਸੀ:

ਚੱਕ ਕੇ ਟਿੰਡ ਫੌੜ੍ਹੀ ਰਾਹ ਚੋਂ ਪਰ੍ਹੇ ਹੋ ਜਾਹ,
ਏਥੋਂ ਲੋਕਾਂ ਦਿਆਂ ਲੀਡਰਾਂ ਨੇ ਲੰਘਣਾ ਏ।

ਪਾਕਿਸਤਾਨ ਬਣੇ ਤੋਂ ਬਾਅਦ ਵੀ ਇਹਦੀ ਠਾਠ ਓਧਰ ਬਣੀ ਰਹੀ। ਚਿਰਾਗ਼ਦੀਨ ਦਾਮਨ ਦੇ ਮੁਕਾਬਲੇ ਦਾ ਸ਼ਾਇਰ ਤਾਂ ਇਹ ਸੀਗਾ ਹੀ, ਬਜ਼ਾਤੇ-ਖ਼ੁਦ ਵੀ ਦਾਮਨ ਇਹਨੂੰ ਵੱਡਾ ਸ਼ਾਇਰ ਮੰਨਦਾ ਸੀ। ਉਹ ਇਹਦੇ ਜਲਵੇ ਰੌਲ਼ਿਆਂ ਤੋਂ ਪਹਿਲਾਂ ਦੇਖ ਚੁੱਕਾ ਸੀ। ਇਹਦੀ ਖ਼ੈਰ ਸੁੱਖ ਦਾ ਮੱਦਾਹ ਸੀ। ਆਏ ਗਏ ਤੋਂ ਉਹ ਇਹਦਾ ਹਾਲ ਹਵਾਲ ਪੁੱਛਦਾ ਰਹਿੰਦਾ ਸੀ। ਦਾਮਨ ਦੀ ਬਹੁਤੀ ਮਸ਼ਹੂਰੀ ਡਿਕਟੇਟਰਾਂ ਨਾਲ਼ ਮੱਥਾ ਲਾਉਣ ਕਰਕੇ ਹੋਈ ਸੀ।

ਆਲਮ ਦਸਦਾ ਸੀ, ਸਾਧੂ ਸਿੰਘ ਹਮਦਰਦ ਵੀ ਇਹਦਾ ਰੌਲ਼ਿਆ ਤੋ ਪਹਿਲਾਂ ਦਾ ਹੀ ਚੰਗਾ ਜਾਣੂੰ ਸੀ। ਇਹਤੋਂ ਖਾਰ ਵੀ ਖਾਂਦਾ ਸੀ। ਖਾਰ ਦੀ ਵਜ੍ਹਾ ਤਾਂ ਜੱਗ ਜ਼ਾਹਿਰ ਈ ਸੀ। ਉਹ ਹੁਣ ਸਰਦੀ ਪੁਜੱਦੀ, ਪਹੁੰਚ ਵਾਲ਼ੀ ਸਾਮੀ ਸੀ ਤੇ ਆਲਮ ਹਮਾਤੜ ਦਾ ਹਮਾਤੜ ਰਿਹਾ। ਪਰ ਹਮਦਰਦ ਦੀ ਕਵਿਤਾ ਨਾ ਪਹਿਲਾਂ ਇਹਦੇ ਮੋਹਰੇ ਚਲਦੀ ਸੀ, ਨਾ ਹੁਣ। ਪਾਸ਼ ਦੀ ਕਵਿਤਾ ਨੂੰ ਇਹ ਚੰਗੀ ਮੰਨਦਾ ਸੀ। ਕਹਿੰਦਾ: ਏਨੀ ਛੋਟੀ ਉਮਰੇ ਏਦਾਂ ਦੀ ਕਵਿਤਾ? ਏਸ ਮੁੰਡੇ ਦਾ ਜ਼ਰੂਰ ਵੱਡਾ ਨਾਂ ਹੋਊ। ਗੁਆਂਢੀ ਜਗਤਾਰ ਦਾ ਵੀ ਇਹ ਮਾਣ ਕਰਦਾ ਸੀ।

ਕਵੀ ਦਰਬਾਰਾਂ ਦੇ ਦੌਰ ਚ ਵਿਧਾਤਾ ਸਿੰਘ ਤੀਰ, ਗੁਰਦਿਤ ਸਿੰਘ ਕੁੰਦਨ, ਸਫ਼ਰੀ, ਹਸਨਪੁਰੀ, ਬਰਕਤ ਰਾਮ ਯੁਮਨ, ਨੂਰਪੁਰੀ, ਮੁਣਸ਼ਾ ਸਿੰਘ ਦੁਖੀ, ਨਾਜ਼ਰ ਸਿੰਘ ਤਰਸ ਇੱਕਠੇ ਹੁੰਦੇ। ਇਹ ਕਵੀ ਦਰਬਾਰਾਂ ਦੀ ਟੌਹਰ ਬਣਿਆ ਰਿਹਾ। ਨੂਰਪੁਰੀ ਦੀ ਅਣਆਈ ਮੌਤ ਨੇ ਆਲਮ ਨੂੰ ਪ੍ਰੇਸ਼ਾਨ ਕੀਤਾ। ਦੁੱਖੀ ਹੋਏ ਆਲਮ ਨੇ ਨੂਰਪੁਰੀ ਲਈ ਵਿਰਲਾਪ ਲਿਖਿਆ। ਹਾਕਮਾਂ ਨੂੰ ਲਾਹਨਤਾਂ ਪਾਈਆਂ, ਜਿਨ੍ਹਾਂ ਵੇਲੇ ਸਿਰ ਨੂਰਪੁਰੀ ਦੀ ਬਾਤ ਤਾਂ ਪੁੱਛੀ ਨਾ ਪਰ ਹੁਣ ਮੂੰਹ ਰਖਾਈ ਕਰਦੇ ਫਿਰਦੇ ਸੀ:

ਪੰਜਾਬੀ ਗੀਤਾਂ ਦੇ ਸ਼ਹਿਨਸ਼ਾਹ ਨੂਰਪੁਰੀਆ,
ਅੱਖਾਂ ਮੀਟ ਕੇ ਕਹਿਰ ਗੁਜ਼ਾਰ ਗਿਓਂ
ਹਮਦਮ, ਸ਼ਰਫ਼, ਸ਼ਹੀਦ, ਖੁਸ਼ਨੀਦ ਪਿੱਛੇ,
ਚਾਤਰਿਕ ਵਾਂਗ ਉਡਾਰੀਆਂ ਮਾਰ ਗਿਓਂ

ਸਾਡੇ ਗਿੱਧੇ ਸਿਆਪਿਆਂ ਵਿਚ ਬਦਲੇ,
ਹਾਸੇ ਖੋਹ ਕੇ ਗ਼ਮੀਆਂ ਖਿਲਾਰ ਗਿਓਂ

……………

ਤੇਰੇ ਹੁੰਦਿਆਂ ਸਾਰੇ ਪੰਜਾਬ ਅੰਦਰ,
ਜਣਾ ਖਣਾ ਹੀ ਭੰਗੜੇ ਪਾ ਰਿਹਾ ਸੀ,
ਸ਼ੌਕਣ ਮੇਲੇ ਦੀ ਜਦੋਂ ਤਿਆਰ ਹੋਈ,

ਕੈਂਠੇ ਵਾਲ਼ਾ ਪਰਾਹੁਣਾ ਵੀ ਆ ਰਿਹਾ ਸੀ।

............

ਮੈਨੂੰ ਗ਼ਿਲਾ ਹੈ ਵਕਤ ਦੇ ਹਾਕਮਾਂ ਤੇ,
ਜਿਹਨਾਂ ਦੁਸ਼ਮਣੀ ਖਾਹ ਮਖਾਹ ਕੀਤੀ
ਤੇਰੇ ਮਰੇ ਤੇ ਮੱਦਤਾਂ ਦੇਣ ਆਏ,
ਤੇਰੇ ਜੀਉਂਦੇ ਦੀ ਨਹੀਂ ਪ੍ਰਵਾਹ ਕੀਤੀ।

ਭਾਰਤ ਵਿਚਲੇ ਜਿੰਨੇ ਕਵੀ ਦਰਬਾਰਾਂ 'ਤੇ ਆਲਮ ਜਾਂਦਾ, ਇਹਦੀ ਕਵਿਤਾ ਦੀ ਝੰਡੀ ਰਹਿੰਦੀ। ਇਹਨੂੰ ਸੁਣਨ ਤੋਂ ਬਾਅਦ ਸੁਣਨ ਵਾਲ਼ੇ ਦੂਸਰਿਆਂ ਨੂੰ ਨਾ ਸੁਣਦੇ। ਪ੍ਰਬੰਧਕਾਂ ਲਈ ਇਹ ਸਿਰਦਰਦੀ ਬਣਦੀ। ਜੇ ਦੂਸਰੇ ਕਵੀਆਂ ਨੂੰ ਨਾ ਬੁਲਾਉਂਦੇ ਤਾਂ ਉਹ ਨਾਰਾਜ਼ ਹੁੰਦੇ, ਜੇ ਬੁਲਾ ਲੈਂਦੇ ਤਾਂ ਸਰੋਤੇ ਝੱਜੂਹਾਰਾ ਪਾ ਬਹਿੰਦੇ। ਦੱਸਣ ਵਾਲ਼ੇ ਦਸਦੇ ਹਨ ਕਿ ਸ਼ਿਮਲੇ ਕਵੀ ਦਰਬਾਰ ਤੇ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨੂੰ ਸੁਣਨ ਤੋਂ ਇਨਕਾਰੀ ਹੋ ਗਏ। ਉਹ ਕਹਿਣ: ਆਲਮ ਕੋਲੋਂ ਈ ਹੋਰ ਸੁਣਾਓ, ਬਾਕੀ ਦਿਆਂ ਨੂੰ ਰਹਿਣ ਦਿਓ।

ਪੰਜਾਬੀ ਦੇ ਨਾਮੀ ਕਵੀ ਜਸਵੰਤ ਸਿੰਘ ਨੇਕੀ ਨੇ ਆਲਮ ਦਾ ਜ਼ਿਕਰ ਬੜੇ ਮਾਣ ਨਾਲ਼ ਕੀਤਾ ਹੈ। ਇਹ ਦੋਹਾਂ ਦੀ ਵਡਿਆਈ ਹੈ:

> *ਗੁਰਦਾਸ ਰਾਮ ਆਲਮ ਗੁਰਮੁਖੀ ਤੋਂ ਇਲਾਵਾ ਕੁਝ ਵੀ ਨਹੀਂ ਸੀ ਪੜ੍ਹਿਆ ਹੋਇਆ, ਪਰ ਕਵੀ ਬੜਾ ਚੰਗਾ ਸੀ। ਵਾਰਿਸ ਸ਼ਾਹ ਦੀ ਹੀਰ ਉਸ ਨੂੰ ਕਰੀਬ ਕਰੀਬ ਸਾਰੀ ਕੰਠ ਸੀ। ਆਪ ਵੀ ਹਰ ਪ੍ਰਕਾਰ ਦਾ ਛੰਦ ਕਹਿ ਸਕਦਾ ਸੀ। ਕੋਇਟੇ ਇਨ੍ਹਾਂ ਕਵੀਆਂ ਨੇ ਰਲ਼ ਕੇ ਸਭਾ ਬਣਾਈ ਹੋਈ ਸੀ। ਉਸ ਨੇ ਸਮੇਂ ਸਮੇਂ ਕਵੀ ਦਰਬਾਰ ਆਯੋਜਤ ਕਰਨੇ। ਮੈਂ ਉਦੋਂ ਦਸਵੀਂ ਪਾਸ ਕੀਤੀ ਸੀ ਤੇ ਕਵਿਤਾ ਨੂੰ ਮੂੰਹ ਮਾਰਨ ਲੱਗ ਪਿਆ ਸਾਂ। ਉਦੋਂ ਕਵੀ ਸਭਾ ਨੇ ਇਕ ਕਵੀ ਦਰਬਾਰ ਆਯੋਜਨ ਕਰਨ ਦਾ ਪ੍ਰੋਗਰਾਮ ਬਣਾਇਆ ਜਿਸ ਦਾ ਤਰ੍ਹਾ ਮਿਸਰਾ ਸੀ, "ਤਕਦੀਰ ਨਾ ਕਿਸੇ ਤੋਂ ਹਟਦੀ ਵੇ" ਆਲਮ ਹੋਰਾਂ ਕਵੀ ਦਰਬਾਰ ਤੋਂ ਪਹਿਲਾਂ ਸਭ ਕਵੀਆਂ ਦੀਆਂ ਕਵਿਤਾਵਾਂ ਸੁਣੀਆਂ ਤੇ ਉਨਹਾਂ ਦੀ ਤਸਹੀਹ ਕੀਤੀ। ਮੇਰੀ ਕੱਚੀ-ਪਿੱਲੀ ਕਵਿਤਾ ਵੀ ਉਨਹਾਂ ਧਿਆਨ ਨਾਲ ਸੁਣੀ। ਫਿਰ ਕਹਿਣ ਲੱਗੇ, "ਅਜੇ ਕਵੀ ਦਰਬਾਰ ਵਿਚ ਸੁਨਾਉਣ ਜੋਗੀ ਨਹੀਂ ਹੋਈ " ਫਿਰ ਮੈਨੂੰ ਸਮਝਾਉਣ ਲੱਗੇ ਅਮਕੀ ਤੁਕ ਦਾ ਵਜ਼ਨ ਵਧ ਗਿਐ- ਵਿੱਚੋਂ ਅਮਕਾ ਸ਼ਬਦ ਘਟਾ ਦਿਓ, ਵਜ਼ਨ ਠੀਕ ਹੋ ਜਾਏਗਾ ਤੇ ਮਫ਼ਹੂਮ ਵੀ ਕਾਇਮ ਰਹੇਗਾ। ਕਈ ਥਾਂ ਤੇ ਕਾਫ਼ੀਏ ਬਦਲਣ ਦੀ ਸਲਾਹ ਵੀ ਦਿੱਤੀ। ਨਾਲ਼ੇ ਕਿਹਾ ਪਹਿਲਾ ਸ਼ੇਅਰ (ਮਤਲਾ) ਤੇ ਆਖ਼ਰੀ (ਮਕਤਾ) ਬੜੇ ਜਾਜ਼ਬ ਹੋਣ ਤਾਂ ਵਸਦੇ ਹਨ। ਇਸ ਕਵਿਤਾ ਨੂੰ ਜੇ ਸੋਧ ਸਕੋ ਤਾਂ ਚੰਗਾ ਰਹੇਗਾ। ......... ਜਦੋਂ ਆਪਣੀ ਵਾਰੀ ਆਉਣ ਤੇ ਮੈਂ ਆਪਣੀ ਕਵਿਤਾ ਸੁਣਾਈ ਤਾਂ ਇਕ ਨਵਾਂ ਆਤਮ ਵਿਸ਼ਵਾਸ਼ ਮੇਰੇ ਅੰਦਰ ਜਾਗ ਪਿਆ ਸੀ। ਮੇਰੀ ਕਵਿਤਾ ਬੜੀ ਚੰਗੀ ਵਸੀ। ਕੁਝ ਸਰੋਤਿਆਂ ਨੇ ਦੋ ਦੋ ਰੁਪਏ ਦੇ ਨੋਟ ਵੀ ਇਨਾਮ ਵਜੋਂ ਮੇਰੇ ਲਈ ਭੇਜੇ। ਉਨ੍ਹਾਂ ਵਿਚੋਂ ਇਕ ਗੁਰਦਾਸ ਰਾਮ ਆਲਮ ਆਪ ਵੀ ਸੀ, ਜਿਸ ਨੂੰ ਕੇਵਲ ਇਕ ਰੁਪਿਆ ਰੋਜ਼ ਮਜ਼ਦੂਰੀ ਮਿਲਦੀ ਸੀ। ਜਦ ਉਨਹਾਂ ਦਾ ਨਾਮ ਲਿਆ ਤਾਂ ਮੇਰੀਆਂ ਅੱਖਾ ਵਿਚੋਂ ਆਂਸੂ ਛਲਕ ਆਏ। ਮੈਂ ਸਟੇਜ ਤੇ ਖਲੋ ਕੇ ਕਿਹਾ ਕਿ, ਜੇ ਆਲਮ ਸਾਹਿਬ ਨੇ ਮੇਰੀ ਕਵਿਤਾ ਦੀ ਤਸ਼ਹੀਹ ਨਾ ਕੀਤੀ ਹੋਂਦੀ ਤਾਂ ਇਥੇ ਸੁਨਾਉਣ ਦੇ ਕਾਬਲ ਨਹੀਂ ਸੀ। ਇਹ ਇਨਾਮ ਜੋ ਸਰੋਤਿਆ ਨੇ ਮੈਨੂੰ ਦਿੱਤੇ ਹਨ ਇਹਦੇ ਅਸਲ ਹੱਕਦਾਰ ਆਲਮ ਸਾਹਿਬ ਹਨ, ਪਰ ਉਨ੍ਹਾਂ ਅਪਣੇ ਆਪ ਨੂੰ ਇਨਾਮ ਦੇਣ ਵਾਲ਼ਿਆਂ ਵਿਚ ਸ਼ਾਮਲ ਕਰਕੇ ਮੈਨੂੰ ਅਜੀਬ ਉਲਝਣ ਵਿਚ ਪਾ ਦਿੱਤਾ ਹੈ। ਮੈਂ ਕੇਵਲ ਉਨ੍ਹਾਂ ਦੇ ਚਰਨ ਛੂਹ ਕੇ ਆਪਣੀ ਕਿਰਤੱਗਤਾ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹਾਂ। ਤੇ ਮੈਂ ਕੋਲ ਬੈਠੇ ਆਲਮ ਦੇ ਪੈਰ ਛੂਹ ਲਏ। ...... ਗੁਰਦਾਸ ਰਾਮ ਆਲਮ ਹੋਰੀਂ ਕਿਤਿਓਂ ਆ ਗਏ। ਮੈਨੂੰ ਆਖਣ ਲੱਗੇ "ਤੁਸਾਂ ਇਕ ਦਿਨ ਮੇਰੇ ਪੈਰੀਂ ਹੱਥ ਲਾਇਆ ਸੀ, ਅੱਜ ਮੈਂ ਤੁਹਾਡੇ ਪੈਰੀਂ ਹੱਥ ਲਾਉਣ ਆਇਆਂ ਹਾਂ। ਮੈਂ ਤੁਹਾਡੀ ਪੁਸਤਕ ਪੜ੍ਹੀ ਹੈ, ਦਿਲ ਬਾਗ਼ ਬਾਗ਼ ਹੋ ਗਿਆ।" ਮੈ ਕਿਹਾ। "ਇਹ ਤੁਹਾਡੀ ਕੀਤੀ ਤਸਹੀਹ ਦਾ ਅਸਰ ਹੈ।" ਆਲਮ ਹੋਰਾਂ ਮੈਨੂੰ ਘੁੱਟ ਕੇ ਸੀਨੇ ਨਾਲ਼ ਲਾ ਲਿਆ।*

ਸੰਗੀ ਸਾਥੀ ਵੀ ਦਸਦੇ ਹਨ ਕਿ ਆਲਮ ਸਾਫ਼ ਦਿਲ, ਸੁਘੜ, ਕੋਮਲ ਭਾਵੀ, ਮਿਲਣਸਾਰ, ਨੇਕਬਖ਼ਤ ਬੰਦਾ ਸੀ, ਪਰ ਸੀ ਠਰ੍ਹੰਮੇ ਵਾਲ਼ਾ। ਬਿਨਾਂ ਕਿਸੇ ਝਿਜਕ, ਵਲ਼ ਫਰੇਬ ਦੇ ਗੱਲ ਕਹਿਣ ਵਾਲ਼ਾ। ਜੋ ਦਿਲ ਚ ਉਹੀ ਕਵਿਤਾ ਚ। ਏਦਾਂ ਦੀ ਈ ਇਹਦੀ ਕਵਿਤਾ ਸੀ – ਪਾਸ਼ ਦੇ ਆਖਣ ਵਾਂਗ "ਸ਼ੁੱਧ ਮਜ਼ਦੂਰ" ਜਮਾਤ ਦੀ ਕਵਿਤਾ– ਸਾਫ਼ ਸਪਾਟ। ਲੋਕਾਂ ਦੀ ਕਵਿਤਾ, ਲੋਕਾਂ ਲਈ। ਇਹਨੂੰ ਸਮਝਣ ਲਈ ਬਹੁਤਾ ਜ਼ੋਰ ਨਹੀਂ ਸੀ ਲਗਦਾ। ਨਾ ਇਹ ਆਪ ਤਿੰਘ ਤਿੰਘ ਲਿਖਦਾ ਸੀ, ਨਾ ਪੜ੍ਹਦਿਆਂ ਸੁਣਦਿਆਂ ਲੋਕਾਂ ਦੇ ਅੜ੍ਹਾਟ ਨਿਕਲ਼ਦੇ ਸੀ। ਆਲਮ ਨੇ ਏਥੇ ਆ ਕੇ ਕਿਸੇ ਅੱਗੇ ਹੱਥ ਨਾ ਅੱਡੇ ਸੀ। ਲੋਕਾਂ ਨੇ ਓਂ ਈ ਬੜਾ ਮਾਣ ਦਿੱਤਾ ਸੀ, ਇੰਗਲੈਂਡ ਵਿਚ। ਇਹ ਆਪਣਿਆਂ ਚ ਆ ਗਿਆ ਸੀ। ਜਿਸ ਕੰਮ ਲਈ ਆਇਆ ਸੀ, ਕਰਕੇ ਮੁੜ ਗਿਆ।

ਸ਼ਿਵ ਨੇ ਸਾਊਥਾਲ ਦੇ ਡੁਮੀਨੀਅਮ ਸਿਨਮੇ ਚ ਕਵਿਤਾ ਪੜ੍ਹੀ ਤਾਂ ਕੋਈ ਤਾੜੀ ਨਾ ਵੱਜੀ ਕਿਸੇ ਨੇ ਨਕਦ ਇਨਾਮ ਦਿੱਤਾ। ਸ਼ਿਵ ਬੌਂਦਲ ਗਿਆ। ਬੌਂਦਲਣਾ ਈ ਸੀ। ਉੱਚੀਆਂ ਉਡਾਰੀਆਂ ਭਰਦੇ ਸ਼ਿਵ ਨੂੰ ਧਰਤੀ ਤੇ ਲਹਿਣਾ ਪੈ ਗਿਆ ਸੀ। ਕਿਸੇ 'ਸਾਧਾਰਣ' ਕਵੀ ਅੱਗੇ ਸਾਹਿਤ ਅਕੈਡਮੀਏਂ ਨੂੰ ਨਿਵਣਾ ਪੈ ਗਿਆ।

1953-54 ਚ ਉੱਭਰੀ ਦਿਹਾਤੀ ਮਜ਼ਦੂਰ ਸਭਾ ਦਾ ਇਹ ਮੈਂਬਰ ਸੀ। ਹੋਰ ਅਹੁਦਿਆਂ ਤੇ ਵੀ ਰਿਹਾ। ਸਿਆਸੀ ਤੌਰ 'ਤੇ ਆਲਮ ਤਾਅ ਉਮਰ ਕਾਮਰੇਡਾਂ ਨਾਲ ਸੀ ਜਾਂ ਅੰਬੇਡਕਰ ਨਾਲ਼। ਇਹਦੀ ਕਵਿਤਾ ਜੁਝਾਰਵਾਦੀ ਤਾਂ ਨਾ ਸੀ, ਪਰ ਝੱਗੇ ਚੁਕਦੀ ਸੀ। ਤਿੱਖੇ ਵਾਰ ਕਰਦੀ ਸੀ। ਹਲੂਣੇ ਮਾਰਦੀ ਸੀ। ਜਦੋਂ 1956 ਚ ਬਾਬਾ ਅੰਬੇਡਕਰ ਜਲੰਧਰ ਬੂਟਾ ਮੰਡੀ ਆਇਆ, ਤਾਂ ਬਾਬੇ ਆਲਮ ਨੇ ਉਹਦੀ ਹਾਜ਼ਰੀ ਚ ਭੀਮ ਰਾਓ ਦੀ ਸਿਫ਼ਤ ਚ ਕਵਿਤਾ ਪੜ੍ਹੀ। ਬਾਬੇ ਆਲਮ ਦਾ ਜਾਦੂ ਫਿਰ ਚੱਲਿਆ - ਅੰਬੇਡਕਰ ਬਾਬੇ ਦੇ ਸਾਮ੍ਹਣੇ। ਮਰਾਠੀ ਅੰਬੇਡਕਰ ਨੂੰ ਪੰਜਾਬੀ ਆਉਂਦੀ ਸੀ ਜਾਂ ਨਹੀਂ - ਪਤਾ ਨਹੀਂ। ਪਰ ਲੋਕਾਂ ਦੇ ਉਮਾਹ ਤੋਂ ਜ਼ਰੂਰ ਪਤਾ ਲੱਗਿਆ ਹੋਊ ਕਿ 'ਕੋਈ ਗੱਲ ਹੋ ਰਹੀ ਹੈ'। ਹੁਣ ਤਾਈਂ ਬਾਹਰ-ਅੰਦਰ ਬੋਧੀ ਇਹ ਗੀਤ ਅਪਣੇ ਜਸ਼ਨ-ਮੇਲਿਆਂ ਤੇ ਪੂਰੇ ਮਾਣ ਨਾਲ਼ ਗਾਉਂਦੇ ਨੇ:

ਬੜਾ ਸ਼ੋਰ ਪੈਂਦਾ ਗ਼ਰੀਬਾਂ ਦੇ ਵਿਹੜੇ
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ

ਨਵੀਂ ਇਹਦੀ ਥਿਊਰੀ ਨਵਾਂ ਏਹਦਾ ਖਾਸਾ
ਇਹ ਜਿੰਦਗ਼ੀ ਦਾ ਚਾਹੁੰਦਾ ਬਦਲ਼ ਲੈਣਾ ਪਾਸਾ
ਲੁਕ ਲੁਕ ਰੋਂਦੇ ਸਿਆਸੀ ਲੁਟਰੇ.........
-
ਛੰਨਾ ਤੇ ਢਾਰਿਆ ਦਾ ਦਸਦਾ ਉਜਾਲਾ
ਆਲਮ ਚ ਹੈ ਹੁਣ ਕੁਛ ਹੋਣ ਵਾਲਾ
ਲੱਖਾਂ ਲੋਕ ਬਹਿੰਦੇ ਜੁੜ ਕੇ ਚੁਫੇਰੇ.........

ਆਲਮ ਖਰਾ ਇਨਕਲਾਬੀ ਲੋਕ ਕਵੀ ਸੀ। ਉਹ ਸਮਾਜ ਚ ਰਹਿ, ਖਹਿ ਕੇ ਤਿੱਖਾ ਹੋਇਆ। ਨਿਸ਼ਾਨੇ ਵੱਲ ਸੇਧ ਧਾਰੀ ਤੁਰਿਆ ਗਿਆ। ਅਖੀਰਲੇ ਦਿਨੀਂ ਆਪਣੀ ਧੀ ਸੁਦੇਸ਼ ਕੋਲ਼ ਰਿਹਾ। ਸੁਦੇਸ਼ ਵੀ ਕਵਿਤਾ ਲਿਖਦੀ ਸੀ। ਦੋਵੇਂ ਪਿਓ ਧੀ ਕਵਿਤਾ ਬਾਰੇ ਵਿਚਾਰਾਂ ਕਰਦੇ। ਹੋਰ ਗੱਲਾਂ ਵੀ ਕਰ ਲੈਂਦੇ ਸੀ। ਸੁਦੇਸ਼ ਭਾਗਾਂ ਵਾਲ਼ੀ ਹੈ, ਜਿਹਨੂੰ ਏਦਾਂ ਦਾ ਬਾਪ ਮਿਲਿਆ, ਜਿਹਦੇ ਬਾਰੇ ਕੋਈ ਮਾੜਾ ਨਹੀਂ ਕਹਿ ਸਕਦਾ। ਸਾਡੇ ਧੰਨਭਾਗ ਕਿ ਇਹ ਸਾਡੇ ਵੇਲ਼ਿਆ ਚ ਹੋਇਆ; ਸਾਨੂੰ ਇਹਦੇ ਦਰਸ਼ਣ ਹੋ ਗਏ। ◆